ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 99 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧੬ ਮੱਘਰ ਤੋਂ ੧੬ ਪੋਹ ੨੦੭੬
1 To 31 Dec. 2019

ਜਿਲਦ 27
ਨੰਬਰ 20-21
Total Pages 68

ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ

Sri Satguru Jagjit Singh Ji Elibrary NamdhariElibrary@gmail.com

ਹਸਤ ਲਿਖਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



ਏਥੇ
ਅਚਾਨਕ
ਕਿਸੇ ਦਿਵਾਨ ਵਿੱਚ
ਕਿਰਪਾਨਾਂ ਵਾਲੇ
ਕੰਘਿਆਂ ਦੀ ਚੈਕਿੰਗ
ਹੋਇਆ ਕਰੇਗੀ
ਸਿੰਘ ਸਿੰਘਾਂ ਤੇ
ਮਾਈਆਂ ਮਾਈਆਂ ਨੂੰ
ਚੈਕ ਕਰਨਗੇ
ਸਾਰੇ ਕੰਘੇ ਰਖਣ
ਕਿਰਪਾਨਾਂ ਵਾਲੇ
ਹੁਣੇ ਕਹਿ ਦਿਓ

"ਬਚਿਆਂ ਦੇ ਸਿਰਾ
ਤੇ ਟੋਪੀਆਂ ਉਂਨ ਦੀਆਂ
ਬੰਦ ਹੋਣ"

ਹਥ ਮਾਂਜਿਆ ਕਰੋ ਰੇਤੇ ਨਾਲ
ਦਾਤਣ ਕਰਿਆ ਕਰੋ
ਕੇਸਾਂ ਵਿੱਚ ਜੂੜਾ ਖੋਲ੍ਹ ਕੇ
ਪਾਣੀ ਪਾਇਆ ਕਰੋ

ਸਾਧ ਸੰਗਤ ਜੀ
ਰਸਨਾ ਹਿਲਾਕੇ
ਪੂਰੇ ਅਖਰ ਲਗਾਂ
ਲਾ ਕੇ ਨਾਮ ਸਿਮਰਨ
ਕਰੋ ਜੀ
ਸਾਰੁ ਚਬਿ ਚਬਿ
ਹਰਿ ਰਸੁ ਪੀਜੈ

ਸਾਧ ਸੰਗਤ ਜੀ
ਈਰਖਾ ਲੜਾਈ ਝਗੜੇ
ਦਾ ਸਮਾਂ ਹੈ ਤੁਸੀਂ ਤਕੜੇ
ਹੋ ਕੇ ਭਜਨ ਬਾਣੀ ਕਰੋ
ਈਰਖਾ ਦੀ ਅਗ ਤੋਂ
ਧੀਰਜ ਨਾਲ ਬਚੋ
ਜੀ ਪ੍ਰਤੀ
੧-੧ ਘੰਟਾ ਨਾਮ
੧-੧ ਪਾਠ ੧ ਮਹੀਨੇ
ਦਾ ੧ ਘਰ ਪ੍ਰਤੀ
ਜਰੂਰ ਕਰਿਆ ਕਰੋ

ਸਤਿਜੁਗ

੧੬ ਮੱਘਰ ਤੋਂ ੧੬ ਪੋਹ ੨੦੭੬ ਬਿ.

1 ਤੋਂ 31 ਦਿਸੰਬਰ 2019 ਈ:

ਜਿਲਦ 27, ਨੰਬਰ 20-21

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvendra Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 2-12-2019,
Date of Posting: 3-4 Dec. 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$USD ਡਾਲਰ

Designed and Typeset by Hakam Singh
Vishav Namdhari Sangat, Sri Bhaini Sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201

ਤਤਕਰਾ

* ਸੰਪਾਦਕੀ--ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠ।
  ਹਰਪਾਲ ਸਿੰਘ ਸੇਵਕ....4
* ਸਰਬ ਪੱਖੀ ਪ੍ਰਤਿਭਾ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
  ਹਰਵਿੰਦਰ ਸਿੰਘ ਹੰਸਪਾਲ 6
* ਕਵਿਤਾ- ਮੇਰੇ ਮੀਤ ਜਗਜੀਤ ਬੇਅੰਤ ਸਤਿਗੁਰੂ
  ਨਿਸ਼ਾਨ ਸਿੰਘ ਕਥਾਕਾਰ 8
* ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪੁਸਤਕਾਂ
  ਦਵਿੰਦਰ ਸਿੰਘ ਗਿੱਲ ਜੀਆ ਨੱਥਾ....9
* ਪੂਰਨ ਗੁਰ-ਅਵਤਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
  ਹਰਪਾਲ ਸਿੰਘ ਸੇਵਕ 12
* ਐਸੀ ਲਾਲ ਤੁਝ ਬਿਨੁ ਕਉਨ ਕਰੈ॥
  ਅਜੀਤ ਸਿੰਘ ਲਾਇਲ 16
* ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਥਾਪਿਤ ....
  ਹਰਜਿੰਦਰ ਸਿੰਘ ਰਾਗੀ 18
* ਕਹਾਣੀਆ ਸੰਮ੍ਰਥ ਕੰਤ ਕੀਆਹ
  ਹਰਪਾਲ ਸਿੰਘ ਸੇਵਕ 21
* .....ਕਿਰਪਾ ਕਰਨਾ ਮੇਰਾ ਫਰਜ਼ ਰਿਹਾ
  ਸੁਖਦੇਵ ਸਿੰਘ ਤਬਲਾਵਾਦਕ 24
* ਬਾਹ ਪਕਰਿ ਕਢਿ ਲੀਨੇ ਅਪੁਨੇ
  ਹਰਪਾਲ ਸਿੰਘ ਸੇਵਕ 26
* ਕਵਿਤਾ- ਗੁਰ ਜਗਜੀਤ ਸਿੰਘ
  ਅਜੀਤ ਸਿੰਘ ਲਾਇਲ....27
* ਬਾਬਾਣੀਆਂ-ਕਹਾਣੀਆਂ (ਵਿਚੋਂ)
  ਸਵ. ਪੰ: ਰਜਿੰਦਰ ਸਿੰਘ.... 28
* ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਦੇਸ਼ ਦੌਰੇ ਦਾ....
  ਹਰਪਾਲ ਸਿੰਘ ਸੇਵਕ....32
* Sri Satguru Jagjit Singh Ji
  Swaran Singh Virk....36
* ਕਵਿਤਾ- ਜਗਜੀਤ ਕਹਾਇਆ
  ਨਿਸ਼ਾਨ ਸਿੰਘ ਕਥਾਕਾਰ....37
* The Master Teacher: Complex....
  A.S Panesar.... 38
* ਕਾਵਿ ਕਿਆਰੀ 43
* ਖ਼ਬਰਨਾਮਾ 45

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
sRI sqgurU pRqwp is MG du ... (1920 e.) qoN sQwipq
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠ।

ਪੂਰੇ ਸਤਿਗੁਰੂ ਦੀ ਤਾਰੀਫ ਜੋ ਅਸੀਂ ਗੁਰਬਾਣੀ ਵਿਚ ਪੜ੍ਹਦੇ ਸੁਣਦੇ ਹਾਂ-

* ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
  ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ – ਅੰਗ (੧੪੬੨)
* ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨ ਨਾਵੈ ਮੈਲੁ ਗਵਾਵਣਿਆ॥ – (ਅੰਗ ੧੧੩)
* ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ॥
  ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ॥ – (ਅੰਗ ੧੦)
* ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ॥ – (ਅੰਗ ੧੧੬)
* ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
  ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥
  ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
  ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖ ਵਡਭਾਗੀ ਹੇ॥
  ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
  ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ ਅੰਗ ੨੮੬

ਸਤਿਗੁਰੂ ਦੀ ਸੋਭਾ ਦੇ ਗੁਰਬਾਣੀ ਵਿਚ ਅਜੇਹੇ ਅਨੇਕਾਂ ਪ੍ਰਮਾਣ ਹਨ ਕਿ ਸਤਿਗੁਰੂ ਪਸ਼ੂ, ਪ੍ਰੇਤਾਂ ਅਤੇ ਰਾਕਸ਼ਾਂ ਵਾਲੀ ਬਿਰਤੀ ਵਾਲੇ ਮਨੁੱਖਾਂ ਨੂੰ ਗਿਆਨ-ਵਾਨ, ਦੇਵ ਪੁਰਸ਼ ਬਣਾ ਦੇਂਦਾ ਹੈ। ਸਤਿਗੁਰੂ ਅੰਮ੍ਰਿਤ ਦਾ ਸਰੋਵਰ ਹੈ ਜਿਸਦੀ ਚਰਨ ਸਰਨ ਵਿਚ ਜਾ ਕੇ, ਉਸਦਾ ਦਰਸ਼ਨ ਕਰਕੇ, ਬਚਨ ਸੁਣਕੇ ਸਾਡੀ ਜਨਮਾਂ-ਜਨਮਾਂ ਦੀ ਮਨ ਤੇ ਲੱਗੀ ਮੈਲ ਉੱਤਰ ਜਾਂਦੀ ਹੈ। ਹਿਰਦਾ ਸ਼ੀਸੇ ਵਾਂਗ ਸਾਫ ਹੋ ਜਾਂਦਾ ਹੈ। ਆਤਮਾ ਅਤੇ ਪਰ-ਆਤਮਾ ਦਾ ਭੇਦ ਮਿੱਟ ਜਾਂਦਾ ਹੈ, ਬਿਰਤੀ ਪਰਮ-ਆਤਮ (ਪਰਮਾਤਮਾ) ਨਾਲ ਜੁੜ ਜਾਂਦੀ ਹੈ। ਆਵਾਗਮਨ ਮਿਟ ਜਾਂਦਾ ਹੈ। ਇਸੇ ਤਰ੍ਹਾਂ ਜਿਵੇਂ ਪਾਰਸ ਨੂੰ ਲਗ ਕੇ ਲੋਹਾ ਵੀ ਸੋਨਾ ਬਣ ਜਾਂਦਾ ਹੈ। ਚੰਦਨ ਦੇ ਸੰਗ ਨਿੰਮ ਵਿਚ ਵੀ ਸੁਗੰਧੀ ਆ ਜਾਂਦੀ ਹੈ। ਏਸੇ ਲਈ ਗੁਰਬਾਣੀ ਵਿਚ ਸਤਿਗੁਰੂ ਨੂੰ ਪੂਰਾ ਤੀਰਥ ਲਿਖਿਆ ਹੈ, ਬਾਕੀ ਸਭ ਤੀਰਥ ਅਧੂਰੇ ਹਨ:

'ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ॥
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮ ਸਭ ਸ੍ਰਿਸਟਿ ਛਡਾਏ॥ – (ਅੰਗ ੧੪੦)

ਸਤਿਗੁਰੂ ਸਭ ਵਸਤੂਆਂ ਦਾ ਦਾਤਾ ਹੈ– 'ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥ -ਧਰਮ, ਅਰਥ (ਧਨ), (ਮਨੋ ਕਾਮਨਾ) ਅਤੇ ਮੋਖਸ਼ (ਮੁਕਤੀ) ਬਖਸ਼ਦਿਆਂ ਸਤਿਗੁਰੂ ਨੂੰ ਕੋਈ ਦੇਰ ਨਹੀਂ ਲੱਗਦੀ। ਸਤਿਗੁਰੂ ਸਿਖ ਦੀ ਆਪ

Sri Satguru Jagjit Singh Ji Elibrary NamdhariElibrary@gmail.com

ਪ੍ਰਤਿਪਾਲਣਾਂ ਕਰਦਾ ਹੈ, ਦਇਆ ਕਰਕੇ ਉਸਦੀ ਖੋਟੀ ਬੁੱਧੀ ਖਤਮ ਕਰਕੇ ਸਦ-ਬੁੱਧੀ ਬਖਸ਼ਦਾ ਹੈ। ਗੁਰੂ ਦਾ ਬਚਨ ਮੰਨ ਕੇ ਸਿੱਖ ਹਰੀ-ਨਾਮ ਜੱਪਦਾ ਹੈ ਜਿਸ ਨਾਲ ਉਸਦੇ ਸਭ ਬੰਧਨ ਕੱਟੇ ਜਾਂਦੇ ਹਨ ਅਤੇ ਸਿੱਖ ਵਿਕਾਰਾਂ ਤੋਂ ਹਟ ਜਾਂਦਾ ਹੈ। ਵਡਭਾਗੇ ਸਿੱਖ ਹਨ ਜਿਨਾਂ ਨੂੰ ਸਤਿਗੁਰੂ ਤੋਂ ਅਮੋਲਕ ਨਾਮ ਧਨ ਮਿਲਿਆ ਹੈ। ਸਤਿਗੁਰ, ਸਿੱਖ ਦਾ ਲੋਕ ਪਰਲੋਕ ਸਵਾਰਦਾ ਹੈ। ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਸੁਖਮਣੀ ਸਾਹਿਬ ਵਿੱਚ ਫੁਰਮਾਉਂਦੇ ਹਨ ਕਿ ਸਤਿਗੁਰੂ ਤਨੋ ਮਨੋ ਸਿੱਖ ਨੂੰ ਸਵਾਰਦਾ ਹੈ। ਸਾਹਿਬ ਕਲਗੀਧਰ ਪਾਤਸ਼ਾਹ ਬਚਿਤ੍ਰ ਨਾਟਕ ਵਿਚ ਜਗਤ ਗੁਰੂ, ਸਤਿਗੁਰੂ ਨਾਨਕ ਦੇਵ ਜੀ ਬਾਰੇ ਲਿਖਦੇ ਹਨ-

ਤਿਨ ਬੇਦੀਅਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥
ਸਭ ਸਿਖਨ ਕਉ ਸੁਖ ਦਏ ਜਹ ਤਹ ਭਏ ਸਹਾਇ॥

ਪੰਚਮ ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਸਿਰੀ ਰਾਗ ਵਿਚ ਫੁਰਮਾਉਂਦੇ ਹਨ ਕਿ ਸਤਿਗੁਰੂ ਸੁਖਾਂ ਦਾ ਸਾਗਰ ਹੈ, ਜੋ ਸਤਿਗੁਰੂ ਨੂੰ ਸੇਵਦਾ ਹੈ, ਉਸਨੂੰ ਜਮ ਦਾ ਡੰਡੂ ਭਾਵ ਜਮਾਂ ਦਾ ਕੋਈ ਡਰ ਨਹੀਂ ਰਹਿ ਜਾਂਦਾ। ਪੂਰੇ ਬ੍ਰਹਿਮੰਡ ਵਿਚ ਗੁਰੂ ਵਰਗਾ ਹੋਰ ਕੋਈ ਨਹੀਂ-

ਸਤਿਗੁਰੁ ਗਹਿਰ ਗੰਭੀਰੁ ਹੈ ਸੁਖ ਸਾਗਰੁ ਅਘ ਖੰਡੁ ॥
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥
ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥ (ਅੰਗ ੪੯)

ਸਤਿਗੁਰੂ ਦੀ ਜਿਸ ਤਰ੍ਹਾਂ ਦੀ ਤਾਰੀਫ ਗੁਰਬਾਣੀ ਵਿਚ ਪੜ੍ਹਦੇ ਹਾਂ, ਉਸੇ ਤਰ੍ਹਾਂ ਦੀਆਂ ਸਾਖੀਆਂ ਕਥਾ-ਵਾਰਤਾ ਅਸੀਂ ਆਪਣੇ ਇਤਿਹਾਸਕ ਗ੍ਰੰਥਾਂ ਵਿਚੋਂ ਪੜਦੇ ਹਾਂ ਅਤੇ ਜਥੇਦਾਰਾਂ ਪ੍ਰਚਾਰਕਾਂ ਪਾਸੋਂ ਸੁਣਦੇ ਹਾਂ ਕਿ ਕਿਵੇਂ ਸਾਡੇ ਸਤਿਗੁਰੂ ਸਾਹਿਬਾਨ ਵਿਚਰੇ, ਕਿਸ-ਕਿਸ ਤਰ੍ਹਾਂ ਦੇ ਕੌਤਕ ਕੀਤੇ, ਕਿਵੇਂ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਦੇਵਲੂਤ ਅਤੇ ਕੌਡੇ ਰਾਕਸ਼ ਨੂੰ ਦੇਵਤੇ ਬਣਾ ਦਿੱਤਾ, ਵਲੀ ਕੰਧਾਰੀ ਦਾ ਹੰਕਾਰ ਤੋੜਿਆ, ਠੱਗਾਂ ਨੂੰ ਸੱਜਣ ਬਣਾਇਆ ਅਤੇ ਭੈਣ ਨਾਨਕੀ ਦੇ ਯਾਦ ਕਰਨ ਤੇ ਸੈਂਕੜੇ ਮੀਲਾਂ ਤੋਂ ਉਸੇ ਵੇਲੇ ਆ ਦਰਸ਼ਨ ਦਿੱਤੇ। ਦਸਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਨੂਰੀ ਦਰਸ਼ਨ ਕਰਕੇ ਲੜਨ ਆਇਆ ਮੁਸਲਮਾਨ ਫੌਜਦਾਰ ਹਥਿਆਰ ਸੁੱਟ ਕੇ, ਚਰਨੀਂ ਡਿੱਗ ਫਕੀਰ ਬਣ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਦੀ ਸੈਂਕੜੇ ਮੀਲ ਦੂਰ ਜੰਗਲ ਵਿਚ ਸ਼ੇਰ ਤੋਂ ਰੱਖਿਆ ਕੀਤੀ। ਸਤਿਗੁਰੂ ਹਰੀ ਸਿੰਘ ਜੀ ਦੇ ਇਕ ਵਰਦਾਨ-ਬਚਨ ਨਾਲ ਕਰਮ ਸਿੰਘ ਮਹਾਨ ਸੰਤ ਬਣ- ਸੰਤ ਕਰਮ ਸਿੰਘ ਹਿੰਮਤਪੁਰੇ ਵਾਲੇ ਇੱਕ ਸਿੱਧ ਪੁਰਸ਼ ਵਜੋਂ ਪ੍ਰਸਿੱਧ ਹੋਏ। ਅਨੇਕਾਂ ਸਾਖੀਆਂ ਹਨ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1947 ਵਿੱਚ ਦੇਸ਼ ਦੀ ਵੰਡ ਵੇਲੇ ਸਿੱਖਾਂ ਨੂੰ ਵਰ੍ਹਦੀਆਂ ਗੋਲੀਆਂ 'ਚੋਂ ਬਚਾਇਆ ਅਤੇ ਆਇਆਂ ਨੂੰ ਗਲ ਨਾਲ ਲਾਇਆ। ਖਾਲੀ ਹੱਥੀਂ ਉੱਜੜ ਕੇ ਆਇਆ ਨੂੰ ਰੋਟੀ ਕੱਪੜਾ, ਮਕਾਨ ਆਦਿ ਸਭ ਕੁਝ ਦਿੱਤਾ। ਹਜ਼ਾਰਾਂ ਏਕੜ ਜਮੀਨ ਵੰਡੀ। ਮੁਜ਼ਾਰ੍ਹਿਆਂ ਨੂੰ ਜਮੀਨਾਂ ਦੇ ਮਾਲਕ ਬਣਾ ਦਿੱਤਾ। ਇਹ ਤੇ ਸਾਖੀਆਂ ਹਨ ਜੋ ਅਸੀਂ ਪੜ੍ਹਦੇ ਹਾਂ, ਸੁਣਦੇ ਹਾਂ ਪਰ-

ਸੁਣਿ ਵਡਾ ਆਖੈ ਸਭੁ ਕੋਇ॥ ਕੇਵਡ ਵਡਾ ਡੀਠਾ ਹੋਇ॥

ਇਸ 'ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ' ਵਿੱਚ ਉਹ ਕਥਾ-ਵਾਰਤਾ, ਸਾਖੀਆਂ ਅਤੇ ਗੁਰੂ ਜੱਸ ਹੈ ਜੋ ਜਿਨ੍ਹਾਂ ਨੇ ਵੇਖਿਆ, ਹੱਢੀਂ ਹੰਢਾਇਆ ਅਤੇ ਸਤਿਗੁਰੂ ਦੀਆਂ ਉਹ ਸਾਰੀਆਂ ਬਖਸ਼ਿਸ਼ਾਂ ਜੋ ਗੁਰਬਾਣੀ ਵਿਚੋਂ ਪੜ੍ਹਦੇ ਹਾਂ, ਉਨ੍ਹਾਂ ਬਖਸ਼ਿਸ਼ਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਮਾਣਿਆ।

ਹਰ ਵਿਅਕਤੀ ਲਈ ਅਕਾਸ਼ ਓਡਾ ਹੀ ਹੈ ਜਿਥੋਂ ਤੱਕ ਉਸਦੀ ਨਿਗ੍ਹਾ ਜਾਂਦੀ ਹੈ। ਵਿਗਿਆਨੀਆਂ ਲਈ ਓਡਾ ਹੈ ਜਿੱਥੋਂ ਤੱਕ ਉਹ ਆਪਣੇ ਯੰਤਰਾਂ (ਦੂਰਬੀਨਾਂ) ਨਾਲ ਵੇਖ ਸੱਕਦੇ ਹਨ, ਪਰ ਅਕਾਸ਼ ਅਨੰਤ ਹੈ। ਏਸੇ ਤਰ੍ਹਾਂ ਸਤਿਗੁਰੂ ਨੂੰ ਜਿਨਾਂ ਕੁ ਜਿਸਨੇ ਵੇਖਿਆ ਉਹ ਓਨਾਂ ਹੀ ਜਾਣਦਾ ਹੈ ਪਰ ਜਿਵੇਂ ਅਕਾਸ਼ ਅਨੰਤ ਹੈ, ਸਤਿਗੁਰੂ ਬੇਅੰਤ ਹੈ- ਓਹ ਕੇਡਾ ਵੱਡਾ ਹੈ, ਉਹੀ ਜਾਣ ਸੱਕੇ ਜੇ ਕੋਈ-

ਏਵਡ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥
ਜੇਵਡੁ ਆਪਿ ਜਾਣੈ ਆਪਿ ਆਪਿ॥

ਸਤਿਗੁਰੂ ਜਗਜੀਤ ਸਿੰਘ ਜੀ ਤਾਂ ਬੇਅੰਤ ਪਾਤਸ਼ਾਹ ਸਨ। ਉਨ੍ਹਾਂ ਦੀ ਮਹਾਨਤਾ ਦਾ ਪਾਰਾਵਾਰ ਪਾ ਸੱਕਣਾ ਤਾਂ ਇਵੇਂ ਹੀ ਹੈ ਜਿਵੇਂ- 'ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ' ਜਾਂ ਮਿਸ਼ਰੀ ਦੇ ਪਹਾੜ ਦਾ ਇਕ ਕੀੜੀ ਕੀ ਅੰਤ ਪਾ ਸਕਦੀ ਹੈ, ਪਰ ਉਹ ਰੱਜ ਸਕਦੀ ਹੈ, ਸਵਾਦ-ਸਵਾਦ ਹੋ ਸਕਦੀ ਹੈ ਜਾਂ ਇਕ ਮੱਛੀ ਨੇ ਸਾਗਰ ਦਾ ਥਹੁ ਕਿੱਥੋਂ ਪਾ ਲੈਣਾ ਹੋਇਆ ਪਰ ਸਾਗਰ ਉਸਦਾ ਜੀਵਨ ਹੈ। ਇਸੇ ਤਰ੍ਹਾਂ ਇਸ ਅੰਕ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੱਸ ਰੂਪੀ ਅੰਮ੍ਰਿਤ ਦੇ ਸਰਵਰ ਦੀਆਂ ਕੁਝ ਕੁ ਬੂੰਦਾਂ ਗੁਰੂ-ਪ੍ਰੇਮੀਆਂ ਨੂੰ ਭੇਟ ਹਨ।

- hrpwl isMG syvk, sMp: 94176-01321

ਸਰਬ ਪੱਖੀ ਪ੍ਰਤਿਭਾ ਵਾਲੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍– ਹਰਵਿੰਦਰ ਸਿੰਘ ਹੰਸਪਾਲ, Ex.M.P.
ਪ੍ਰਧਾਨ, ਨਾਮਧਾਰੀ ਦਰਬਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਬਹੁਪੱਖੀ ਪ੍ਰਤਿਭਾ ਵਾਲੇ ਜਾਂ ਫਿਰ ਸਰਬ ਪੱਖੀ ਪ੍ਰਤਿਭਾ ਵਾਲੇ ਆਖਣਾ ਵਧੇਰੇ ਉਚਿਤ ਹੈ। ਜੇਕਰ ਉਹਨਾਂ ਦੇ ਸਾਰੇ ਪੱਖਾਂ ਦਾ ਵਰਣਨ ਕੀਤਾ ਜਾਵੇ ਤਾਂ ਸਹਿਜੇ ਹੀ ਕਈ ਗ੍ਰੰਥਾਂ ਦੀ ਸਿਰਜਣਾ ਹੋ ਜਾਵੇਗੀ। ਆਪ ਵਿੱਚ ਸੰਪੂਰਨਤਾ ਦਾ ਅੰਸ਼ ਭਰਪੂਰ ਸੀ। ਸਰਬੱਤ ਦਾ ਭਲਾ ਚਿਤਵਣਾ ਉਹਨਾਂ ਦੀ ਸਹਿਜ ਅਵਸਥਾ ਦਾ ਇੱਕ ਅੰਗ ਸੀ। ਜਿਹੜੇ ਉਹਨਾਂ ਦੀ ਛੂਹ ਵਿੱਚ ਆਏ ਸਭ ਦੀ ਕਾਇਆ ਕਲਪ ਹੋ ਗਈ। 'ਸਗਲ ਸੰਗਿ ਹਮ ਕਉ ਬਨਿ ਆਈ' ਦਾ ਸਿਧਾਂਤ ਤਾਂ ਉਠਦਿਆਂ ਬੈਠਦਿਆਂ ਅਡੋਲ ਹੀ ਵਰਤਾਈ ਜਾਂਦੇ ਸਨ। ਆਪ ਜੀ ਦੇ ਦਰਸ਼ਨ ਤਾਂ ਅਤੀ ਪ੍ਰਤਿਭਾਸ਼ਾਲੀ ਸਨ ਹੀ, ਬਖ਼ਸ਼ਸ਼ਾਂ ਅਤੇ ਖ਼ੁਸ਼ੀਆਂ ਦੇ ਭੰਡਾਰੇ ਵੀ ਸਦਾ ਸਭ ਲਈ ਖੋਲ੍ਹੀ ਰੱਖਦੇ ਸਨ, ਬਿਨਾਂ ਕਿਸੇ ਭਿੰਨ ਭੇਦ ਦੇ।

ਮੈਂ ਜੇਕਰ ਨਿੱਜੀ ਬਖ਼ਸ਼ਸ਼ਾਂ ਦਾ ਬਿਰਤਾਂਤ ਕਹਾਂ ਤਾਂ ਵੀ ਕਈ ਪੁਸਤਕਾਂ ਦਾ ਖਰੜਾ ਬਣ ਜਾਵੇਗਾ। ਇਸ ਲੇਖ ਵਿੱਚ ਕੋਸ਼ਿਸ਼ ਕਰਾਂਗਾ ਕਿ ਵੰਨਗੀ ਮਾਤਰ ਕੁੱਝ ਨਿੱਜੀ ਬਖ਼ਸ਼ਿਸ਼ਾਂ ਦਾ ਸੰਖੇਪ ਜਿਹਾ ਵਰਣਨ ਕਰਾਂ। ਇਹ ਇੱਕ ਲੰਬੀ ਵਾਰਤਾ ਹੈ ਕਿ ਮੈਂ ਸਾਂਸਦ ਕਿਵੇਂ ਬਣਿਆ। ਮੈਨੂੰ ਪਤਾ ਨਹੀਂ ਸੀ ਕਿ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਉਂ ਤੇ ਕਦੋਂ ਇਹ ਚਿਤਵ ਲਿਆ ਕਿ ਮੈਨੂੰ ਮੈਂਬਰ ਪਾਰਲੀਮੈਂਟ ਬਨਾਉਣਾ ਹੈ। ਇਹ ਸਭ ਕੁੱਝ ਦਿਨਾਂ ਪਲਾਂ ਵਿੱਚ ਹੀ ਹੋ ਗਿਆ। ਸ੍ਰੀ ਸਤਿਗੁਰੂ ਜੀ ਸਿਆਮ (ਥਾਈਲੈਂਡ) ਦੇ ਦੌਰੇ ਤੇ ਸਨ। ਇਹ ਗੱਲ ਜੂਨ/ਜੁਲਾਈ 1980 ਦੀ ਹੈ। ਵਾਪਸੀ ਆ ਮੈਨੂੰ ਹਜ਼ੂਰੀ ਸੇਵਕ ਮਹਿੰਦਰ ਸਿੰਘ ਪੂਰਬੇ ਨੇ ਦੱਸੀ ਕਿ ਅਸੀਂ ਹੈਰਾਨ ਹੋ ਗਏ ਜਦੋਂ ਸੱਚੇ ਪਾਤਸ਼ਾਹ ਥਾਈਲੈਂਡ ਵਿਚ ਕਿਹਾ ਕਿ ਵਾਪਸ ਦੇਸ ਚੱਲੀਏ ਤੇ ਵੇਖੀਏ, ਐਮ.ਪੀ. ਬਨਣ ਤੋਂ ਬਾਅਦ ਹੰਸਪਾਲ ਜੀ ਕਿਹੋ ਜਹੇ ਦਿੱਸਦੇ ਹਨ। ਇਹ ਇੱਕ ਨਿਰੋਲ ਸਿਆਸੀ ਬਰਕਤ ਸੀ। ਜਿਸ ਦਾ ਵਿਸਤਾਰ ਨਾਲ ਜ਼ਿਕਰ ਫੇਰ ਕਿਸੇ ਵਕਤ ਕਰਾਂਗਾ। ਸੱਚੇ ਪਾਤਸ਼ਾਹ ਜੀ ਸਤਿਗੁਰੂ ਤੇ ਸਨ ਹੀ, ਪਰ ਉਹਨਾਂ ਦੀ ਸੋਚ ਬੜੀ ਦੂਰ ਦਰਸ਼ੀ ਹੁੰਦੀ ਸੀ। ਸਾਨੂੰ ਬਹੁਤਿਆਂ ਨੂੰ ਤਾਂ ਪਤਾ ਹੀ ਨਹੀਂ ਸੀ ਲੱਗਦਾ ਜਾਂ ਬਹੁਤ ਚਿਰਾਂ ਬਾਅਦ ਕਿਸੇ ਗੱਲ ਦਾ ਆਭਾਸ ਹੁੰਦਾ ਸੀ, ਜੋ ਆਪ ਸਹਿਜੇ ਹੀ ਵਰਤਾ ਜਾਂਦੇ ਸਨ।

ਮੇਰੇ ਤੇ ਬਖ਼ਸ਼ਸ਼ਾਂ ਦਾ ਭੰਡਾਰ ਸੱਚੇ ਪਾਤਸ਼ਾਹ ਜੀ ਨੇ 1962/63 ਤੋਂ ਹੀ ਖੋਲ੍ਹਣਾ ਸ਼ੁਰੂ ਕਰ ਦਿੱਤਾ ਸੀ। ਮੇਰੇ ਪਿਤਾ ਜੀ ਸ੍ਰ. ਗਿਆਨ ਸਿੰਘ ਹੰਸਪਾਲ, ਚੀਫ ਐਂਨਜਿਨੀਅਰ ਨੂੰ ਇਸ ਗੱਲ ਦਾ ਆਭਾਸ ਛੇਤੀ ਹੋ ਗਿਆ ਤੇ ਮੈਨੂੰ ਸਦਾ ਆਦੇਸ਼ ਦਿੰਦੇ ਕਿ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਨੂੰ ਧਿਆਨ ਨਾਲ ਸੁਣਿਆ ਕਰ ਅਤੇ ਪੂਰਨ ਤਨਦੇਹੀ ਅਤੇ ਇਮਾਨਦਾਰੀ ਨਾਲ ਉਹਨਾਂ ਦਾ ਪਾਲਣ ਕਰਿਆ ਕਰ। ਇਸ ਵਿੱਚ ਕਦੇ ਕੁਤਾਹੀ ਨਹੀਂ ਕਰਨੀ-ਵਿਹਾਰ ਆਪੇ ਠੀਕ ਚਲਦਾ ਰਹੇਗਾ। ਇਹ ਐਸੀ ਸਿੱਖਿਆ ਸੀ, ਜਿਸ ਨੇ ਮੈਨੂੰ ਸਹੀ ਮਾਰਗ ਤੇ ਚਲਾਈ ਰੱਖਿਆ। ਇਹ ਗੱਲ ਆਖਣ ਜਾਂ ਦੱਸਣ ਵਿੱਚ ਮੈਨੂੰ ਰੰਚਕ ਮਾਤਰ ਭੀ ਝਿਜਕ ਨਹੀਂ ਕਿ ਸ੍ਰੀ ਸਤਿਗੁਰੂ ਜੀ ਦੀਆਂ ਬਖ਼ਸ਼ਸ਼ਾਂ ਸਦਕਾ ਨਾਂ ਕਦੀ ਵਿਹਾਰ ਤੇ ਨਾਂ ਹੀ ਕਦੀ ਪਰਿਵਾਰਕ ਜੀਵਨ ਵਿੱਚ ਕੋਈ ਰੁਕਾਵਟ ਪਈ। ਸਿਆਸੀ ਜੀਵਨ ਵੀ ਬੜੀ ਸਰਲਤਾ ਪੂਰਵਕ ਚੱਲੀ ਗਿਆ।

ਇੱਕ ਵਾਰ ਮੈਨੂੰ ਸ਼ਿਆਟਿਕਾ (ਸਾਇਐਟਿਕ) ਹੋ ਗਿਆ। ਜਿਸ ਨਾਲ ਮੈਂ ਕੁੱਲ੍ਹੇ ਦੇ ਦਰਦ ਨਾਲ ਪੀੜਿਤ ਸਾਂ। ਦੋ ਚਾਰ ਕਦਮ ਭੀ ਨਾ ਤੁਰਿਆ ਜਾਵੇ। ਦਰਦ ਅਸਹਿ ਹੁੰਦੀ ਸੀ। ਪਾਰਲੀਮੈਂਟ ਵਿੱਚ ਜਾਣਾ-ਆਉਣਾ ਭੀ ਔਖਾ ਹੋ ਗਿਆ। ਸ੍ਰੀ ਸਤਿਗੁਰੂ ਜੀ ਬੈਂਕਾਕ ਦੌਰੇ ਦਾ ਪ੍ਰੋਗਰਾਮ ਬਣਾ ਲਿਆ ਅਤੇ ਉਥੇ ਮੈਨੂੰ ਕਈ ਡਾਕਟਰਾਂ ਪਾਸ ਭੇਜਿਆ। ਸਭ ਦੀ ਇੱਕੋ ਰਾਏ ਸੀ ਕਿ ਰੀੜ੍ਹ ਦੀ ਹੱਡੀ ਦਾ ਅਪਰੇਸ਼ਨ ਕਰਨਾ ਪਵੇਗਾ। ਹੁਕਮ ਹੋਇਆ ਅਪਰੇਸ਼ਨ ਬਿਲਕੁਲ ਨਹੀਂ ਕਰਵਾਉਣਾ। ਵਾਪਸ ਭਾਰਤ ਆ ਗਏ। ਉਹਨੀਂ ਦਿਨੀ ਕਾਫੀ ਪੀੜਾ ਨਾਲ ਔਖੇ-ਸੌਖੇ ਪਾਰਲੀਮੈਂਟ ਵਿੱਚ ਜਾਂਦਾ ਸੀ। ਸਾਬਕਾ ਰਾਸ਼ਟਰਪਤੀ ਮਾਣਯੋਗ ਸ੍ਰੀ ਪ੍ਰਣਬ ਮੁਕਰਜੀ, ਜੋ ਉਸ ਸਮੇਂ ਵਿੱਤ ਮੰਤਰੀ ਅਤੇ ਰਾਜ ਸਭਾ ਦੇ ਕਾਂਗਰਸ ਦੇ ਲੀਡਰ ਸਨ, ਉਹਨਾਂ ਦੇ ਪੀ.ਏ. ਸ੍ਰੀ ਕੁਮਾਰ ਨੇ ਜਦੋਂ ਮੈਨੂੰ ਵੇਖਿਆ ਤੇ ਕਹਿਣ ਲੱਗੇ ਕਿ ਡਾ. ਮੁਸੱਰਫ ਅਲੀ ਜੋ ਅਭੀ-ਅਭੀ ਰੂਸ ਸੇ ਡਾਕਟਰੀ ਕਰ ਕੇ ਆਏ ਔਰ ਪ੍ਰਣਬ ਜੀ ਕੇ

ਘਰ ਮੇਂ ਹੀ ਰਹਿਤੇ ਹੈ, ਆਪ ਉਨ ਕੋ ਕਿਉਂ ਨਹੀਂ ਦਿਖਾਤੇ। ਵੋ ਦਵਾਈ ਸੇ ਜ਼ਿਆਦਾ ਸਰੀਰ ਕੀ ਜੁਗਤ (body manipulation) ਸੇ ਇਲਾਜ ਕਰਤੇ ਹੈ। ਮੈਂ ਕਿਹਾ ਜ਼ਰੂਰ, ਕਿਉਂ ਕਿ ਮੈਂ ਤਾਂ ਅਤਿ ਦੀ ਪੀੜਾ ਵਿੱਚ ਸਾਂ ਹੀ। ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਲੈ ਮੈਂ ਡਾ. ਮੁਸੱਰਫ ਅਲੀ (ਜਿੰਨ੍ਹਾਂ ਦਾ ਛੋਟਾ ਨਾ ਡਾ. ਮੂਸਾ ਸੀ) ਜੋ ਉਹਨੀਂ ਦਿਨੀਂ ਦਿੱਲੀ ਵਿੱਚ ਰੋਹਤਕ ਰੋਡ ਦੇ ਇੱਕ ਕਲੀਨਿਕ ਵਿੱਚ ਬੈਠਦੇ ਸਨ, ਸਮਾਂ ਨਿਰਧਾਰਤ ਕਰ ਉਹਨਾਂ ਪਾਸ ਚਲਾ ਗਿਆ। ਸ਼ਾਮ ਦਾ ਸਮਾਂ ਸੀ ਉਹ ਕੁੱਝ ਕਾਹਲੀ ਵਿੱਚ ਜਾਪਦੇ ਸਨ। ਮੈਨੂੰ ਉਹਨਾਂ ਨੇ ਲਿਟਾ ਕੇ ਮੇਰੇ ਹੱਥ ਪੈਰ ਲੱਤਾਂ ਦੀ ਜੁਗਤ ਨਾਲ ਮੋੜ ਮੁੜਾਈ ਕੀਤੀ ਅਤੇ ਕਿਹਾ "ਇਸ ਮੇਂ ਸਮਯ ਲਗੇਗਾ ਆਪ ਕਲ ਆਈਏ, ਆਪ ਕੋ ਮੈਂ ਠੀਕ ਕਰ ਦੂੰਗਾਂ"। ਵੈਸੇ ਮੈਨੂੰ ਉਹਨਾਂ ਦੇ ਇਲਾਜ ਤੋਂ ਬਾਅਦ ਚੰਗਾ ਚੰਗਾ ਲੱਗਣ ਲੱਗ ਪਿਆ। ਪੀੜਾ ਤੋਂ ਵੀ ਥੋੜੀ-ਥੋੜੀ ਰਾਹਤ ਮਿਲੀ। ਮੈਂ ਗਰੀਬ ਨਿਵਾਜ ਜੀ ਨੂੰ ਜਾ ਕੇ ਅਰਜ਼ ਕੀਤੀ। ਸੱਚੇ ਪਾਤਸ਼ਾਹ ਜੀ ਬਹੁਤ ਪ੍ਰਸੰਨ ਹੋਏ ਅਤੇ ਹੁਕਮ ਕੀਤਾ ਇਸੇ ਪਾਸੋਂ ਇਲਾਜ ਕਰਵਾਉ। ਇਸ ਗੱਲ ਦਾ ਜ਼ਿਕਰ ਜਦੋਂ ਮੈਂ ਡਾ. ਮੂਸਾ ਨਾਲ ਕੀਤਾ ਤਾਂ ਕਹਿਣ ਲੱਗਾ 'ਮੁਝੇ ਭੀ ਦਰਸ਼ਨ ਕਰਵਾਈਏ'। ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਲੈ ਕੇ ਮੈਂ ਡਾ. ਮੂਸਾ ਨੂੰ ਦਰਸ਼ਨਾਂ ਵਾਸਤੇ ਸੇਠ ਤਰਲੋਕ ਸਿੰਘ ਜੀ ਦੀ 1/6B ਪੂਸਾ ਰੋਡ ਵਾਲੀ ਕੋਠੀ ਵਿੱਚ ਲੈ ਗਿਆ। ਦਰਸ਼ਨ ਕਰਕੇ ਡਾ. ਮੂਸਾ ਬਹੁਤ ਪ੍ਰਭਾਵਿਤ ਹੋਇਆ। ਸੱਚੇ ਪਾਤਸ਼ਾਹ ਜੀ ਨੇ ਉਸ ਨੂੰ ਹੁਕਮ ਕੀਤਾ ਕਿ "ਆਪ ਹੰਸਪਾਲ ਜੀ ਕੋ ਠੀਕ ਕਰੀਏ, ਮੁਝ ਸੇ ਇਨ ਕੋ ਲੰਗੜਾ ਕੇ ਚਲਤੇ ਹੁਏ ਦੇਖਾ ਨਹੀਂ ਜਾਤਾ"। ਡਾ. ਮੂਸਾ ਨੇ ਮੈਨੂੰ ਇਸ ਬਖ਼ਸ਼ਸ਼ ਤੋਂ ਬਾਅਦ ਬਿਲਕੁਲ ਤੰਦਰੁਸਤ ਕਰ ਦਿੱਤਾ। ਸ੍ਰੀ ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਡਾ. ਮੂਸਾ ਤੇ ਬਖ਼ਸ਼ਸ਼ਾਂ ਦੇ ਭੰਡਾਰ ਖੋਲ ਦਿੱਤੇ। ਡਾ. ਮੂਸਾ ਦੇ ਕਲੀਨਿਕ ਵਿੱਚ ਮਰੀਜ਼ਾਂ ਦੀਆਂ ਕਤਾਰਾਂ ਲੱਗ ਗਈਆਂ ਅਤੇ ਉਹਨਾਂ ਦੀ ਖਿਆਤੀ ਵਿਸ਼ਵ ਭਰ ਵਿੱਚ ਹੋਣ ਲਗ ਪਈ। ਇਸ ਬਖ਼ਸ਼ਸ਼ ਤੋਂ ਡਾ. ਮੂਸਾ ਇਤਨਾ ਪ੍ਰਭਾਵਤ ਸੀ ਕਿ ਉਹ ਮਰੀਜ਼ਾਂ ਨੂੰ ਆਖਦਾ ਸੀ- "ਸਤਿਗੁਰੂ ਜਗਜੀਤ ਸਿੰਘ ਸ਼ਾਕਸਾਤ ਖੁਦਾ ਹੈ। ਮਰੀਜ਼ੋਂ ਕਾ ਇਲਾਜ ਮੈਂ ਕਰਤਾ ਹੂੰ ਮਗਰ ਮਰੀਜ਼ ਠੀਕ ਉਨ ਕੀ ਕ੍ਰਿਪਾ ਸੇ ਹੋਤੇ ਹੈਂ"। ਉਹਨੇ ਆਪਨੇ ਸ਼ਫ਼ਾਖਾਨੇ ਵਿੱਚ ਸਤਿਗੁਰੂ ਜੀ ਦੀ ਵੱਡੀ ਸਾਰੀ ਤਸਵੀਰ ਲਗਾ ਰੱਖੀ ਸੀ। ਬਖ਼ਸ਼ਸ਼ ਹੁੰਦੀ ਰਹੀ ਦੇਸ਼ਾਂ ਵਿਦੇਸ਼ਾਂ ਵਿੱਚ ਡਾ. ਮੂਸਾ ਦੀ ਪ੍ਰਸਿੱਧੀ ਹੋ ਗਈ। ਡਾ. ਮੂਸਾ ਦਾ ਨਿਕਾਹ ਹੋ ਗਿਆ, ਬੜੇ ਸੁੰਦਰ ਦੋ ਲੜਕਿਆਂ ਦੀ ਬਖ਼ਸ਼ਸ਼ ਹੋਈ ਅਤੇ ਉਹ ਫਿਰ ਭਾਰਤ ਛੱਡ ਪਰਿਵਾਰ ਸਹਿਤ ਯੂ.ਕੇ. ਜਾ ਵਸੇ। ਸੈਂਟਰਲ ਲੰਡਨ ਵਿੱਚ ਉਹਨਾਂ ਆਪਣਾ ਕਲੀਨਿਕ ਖੋਲ ਲਿਆ।

ਇੱਕ ਵਾਰ ਜਦੋਂ ਗਰੀਬ ਨਿਵਾਜ ਜੀ 1993 ਈ. ਵਿੱਚ ਯੂ.ਕੇ. ਦੌਰੇ ਤੇ ਸਨ, ਡਾ. ਮੂਸਾ ਦਰਸ਼ਨ ਕਰਨ ਆਇਆ ਅਤੇ ਅਰਜ਼ ਕੀਤੀ ਮੇਰੇ ਕਲੀਨਿਕ ਵਿੱਚ ਚਰਨ ਪਾਉ। ਸੱਚੇ ਪਾਤਸ਼ਾਹ ਜੀ ਅਰਜ਼ ਪ੍ਰਵਾਨ ਕਰ ਜਦੋਂ ਉਸ ਦੇ ਕਲੀਨਿਕ ਪਹੁੰਚੇ ਤਾਂ 100 ਦੇ ਕਰੀਬ ਡਾਕਟਰ, ਪੱਤਰਕਾਰ ਤੇ ਮਰੀਜ਼ਾਂ ਦੀ ਕਲੀਨਿਕ ਵਿੱਚ ਇਕੱਤਰਤਾ ਕੀਤੀ ਹੋਈ ਸੀ, ਸਭ ਨੂੰ ਦੱਸਿਆ ਕਿ, "ਆਜ ਮੈਂ ਜੋ ਭੀ ਹੂੰ ਇਨ ਸਤਿਗੁਰੂ ਜੀ ਕਿ ਕ੍ਰਿਪਾ ਸੇ ਹੂੰ"। ਸਮਾਂ ਬੀਤਦਾ ਗਿਆ। ਲੰਡਨ ਵਿੱਚ ਵੀ ਇਤਨੀ ਖਿਆਤੀ ਹੋਈ ਕਿ ਡਾ. ਮੂਸਾ, ਪ੍ਰਿੰਸ ਚਾਰਲਸ ਦੇ ਨਿੱਜੀ ਡਾਕਟਰਾਂ ਦੀ ਟੀਮ ਦੇ ਮੋਹਰੀ ਬਣ ਗਏ। ਡਾ. ਮੂਸਾ ਨੇ ਸ੍ਰੀ ਸਤਿਗੁਰੂ ਜੀ ਬਾਰੇ ਜਦੋਂ ਪ੍ਰਿੰਸ ਚਾਰਲਸ ਨੂੰ ਦੱਸਿਆ ਤੇ ਉਹਨਾਂ ਨੇ ਇੱਛਾ ਜ਼ਾਹਰ ਕੀਤੀ 'ਆਪ ਉਨ ਕੇ ਦਰਸ਼ਨ ਮੁਝੇ ਭੀ ਕਰਵਾਈਏ'। ਡਾ. ਮੂਸਾ ਦੇ ਅਰਜ਼ ਕਰਨ ਤੇ ਗਰੀਬ ਨਿਵਾਜ ਜੀ ਨੇ ਬਖ਼ਸ਼ਸ਼ ਕੀਤੀ ਅਤੇ ਉਹਨਾਂ ਦੇ ਮਹਿਲ (Palace) ਵਿੱਚ ਦਰਸ਼ਨ ਦਿੱਤੇ। ਪ੍ਰਿੰਸ ਚਾਰਲਸ ਨੇ ਸ੍ਰੀ ਸਤਿਗੁਰੂ ਜੀ ਦਾ ਬੜੇ ਸਤਿਕਾਰ ਤੇ ਚਾਉ ਨਾਲ ਮਹਿਲ ਵਿੱਚ ਸੁਾਗਤ ਕੀਤਾ। ਕਰੀਬ ਅੱਧਾ ਘੰਟਾ ਗੱਲ ਬਾਤ ਹੋਈ। ਡਾ. ਮੂਸਾ ਅੰਗਰੇਜ਼ੀ ਵਿੱਚ ਤਰਜਮਾ ਕਰ-ਕਰ ਪ੍ਰਿੰਸ ਨੂੰ ਦੱਸਦਾ ਰਿਹਾ ਜੋ ਸੱਚੇ ਪਾਤਸ਼ਾਹ ਬਚਨ ਕੀਤੇ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਮੈਨੂੰ ਭੀ ਨਾਲ ਜਾਣ ਦਾ ਮੌਕਾ ਮਿਲਿਆ, ਪ੍ਰਧਾਨ ਰਾਜਿੰਦਰ ਸਿੰਘ ਚਾਨਾ ਅਤੇ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਨਾਲ ਸਨ। ਇਸ ਤਰ੍ਹਾਂ ਡਾ. ਮੂਸਾ ਤੇ ਬਖ਼ਸ਼ਸ਼ ਹੋਈ ਅਤੇ ਉਹ ਫਰਸ਼ੋਂ ਅਰਸ਼ ਤੱਕ ਪਹੁੰਚ ਗਏ।

ਇੱਕ ਹੋਰ ਬਖ਼ਸ਼ਸ਼, ਇਹ ਗੱਲ 1960 ਦੀ ਹੋਵੇਗੀ। ਨਾਮਧਾਰੀ ਵਿੱਦਿਅਕ ਜੱਥੇ ਦੀ ਸਥਾਪਨਾ ਹੋ ਚੁੱਕੀ ਸੀ। ਦਿੱਲੀ ਤੋਂ ਮਹਾਰਾਜ ਬੀਰ ਸਿੰਘ ਜੀ ਦੇ ਉੱਦਮ ਨਾਲ ਇੱਕ ਅੰਗਰੇਜ਼ੀ ਦਾ ਹਫ਼ਤਾਵਾਰੀ ਅਖ਼ਬਾਰ ਸ਼ਿਵ ਲਾਲ ਜੀ ਦੀ ਸੰਪਾਦਕੀ ਹੇਠ ਛਪਦਾ ਰਿਹਾ। ਸ਼ਿਵ ਲਾਲ ਹੁਰੀਂ ਕਈ ਅੰਗਰੇਜ਼ੀ ਦੇ ਮੁੱਖ ਅਖ਼ਬਾਰਾਂ ਵਿੱਚ ਉੱਘੇ ਪੱਤਰਕਾਰ ਦੇ ਰੂਪ ਵਿੱਚ ਕੰਮ ਕਰ ਚੁੱਕੇ ਸਨ। ਅੰਗਰੇਜ਼ੀ ਦੀ ਲਿਖਤ ਵਿੱਚ ਉਹਨਾਂ ਦੀ ਮੁਹਾਰਤ ਸੀ। ਇਸ ਹਫ਼ਤਾਵਾਰੀ ਅਖ਼ਬਾਰ ਵਿੱਚ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨੂੰ ਬਹੁਤ ਉਜਾਗਰ ਕਰਦੇ ਸਨ। ਇੱਕ ਵਾਰੀ ਇਸ ਸਿਰਲੇਖ ਹੇਠ

"Guru Gobind Singh did not die at Nanded" ਉਹਨਾਂ ਆਪਣੇ ਤਰਕ ਦੇ ਕੇ ਵਿਸਤਾਰ ਨਾਲ ਲੇਖ ਲਿਖਿਆ। ਬਹੁਤ ਚਰਚਾ ਵੀ ਤੇ ਵਿਵਾਦ ਵੀ ਹੋਇਆ। ਬਾਅਦ ਵਿੱਚ ਸ਼ਿਵ ਲਾਲ ਆਪਣੇ ਬੱਚੇ-ਬੱਚੀਆਂ ਦੇ ਅਨੰਦ ਕਾਰਜ ਕਰ ਅਮਰੀਕਾ ਜਾ ਵੱਸੇ। ਉਹ ਅਕਸਰ ਆਖਦੇ ਸੀ "ਮੈਂ ਜ਼ਿੰਦਗੀ ਭਰ ਬਹੁਤ ਕੰਮ ਕੀਤਾ ਹੈ ਪਰ ਜਿਤਨਾ ਕੁੱਝ ਮੈਂ ਸਤਿਗੁਰੂ ਜੀ ਦੀ ਬਖ਼ਸ਼ਸ਼ ਨਾਲ ਏਥੇ ਕੰਮ ਕਰ ਸਕਿਆ ਹਾਂ ਉਸ ਦਾ ਇਤਨਾ ਸਕੂਨ ਤੇ ਸੁਆਦ ਇਸ ਤੋਂ ਪਹਿਲੋਂ ਹੋਰ ਕਿਤੇ ਨਹੀਂ ਮਿਲਿਆ"।

ਏਸੇ ਦੌਰਾਨ ਇੱਕ ਦਿਨ ਸੇਠ ਤਰਲੋਕ ਸਿੰਘ ਜੀ ਦੀ ਪਹਿਲੀ ਕੋਠੀ 11/10 ਪੂਸਾ ਰੋਡ ਜਿੱਥੇ ਸ੍ਰੀ ਸਤਿਗੁਰੂ ਜੀ ਦਾ ਡੇਰਾ ਹੋਇਆ ਕਰਦਾ ਸੀ ਮੇਰੇ ਨਾਲ ਸੰਤ ਸੁਖਦਰਸ਼ਨ ਸਿੰਘ, ਸੰਤ ਸਤਿਨਾਮ ਸਿੰਘ, ਹਰਮੀਤ ਸਿੰਘ ਢੋਡੇਵਾਲੇ ਤੇ ਕੁੱਝ ਹੋਰ ਨੌਜਵਾਨ ਸਰਦੀਆਂ ਦੇ ਦਿਨਾਂ ਵਿੱਚ ਰਾਤ 8/9 ਵਜੇ, ਇਸ ਹਫ਼ਤਾਵਾਰੀ ਅਖ਼ਬਾਰ ਦੀ ਕਰ ਫੋਲਡਿੰਗ, ਟਿਕਟਾਂ ਅਤੇ ਐਡਰੈੱਸਾਂ ਦੀਆਂ ਚਿੱਟਾਂ ਲਗਾ ਅਗਲੇ ਦਿਨ ਡਾਕ ਵਿੱਚ ਭੇਜਣ ਦੀ ਤਿਆਰੀ ਕਰ ਰਹੇ ਸਾਂ। ਅਚਾਨਕ ਚੁੱਪ ਚਾਪ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਗਟ ਹੋ ਸਾਨੂੰ ਕੋਠੀ ਦੀ ਪਹਿਲੀ ਛੱਤ ਦੇ ਇੱਕ ਕਮਰੇ ਵਿੱਚ ਜਿਥੇ ਅਸੀਂ ਕੰਮ ਕਰ ਰਹੇ ਸਾਂ, ਆ ਦਰਸ਼ਨ ਦਿੱਤੇ। ਅਸੀਂ ਸਾਰੇ ਹੈਰਾਨ ਹੋ ਗਏ। ਸਭ ਨੇ ਉੱਠ ਕੇ ਸਤਿਕਾਰ ਸਹਿਤ ਮੱਥਾ ਟੇਕਿਆ। ਸ੍ਰੀ ਸਤਿਗੁਰੂ ਜੀ ਬਹੁਤ ਹੀ ਪ੍ਰਸੰਨ ਹੋਏ, ਬੇਅੰਤ ਖ਼ੁਸ਼ੀਆਂ ਬਖ਼ਸ਼ੀਆਂ ਅਤੇ ਹੁਕਮ ਕੀਤਾ, ਸਾਰੇ ਨੌਜਵਾਨਾਂ ਨੂੰ ਚੁੱਪ ਚਾਪ ਏਸੇ ਤਰ੍ਹਾਂ ਬਗੈਰ ਕਿਸੇ ਵਖਾਵੇ ਦੇ ਕੰਮ ਕਰਨਾ ਚਾਹੀਦਾ ਹੈ। ਸਾਨੂੰ ਲੱਗ ਰਿਹਾ ਸੀ ਢੇਰ ਸਾਰੀਆਂ ਅਸੀਸਾਂ ਦੀ ਬਖ਼ਸ਼ਸ਼ ਹੋ ਰਹੀ ਹੈ।

ਬਹੁਤ ਚਿਰਾਂ ਤੋਂ ਸੇਵਕ ਹਰਪਾਲ ਸਿੰਘ ਮੈਨੂੰ ਪ੍ਰੇਰਿਤ ਕਰ ਰਿਹਾ ਸੀ ਕਿ ਇਤਨਾ ਲੰਬਾ ਸਮਾਂ ਤੁਸੀਂ ਸਤਿਗੁਰੂ ਜਗਜੀਤ ਸਿੰਘ ਦੇ ਕਿਰਪਾ ਪਾਤਰ ਰਹੇ ਹੋ ਆਪਣੀਆਂ ਯਾਦਾਂ ਜ਼ਰੂਰ ਲਿਖੋ। ਪ੍ਰੋ. ਤਾਰਾ ਸਿੰਘ ਅਨਜਾਣ ਵੀ ਮੈਨੂੰ ਪ੍ਰੇਰਦੇ ਰਹੇ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ, ਉੱਦਮ ਅਤੇ ਬਲ ਬਖ਼ਸ਼ਣ ਤਾਂ ਕੁੱਝ ਨਾ ਕੁੱਝ ਹੋਰ ਲਿਖਣ ਦਾ ਯਤਨ ਵੀ ਕਰ ਸੱਕਾਂ। ਸਤਿਗੁਰੂ ਪਰਤਾਪ ਸਿੰਘ ਜੀ ਨਾਲ ਵੀ ਕੁੱਝ ਸਮਾਂ ਨੇੜਿਉਂ ਗੁਜ਼ਾਰਨ ਦਾ ਮਿਲਿਆ ਸੀ ਉਸ ਦਾ ਬਿਰਤਾਂਤ ਕਹਿਣ ਦਾ ਵੀ ਯਤਨ ਕਰਾਂਗਾ ਹੈ। ਬਖ਼ਸ਼ਸ਼ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਕਰਨ, ਐਸਾ ਕਰ ਸਕਾਂ, ਇਹ ਮੇਰੀ ਵੀ ਤੀਬਰ ਇੱਛਾ ਹੈ।

ਮੇਰੇ ਮੀਤ ਜਗਜੀਤ ਬੇਅੰਤ ਸਤਿਗੁਰ

ਬਾਂਕੀ ਬੰਸੀਆ ਸੂਰਜਾ ਪਿਆਰਿਆ ਵੇ
ਲੱਖ ਸੂਰਜੋਂ ਵੱਧ ਜਮਾਲ ਤੇਰਾ।
ਇਕ ਨਦਰ ਨਾਲ ਜੀਵਨ ਪਲਟਾ ਦੇਵੇਂ
ਮੇਰੇ ਸ਼ਹਿਨਸ਼ਾਹ ਡਿੱਠਾ ਕਮਾਲ ਤੇਰਾ।
ਮਹਿਮਾ ਵੇਦ ਪੁਰਾਣ ਨਾ ਦੱਸ ਸੱਕਣ
ਜਸ ਅਪਰ ਅਪਾਰ ਦਿਆਲ ਤੇਰਾ।
ਦੂਈ ਦਵੈਤ ਨੂੰ ਮੇਟੇ ਮੁਸਕਾਨ ਤੇਰੀ
ਕੱਟੇ ਦੋਖ ਦੁੱਖ ਦਾਤਾ ਖਿਆਲ ਤੇਰਾ।
ਉਹਨਾਂ ਅੱਖਾਂ ਵਿੱਚ ਰੱਬ ਦਾ ਨੂਰ ਵੱਸਿਆ
ਜਿਨ੍ਹਾਂ ਅੱਖਾਂ ਨੇ ਤੇਰਾ ਦੀਦਾਰ ਪਾਇਆ।
ਚਸ਼ਮੇ ਪ੍ਰੇਮ ਦੇ ਓਸ ਦੇ ਦਿਲ ਫੁੱਟੇ
ਰੱਬ ਵਰਗਾ ਜਿਹਨੇ ਦਿਲਦਾਰ ਪਾਇਆ।
ਉਹਦੇ ਜਨਮ ਤੇ ਮਰਨ ਦੇ ਗੇੜ ਮੁੱਕੇ
ਚਰਣ ਕਮਲਾਂ ਨਾਲ ਜਿਸ ਪਿਆਰ ਪਾਇਆ।
ਤੇਰੇ ਦਰ ਟੁੱਟਾ ਮਾਣ ਮਾਨੀਆਂ ਦਾ
ਨਿਮਰ ਗਰੀਬ ਨੇ ਏਥੇ ਸਤਿਕਾਰ ਪਾਇਆ।
ਰਾਮ ਹਰੀ ਪ੍ਰਤਾਪ ਦਾ ਰੂਪ ਸੈਂ ਤੂੰ
ਸੈਂ ਆਸਰਾ ਬੇਸਹਾਰਿਆਂ ਦਾ।
ਮੇਰੇ ਮੀਤ ਜਗਜੀਤ ਬੇਅੰਤ ਸਤਿਗੁਰ
ਰਿਜਕ ਦਾਤਾ ਨਿਰਵੈਰ ਸੈਂ ਸਾਰਿਆਂ ਦਾ।

-ਸੰਤ ਨਿਸ਼ਾਨ ਸਿੰਘ ਕਥਾਕਾਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਪੁਸਤਕਾਂ

ਡ – ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਤਾ ਕਾਲ ਨਾਮਧਾਰੀ ਪੰਥ ਦਾ ਸਵਰਣ ਯੁਗ ਸੀ। ਉਹਨਾਂ ਦੀ ਕਿਰਪਾ ਨਾਲ ਨਾਮਧਾਰੀ ਪੰਥ ਨੇ ਹਰ ਖੇਤਰ ਵਿਚ ਸ਼ਾਨਾਮੱਤੀ ਤਰੱਕੀ ਕੀਤੀ ਅਤੇ ਲੋਕਾਈ ਨੂੰ ਜਿਊਣਦਾ ਢੰਗ ਦੱਸਿਆ। ਦੇਸ਼ ਵਿਦੇਸ਼ਾਂ ਵਿਚ ਨਾਮਧਾਰੀ ਪੰਥ ਦੀ ਸੋਭਾ ਹੋਈ। ਯੂਨੀਵਰਸਿਟੀਆਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਚੇਅਰਾਂ ਸਥਾਪਤ ਹੋਈਆਂ। ਉਥੇ ਸਾਹਿਤਕਾਰ ਸ੍ਰੀ ਭੈਣੀ ਸਾਹਿਬ ਅਉਣ ਲੱਗੇ ਅਤੇ ਸਤਿਗੁਰੂ ਜੀ ਹਰ ਕਿਸੇ ਸਾਹਿਤਕਾਰ ਦੀ ਮੱਦਦ ਕਰਦੇ। ਪੰਜਾਬੀ ਸਾਹਿਤ ਬਾਰੇ ਕਾਨਫਰੰਸਾਂ, ਸਮੇਂ ਲੰਗਰ ਦਾ ਸਾਰਾ ਖਰਚ ਸ੍ਰੀ ਭੈਣੀ ਸਾਹਿਬ ਵੱਲੋਂ ਕੀਤਾ ਜਾਂਦਾ। ਉਂਵ ਵੀ ਉਨ੍ਹਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਰਹੀ। ਸਾਹਿਤ ਦਾ ਖੇਤਰ ਬਹੁਤ ਵੱਡਾ ਹੈ, ਮੈਂ ਇਸ ਲੇਖ ਵਿਚ ਸਿਰਫ ਉਹਨਾਂ ਸਾਹਿਤਕਾਰਾਂ ਦੀਆਂ ਲਿਖਤ/ਪੁਸਤਕਾਂ ਦਾ ਜ਼ਿਕਰ ਕਰਾਂਗਾ ਜੋ ਵਾਰਤਕ ਵਿਚ ਤਿਆਰ ਕਰਕੇ ਛਪਵਾਈਆ ਗਈਆਂ। ਕਵਿਤਾ ਅਤੇ ਪਤਰਕਾਰੀ ਦੇ ਖੇਤਰ ਵਿਚ ਤਿਆਰ ਵਿਸ਼ੇਸ਼ ਅੰਕਾਂ ਬਾਰੇ ਮੈਂ ਕਿਸੇ ਹੋਰ ਲੇਖ ਵਿਚ ਜ਼ਿਕਰ ਕਰਾਂਗਾ।

1. ਬੀਤੇ ਦੀਆਂ ਪੈੜਾਂ–

17 ਹਿੱਸੇ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਸਹਿਪਾਠੀ ਸ੍ਰੀ ਪ੍ਰੀਤਮ ਸਿੰਘ ਕਵੀ ਜੀ ਸਤਿਗੁਰੂ ਜੀ ਨਾਲ ਮਾਣੇ ਪਲ, ਚਰਨਾਂ ਵਿਚ ਬੈਠ ਕੇ ਸਤਿਗੁਰੂ ਜੀ ਦੇ ਸੁਣੇ ਬਚਨ ਅਤੇ ਸਤਿਗੁਰੂ ਜੀ ਨੂੰ ਸਮੇਂ ਸਮੇਂ ਮਿਲਣ ਆਏ ਪ੍ਰਤਿਸ਼ਠਿਤ ਵਿਅਕਤੀਆਂ ਬਾਰੇ ਆਪਣੀ ਡਾਇਰੀ ਨੁਮਾ ਲਿਖਤ ਨੂੰ ਤਿਆਰ ਕਰਦੇ ਰਹੇ। ਅੱਜ ਤੱਕ ਉਸਦੇ 17 ਹਿੱਸੇ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਤੋਂ ਬਿਨਾਂ ਅਜੇ ਹੋਰ ਵੀ ਭਾਗ ਅਣ ਪ੍ਰਕਾਸ਼ਿਤ ਹਨ। ਇਹਨਾਂ ਪੁਸਤਕਾਂ ਵਿਚੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਦੁੱਤੀ ਸਖਸ਼ੀਅਤ ਤੋਂ ਬਿਨਾਂ ਸਮੁੱਚੇ ਨਾਮਧਾਰੀ ਇਤਿਹਾਸ ਦੇ ਦਰਸ਼ਨ ਵੀ ਹੋ ਜਾਂਦੇ ਹਨ। ਉਹਨਾਂ ਭਾਗਾਂ ਵਿਚ 1959 ਈਸਵੀਂ ਦਾ ਅਤੇ ਫੇਰ 1977 ਤੋਂ 1986 ਈਸਵੀਂ ਤੱਕ ਦੇ ਇਤਿਹਾਸ ਨੂੰ ਤਾਰੀਖਵਾਰ ਲਿਖਿਆ ਹੈ। ਇਹ ਪੁਸਤਕਾਂ ਨਾਮਧਾਰੀ ਸਾਹਿਤ ਅਤੇ ਇਤਿਹਾਸ ਦਾ ਇਨਸਾਈਕਲੋਪੀਡੀਆ ਹਨ।

2. ਬੇਅੰਤ ਪਾਤਸ਼ਾਹ: ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੁਆਰਾ ਸੰਪਾਦਿਤ ਕ੍ਰੀਬ 260 ਪੰਨਿਆਂ ਦੀ ਪੁਸਤਕ 'ਬੇਅੰਤ ਪਾਤਸ਼ਾਹ, ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੇ ਵੱਖੋ-ਵੱਖ ਪਹਿਲੂਆਂ ਤੇ ਨਾਮਵਰ ਲੇਖਕਾਂ ਦੇ ਖੋਜ ਭਰਪੂਰ ਲੇਖਾਂ ਦਾ ਸੰਗ੍ਰਹਿ ਹੈ। ਇਹ ਸਾਂਭਣਯੋਗ ਇਕ ਸੰਧਰਭ ਪੁਸਤਕ ਨਾਮਧਾਰੀ ਦਰਬਾਰ ਵਲੋਂ 1996 ਵਿੱਚ ਪ੍ਰਕਾਸ਼ਿਤ ਹੋਈ।

3. 'ਨਾਨਕ ਰਾਜ ਕ੍ਰਿਤ' ਮਹੰਤ ਆਤਮਾ ਸਿੰਘ ਸਨਖਤ੍ਰਵੀ–

ਮਹੰਤ ਜੀ, ਆਪਣੇ ਸਮੇਂ ਦੇ ਨਾਮਧਾਰੀ ਪੰਥ ਦੇ ਸਿਰਮੌਰ ਵਿਦਵਾਨਾਂ ਵਿਚੋਂ ਇੱਕ ਸਨ। ਉਹ ਵੀਹ ਸਾਲ ਸਤਿਜੁਗ ਅਖਬਾਰ ਦੇ ਸੰਪਾਦਕ ਰਹੇ ਸਨ। ਉਹਨਾਂ ਨੇ 392 ਸਫ਼ੇ ਦੀ ਦੀ ਪੁਸਤਕ "ਨਾਨਕ ਰਾਜ" ਤਿਆਰ ਕੀਤੀ ਜੋ ਨਾਮਧਾਰੀ ਦਰਬਾਰ ਨੇ ਪ੍ਰਕਾਸ਼ਤ ਕੀਤੀ ਸੀ, ਉਸ ਵਿਚ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਤਿਹਾਸ ਖੋਜ ਭਰਪੂਰ ਮੈਟਰ ਨਾਲ ਸ਼ਿੰਗਾਰ ਕੇ ਪਾਠਕਾਂ ਅੱਗੇ ਪੇਸ਼ ਕੀਤਾ ਹੈ। ਪੁਸਤਕ ਵਿਚ ਅਨੇਕ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਹਨ, ਇਹ ਪੁਸਤਕ 1997 ਈਸਵੀਂ ਵਿਚ ਪ੍ਰਕਾਸ਼ਤ ਹੋਈ ਸੀ; ਨਾਮਧਾਰੀ ਇਤਿਹਾਸ ਬਾਰੇ ਪਾਠਕਾਂ ਲਈ ਇਕ ਸੁਗਾਤ ਹੈ।

4. ਘਟ ਘਟ ਵਾਸੀ–8 ਹਿੱਸੇ–

ਸੰਤ ਸੁਰਿੰਦਰ ਸਿੰਘ ਗੰਭੀਰ ਅਤੇ ਬੀਬੀ ਜਸਬੀਰ ਕੌਰ ਸ਼ਿਮਲਾ (ਅੱਜ ਕੱਲ ਰਿਹਾਇਸ਼ ਸ੍ਰੀ ਭੈਣੀ ਸਾਹਿਬ) ਨੇ ਸੰਗਤ ਵਿਚ ਵਿਚਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਨੂੰ ਅੱਠ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਸੀ। ਫਿਰ ਉਹਨਾਂ ਨੇ ਅੱਠ ਪੁਸਤਕਾਂ ਨੂੰ 2016 ਈਸਵੀਂ ਵਿਚ 456 ਸਫ਼ੇ ਦੇ ਆਕਾਰ ਦੀ ਪੁਸਤਕ ਬਣਾ ਕੇ ਪ੍ਰਕਾਸ਼ਤ ਕਰਵਾ ਦਿਤਾ ਜਿਸ ਵਿਚ ਕੁਲ 425

ਸਾਖੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸਿਖਾਂ ਦੇ ਦੁੱਖ ਨਵਿਰਤ ਕਰਨ ਅਤੇ ਦਰਸ਼ਨ ਦੇਣ ਦੀਆਂ ਘਟਨਾਵਾਂ ਨੂੰ ਕਲਮ ਬੱਧ ਕੀਤਾ ਗਿਆ ਹੈ। ਇਹ ਪੁਸਤਕ ਪੜ੍ਹਨ ਨਾਲ ਜਗਿਆਸੂ ਦਾ ਸੀਸ ਸਤਿਗੁਰਾਂ ਦੇ ਚਰਨਾਂ ਵਿੱਚ ਝੁਕ ਜਾਂਦਾ ਹੈ ਅਤੇ ਮਨ ਗੁਰੂ ਚਰਨਾਂ ਨਾਲ ਜੁੜ ਜਾਂਦਾ ਹੈ। ਇਹ ਗੁਰਸਿਖਾਂ ਲਈ ਸਾਂਭਣ ਯੋਗ ਸੁਗਾਤ ਹੈ।

5. ਗੁਰ ਗਿਆਨ ਮਾਲਾ–

ਇਸ ਪੁਸਤਕ ਦਾ ਆਕਾਰ ਪੰਜ ਗਰੰਥੀ ਗੁਰਬਾਣੀ ਪੋਥੀ ਵਾਲਾ ਹੈ, ਉਸਦੇ ਸੰਪਾਦਕ ਹਰਪਾਲ ਸਿੰਘ ਜੀ ਸੇਵਕ ਹਨ ਜੋ ਅਪਰੈਲ 2017 ਈਸਵੀ ਵਿਚ ਵਿਸ਼ਵ ਨਾਮਧਾਰੀ ਸੰਗਤ (ਰਜਿ.) ਸ੍ਰੀ ਭੈਣੀ ਸਾਹਿਬ ਦੇ ਯਤਨਾਂ ਨਾਲ ਪ੍ਰਕਾਸ਼ਤ ਹੋਈ ਹੈ। ਮਾਲਾ ਦੇ 108 ਮਣਕੇ ਹੁੰਦੇ ਹਨ, ਸੋ ਵਿਦਵਾਨ ਸੰਪਾਦਕ ਨੇ ਉਸਦੇ ਆਧਾਰ ਤੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ 108 ਪ੍ਰਵਚਨਾਂ ਨੂੰ ਪੁਸਤਕ ਵਿਚ ਸ਼ਾਮਲ ਕੀਤਾ ਹੈ, ਇਸਦੇ ਨਾਲ ਹੀ ਪੁਸਤਕ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਿੱਤਰ ਵੀ ਪ੍ਰਕਾਸ਼ਤ ਕਰਕੇ ਰੋਚਿਕਤਾ ਨੂੰ ਵਧਾ ਦਿਤਾ ਹੈ। ਇਸ ਪ੍ਰਕਾਰ ਸਤਿਗੁਰੂ ਜੀ ਦੇ ਪ੍ਰਵਚਨਾਂ ਦੀ ਸਾਂਭ ਸੰਭਾਲ ਕਰ ਦਿੱਤੀ ਹੈ।

6. ਏਕੁ ਜਿ ਸਾਜਨ ਮੈ ਕੀਆ, ਸਰਬ ਕਲਾ ਸਮਰਥ–

ਇਹ ਇਕ ਛੋਟੀ ਜਿਹੀ ਪੁਸਤਕ, ਜਿਸ ਵਿਚ ਸਤਿਗੁਰੂ ਜੀ ਬਾਰੇ ਤਸਵੀਰਾਂ ਪ੍ਰਕਾਸ਼ਤ ਹੋਈਆਂ ਹਨ, ਸੰਖੇਪ ਜੀਵਨੀ ਹੈ। ਇਹ ਪੁਸਤਕ ਹਰਪਾਲ ਸਿੰਘ ਸੇਵਕ ਜੀ ਦੀ ਤਿਆਰ ਕੀਤੀ ਹੋਈ ਹੈ ਇਸ ਵਿਚ ਸਤਿਗੁਰੂ ਜੀ ਦੀਆਂ ਹੱਥ ਲਿਖਤਾਂ ਦੀਆਂ ਤਸਵੀਰਾਂ ਅਤੇ ਡਾਇਰੀ ਦੇ ਪੰਨੇ ਵੀ ਅਸਲ ਰੂਪ ਵਿਚ ਪ੍ਰਕਾਸ਼ਤ ਕੀਤੇ ਹਨ।

7. ਗੋਪਾਲ ਰਤਨ–

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਾਮਧਾਰੀ ਪੰਥ ਵਲੋਂ ਅਨੇਕ ਉਪਨਾਮਾਂ ਅਤੇ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ। ਉਹ ਗਊ ਗਰੀਬ ਦੇ ਰਖਿਅਕ ਸਨ ਕਿਉਂਕਿ ਗਊ ਤੇ ਗਰੀਬ ਦੀ ਰੱਖਿਆ ਲਈ ਨਾਮਧਾਰੀਆਂ ਨੇ ਫਾਸੀਆਂ ਦੇ ਰੱਸੇ ਚੁੰਮੇ, ਕਾਲੇ ਪਾਣੀਆਂ ਦੀਆਂ ਸਜਾਵਾਂ ਭੋਗੀਆਂ, ਅੰਮ੍ਰਿਤਸਰ, ਰਾਏਕੋਟ ਅਤੇ ਮਲੇਰ ਕੋਟਲੇ ਵਿਚ ਨਾਮਧਾਰੀ ਸਿੰਘਾਂ ਨੇ ਬੁਚੜਾਂ ਨੂੰ ਸੋਧਿਆ ਅਤੇ ਗਊਆਂ ਨੂੰ ਬਚਾਇਆ ਸੀ। ਉਸੇ ਪਰੰਪਰਾ ਨੂੰ ਅਗੇ ਤੋਰਦੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਊਆਂ ਦੀ ਸਾਂਭ ਸੰਭਾਲ ਕੀਤੀ ਅਤੇ ਸ੍ਰੀ ਜੀਵਨ ਨਗਰ, ਸ੍ਰੀ ਭੈਣੀ ਸਾਹਿਬ ਆਦਿਕ ਥਾਵਾਂ ਤੇ ਗਊਸ਼ਾਲਾਵਾਂ ਖੋਲ੍ਹ ਕੇ ਗਊ ਧਨ ਦਾ ਸੁਧਾਰ ਕੀਤਾ। ਇਸੇ ਕਾਰਨ 1964 ਈਸਵੀਂ ਵਿਚ ਹੈਦਰਾਬਾਦ ਵਿਖੇ ਭਾਰਤ ਸਰਕਾਰ ਦੀ ਗੋ-ਸੰਵਰਧਨ ਸਮਿਤੀ ਵੱਲੋਂ ਸਤਿਗੁਰੂ ਜੀ ਨੂੰ "ਗੋਪਾਲ ਰਤਨ" ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸੇ ਖਿਤਾਬ ਨੂੰ ਆਧਾਰ ਬਣਾ ਕੇ ਸੂਬਾ ਸੁਰਿੰਦਰ ਕੌਰ ਖਰਲ ਨੇ ਸਤਿਗੁਰੂ ਜੀ ਦੀ ਗਊ ਪ੍ਰਤੀ ਪਿਆਰ ਅਤੇ ਦੇਣ ਨੂੰ ਪੁਸਤਕ ਵਿਚ ਸਮੋਅ ਲਿਆ ਹੈ। ਇਹ ਪੁਸਤਕ 2011 ਈਸਵੀਂ ਵਿਚ ਵਿਸ਼ਵ ਨਾਮਧਾਰੀ ਸੰਗਤ (ਰਜਿ.) ਸ੍ਰੀ ਭੈਣੀ ਸਾਹਿਬ ਵਲੋਂ ਪ੍ਰਕਾਸ਼ਤ ਕੀਤੀ ਗਈ ਹੈ, ਗਊ ਰਖਿਆ ਬਾਰੇ ਐਸੀ ਖੋਜ ਭਰਪੂਰ ਪੁਸਤਕ ਪਹਿਲੀ ਵਾਰ ਪਾਠਕਾਂ ਦੇ ਹੱਥਾਂ ਵਿਚ ਆਈ ਹੈ।

8. ਪ੍ਰਕਾਸ਼ ਪੁੰਜ (ਦੋ ਹਿੱਸੇ)–

ਬੀਬੀ ਸੁਰਿੰਦਰ ਕੌਰ ਖਰਲ ਨੇ ਕਾਫੀ ਸਾਲਾਂ ਦੀ ਸਖਤ ਮਿਹਨਤ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਦੁੱਤੀ ਸਖਸ਼ੀਅਤ ਬਾਰੇ "ਪ੍ਰਕਾਸ਼ ਪੁੰਜ" ਸਿਰਲੇਖ ਹੇਠ ਦੋ ਹਿਸਿਆਂ ਵਿਚ ਪੁਸਤਕਾਂ ਤਿਆਰ ਕੀਤੀਆਂ ਹਨ। ਪਹਿਲਾਂ ਹਿੱਸਾ ਉਹਨਾਂ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ 2011 ਈਸਵੀਂ ਵਿਚ ਪ੍ਰਕਾਸ਼ਤ ਕਰਵਾਇਆ ਸੀ। ਪਹਿਲੇ ਹਿਸੇ ਵਿਚ ਉਹਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤਕ ਖੋਜ ਭਰਪੂਰ ਮੈਟਰ ਪਾਠਕਾਂ ਅੱਗੇ 15 ਅਧਿਆਏ ਲਿਖਕੇ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਦੂਜੇ ਹਿੱਸੇ ਵਿਚ ਉਹਨਾਂ ਨੇ ਬਾਗਬਾਨੀ ਨੂੰ ਦੇਣ, ਗਊ ਪਾਲਣ, ਇਸਤਰੀ ਜਾਤੀ ਤੇ ਉਪਕਾਰ, ਜੀਵ ਦਇਆ, ਸ਼ਾਕਾਹਾਰ ਦਾ ਪ੍ਰਚਾਰ, ਵਿਸ਼ਵ ਸ਼ਾਂਤੀ ਲਈ ਪ੍ਰਯਤਨ ਅਤੇ ਖੂਹਾਂ ਦਾ ਨਿਰਮਾਣ ਆਦਿਕ ਸਿਰਲੇਖਾਂ ਹੇਠ ਵਖ ਵਖ ਚੈਂਪਟਰ ਤਿਆਰ ਕਰਕੇ ਪੁਸਤਕ ਵਿਚ ਸਤਿਗੁਰੂ ਜੀ ਦੇ ਅੰਤਮ ਸਾਲਾਂ ਬਾਰੇ ਕੁਝ ਵੀ ਦਰਜ ਨਹੀਂ ਕੀਤਾ ਹੈ। ਆਸ ਹੈ ਕਿ ਉਹ "ਪ੍ਰਕਾਸ਼ ਪੁੰਜ" ਦਾ ਤੀਸਰਾ ਹਿੱਸਾ ਵੀ ਛੇਤੀ ਤਿਆਰ ਕਰਕੇ ਸਾਹਿਤ ਜਗਤ ਤਕ ਪਹੁੰਚਾਉਣਗੇ।

9. ਸ਼ਰਧਾਂਜ਼ਲੀ ਸਮੇਂ ਪ੍ਰਕਾਸ਼ਤ ਸਾਹਿਤ–

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 13 ਦਸੰਬਰ 2012 ਈਸਵੀਂ ਨੂੰ ਜੋਤੀ ਜੋਤ ਸਮਾਏ ਸਨ ਅਤੇ

ਉਹਨਾਂ ਪ੍ਰਤੀ ਸ਼ਰਧਾਜ਼ਲੀ ਸਮਾਗਮ 23 ਦਸੰਬਰ 2012 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ ਸੀ। ਉਸ ਸਮਾਗਮ ਵਿਚ ਨਾਮਧਾਰੀ ਸੰਗਤਾਂ ਤੋਂ ਬਿਨਾਂ ਦੇਸ਼ ਬਿਦੇਸ਼ਾਂ ਤੋਂ ਅਨੇਕ ਪ੍ਰਤਿਸ਼ਠਿਤ ਵਿਅਕਤੀ, ਰਾਜਸੀ ਨੇਤਾ, ਵੱਖ ਵੱਖ ਧਰਮਾਂ ਦੇ ਮਹਾਂਪੁਰਸ਼ ਸਤਿਗੁਰਾਂ ਨੂੰ ਸ਼ਰਧਾਜ਼ਲੀ ਭੇਟ ਕਰਨ ਪਹੁੰਚੇ ਸਨ। ਉਸ ਸਮੇਂ ਪੈਂਫਲੈਟ ਦੀ ਸ਼ਕਲ ਵਿਚ ਸੰਗਤ ਵਿਚ ਕੁਝ ਪੁਸਤਕਾਂ ਤਕਸੀਮ ਕੀਤੀਆਂ ਗਈਆਂ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਸੀ-

ੳ) ਸਤਿਗੁਰੂ ਜਗਜੀਤ ਸਿੰਘ ਜੀ ਦਾ ਪਾਵਨ ਵਿਅਕਤੀਤਵ- ਇਹ ਪੈਫਲੈਟ ਜਿਸਦਾ ਆਕਾਰ 20 ਸਫੇ ਦਾ ਹੈ ਜੋ ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਜੀ ਨੇ ਹਿਰਦੇਜੀਤ ਸਾਹਿਤ ਪ੍ਰਕਾਸ਼ਨ ਪਟਿਆਲਾ ਤੋਂ ਪ੍ਰਕਾਸ਼ਤ ਕਰਵਾਇਆ ਸੀ। ਉਹਨਾਂ ਨੇ ਅਤਿ ਸੰਖੇਪ ਰੂਪ ਵਿਚ ਨਾਮਧਾਰੀ ਇਤਿਹਾਸ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਅਕਤੀਤਵ ਬਾਰੇ ਗਲ ਕੀਤੀ ਹੈ।

(ਅ) ਏਕੁ ਜਿ ਸਾਜਨ ਮੈ ਕੀਆ ਸਰਬ ਕਲਾ ਸਮਰਥੁ- ਇਹ ਪੈਂਫਲੈਟ 26 ਸਫੇ ਦੇ ਆਕਾਰ ਦਾ ਹੈ, ਇਸ ਵਿਚ ਸੁਵਰਨ ਸਿੰਘ ਵਿਰਕ, ਅਜੀਤ ਸਿੰਘ ਲਾਇਲ ਅਤੇ ਵਿਜੈ ਕੁਮਾਰ ਜੱਗਬਾਣੀ ਅਖਬਾਰ ਵਾਲਿਆਂ ਦੇ ਸਤਿਗੁਰੂ ਜੀ ਪ੍ਰਤੀ ਸ਼ਰਧਾਜ਼ਲੀ ਦੇ ਰੂਪ ਵਿਚ ਤਿੰਨ ਲੇਖ ਪ੍ਰਕਾਸ਼ਤ ਕੀਤੇ ਗਏ ਹਨ ਜੋ ਪਾਠਕਾਂ ਦੇ ਗਿਆਨ ਵਿਚ ਚੋਖਾ ਵਾਧਾ ਕਰਦੇ ਹਨ।

10. ਤਵਾਰੀਖ ਸੰਤ ਖਾਲਸਾ (ਗੁਰ ਇਤਿਹਾਸ)-

ਭਾਗ ਤੀਜਾ 1959-2012 ਈਸਵੀ- ਪ੍ਰੋਫੈਸਰ ਕਿਰਪਾਲ ਸਿੰਘ ਕਸੇਲ ਨਾਮਧਾਰੀ ਪੰਥ ਦੇ ਪ੍ਰਸਿਧ ਵਿਦਵਾਨ ਸਨ। ਉਹਨਾਂ ਨੇ ਨੇਤਰ ਹੀਣ ਹੁੰਦਿਆਂ ਹੋਇਆਂ ਪੰਜਾਬੀ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿਚ ਉਹ ਮਾਰਅਕੇ ਵਾਲੇ ਕਾਰਜ ਕੀਤੇ ਜਿਨ੍ਹਾਂ ਨੂੰ ਭਵਿਖ ਵਿਚ ਸਦਾ ਯਾਦ ਕੀਤਾ ਜਾਂਦਾ ਰਹੇਗਾ। ਉਹਨਾਂ ਦੇ ਰਚੇ ਹੋਏ ਸਾਹਿਤ ਤੋਂ ਭਵਿੱਖ ਵਿੱਚ ਖੋਜੀ ਵਿਦਵਾਨ ਸੇਧ ਲੈਂਦੇ ਰਹਿਣਗੇ।

ਉਹਨਾਂ ਨੇ ਤਵਾਰੀਖ ਸੰਤ ਖਾਲਸਾ-ਤਿੰਨਾਂ ਭਾਗਾਂ ਵਿੱਚ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਵੱਡ ਆਕਾਰੀ ਗ੍ਰੰਥ ਤਿਆਰ ਕੀਤੇ। ਪਹਿਲੇ ਭਾਗ ਵਿੱਚ ਸਤਿਗੁਰੂ ਨਾਨਕ ਦੇਵ ਜੀ ਤੋਂ ਸਤਿਗੁਰੂ ਹਰੀ ਸਿੰਘ ਜੀ (1469 ਤੋਂ 1906 ਈ.) ਤੱਕ, ਦੂਸਰਾ ਭਾਗ 1906 ਤੋਂ 1959 ਈ: ਤੱਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਤੀਜਾ ਹਿੱਸਾ ਜੋ 1350 ਪੰਨਿਆਂ ਵਿਚ ਸਮੋਇਆ ਹੋਇਆ ਹੈ, ਲਾਜਵਾਬ ਗਰੰਥ ਤਿਆਰ ਕੀਤਾ ਹੈ। ਇਹ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਨਾਮਧਾਰੀ ਪੰਥ ਵਿਚ ਪਹਿਲਾ ਗਰੰਥ ਹੈ ਜਿਸ ਵਿਚ ਪਹਿਲੀ ਵਾਰ ਉਹਨਾਂ ਦੇ ਜੀਵਨ ਦੇ ਹਰ ਪਹਿਲੂ ਬਾਰੇ ਖੋਜ ਭਰਪੂਰ ਵਿਚਾਰ ਹੋਈ ਹੈ ਅਤੇ ਉਹਨਾਂ ਬਾਰੇ ਹਰ ਸਰੋਤ ਦਾ ਬਾਖੂਬੀ ਵਰਨਣ ਕੀਤਾ ਹੈ।

11.ਜੈਸਾ ਸਤਿਗੁਰ ਸੁਣੀਦਾ- ਪ੍ਰੋ. ਕਿਰਪਾਲ ਸਿੰਘ ਕਸੇਲ ਰਚਿਤ ਪ੍ਰਬੰਧ ਕਾਵਿ ਦਾ ਉੱਤਮ ਨਮੂਨਾ ਜਿਸ ਵਿਚ ਸਤਿਗੁਰੂ ਰਾਮ ਸਿੰਘ ਜੀ ਸਤਿਗੁਰੂ ਹਰੀ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਸੰਖੇਪ ਕਾਵਿਕ ਵਰਨਣ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਦੇ ਚਾਲੀ ਵਰ੍ਹੇ ਪੂਰੇ ਹੋਣ ਤੇ ਚਾਲੀ ਕਾਵਿਕ-ਬੰਦ, 'ਚਾਲੀਸਾ, ਅਤੇ ਬਾਰਾਂ ਮਾਂਹ, ਸਤਵਾਰਾ, ਪਹਿਰੇ ਆਦਿ ਸਰਲ, ਸਪਸ਼ਟ ਅਤੇ ਉੱਚ ਕੋਟੀ ਦਾ ਕਾਵਿਕ ਵਰਨਣ ਹੈ ਇਸ ਪੁਸਤਕ ਵਿੱਚ।

12. ਸਾਚਾ ਸਾਹਿਬ- ਸ. ਲਖਵਿੰਦਰ ਸਿੰਘ ਬਾਜਵਾ ਰਚਿਤ ਕ੍ਰੀਤ 200 ਪੰਨੇ ਦਾ ਮਹਾਂ-ਕਾਵਿ ਉੱਤਮ ਦਰਜੇ ਦਾ ਕਾਵਿਕ ਵਰਨਣ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜੀਵਨ ਦੇ ਵੱਖੋ-ਵੱਖ ਪਹਿਲੂਆਂ ਸ਼ਰਧਾ ਅਤੇ ਪ੍ਰੇਮ-ਰਸ ਪਰੁੱਚੀ ਵਿਦਵਤਾ ਭਰਪੂਰ ਕਾਵਿ ਵੰਨਗੀ ਹੈ- ਬਾਜਵਾ ਜੀ ਦੀ।

ਇਸ ਤੋਂ ਬਿਨਾਂ ਜੀਵਨ ਨਗਰ ਸਾਹਿਬ ਸਭਾ ਦੇ ਕਾਵੀਆਂ ਦੀਆਂ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕਾਵਿ ਪੁਸਤਕਾਂ, ਮਾਸਟਰ ਅਮਰੀਕ ਸਿੰਘ ਜੀ ਅਤੇ ਸ. ਬਲਬੀਰ ਸਿੰਘ ਢਿਲੋਂ ਦੀ ਰਚਨਾਵਾਂ ਵਰਨਣ ਯੋਗ ਹਨ- ਵਰਿਆਮ ਅਤੇ ਸਤਿਜੁਗ ਦੇ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅਮਕ ਅਤੇ ਸ਼ਰਧਾਂਜ਼ਲੀ ਅੰਕਾਂ ਵਿਚ ਵੀ ਖੋਜ ਭਰਪੂਰ ਸਮੱਗਰੀ ਦਾ ਸੰਗ੍ਰਹਿ ਹੈ॥

ਇਹ ਕੁਝ ਕੁ ਸਤਿਗੁਰੂ ਜੀ ਦੇ ਜੀਵਨ ਅਤੇ ਅਨੂਠੀ ਸ਼ਖਸੀਅਤ ਬਾਰੇ ਰਚਿਆ ਸਾਹਿਤ, ਮੈਨੂੰ ਸਮੇਂ-ਸਮੇਂ ਪੜ੍ਹਨ ਦਾ ਮੌਕਾ ਮਿਲਿਆ ਹੈ ਜਿਸ ਬਾਰੇ ਮੈਂ ਅਤਿ ਸੰਖੇਪ ਰੂਪ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਮੋਬਾਈਲ-94177-69103

ਪੂਰਨ ਗੁਰ-ਅਵਤਾਰ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
(1920-2012 ਈ.)

✍ -ਹਰਪਾਲ ਸਿੰਘ ਸੇਵਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰੂਹਾਨੀਅਤ ਦੇ ਉਹ ਮਹਾਨ ਰਹਿਬਰ ਹੋਏ ਹਨ, ਜਿਨਾਂ ਨੇ ਅਧਿਆਤਮਿਕਤਾ ਦੇ ਨਾਲ-ਨਾਲ ਵਿਸ਼ਵ ਅਮਨ, ਭਾਈਚਾਰਕ ਸਦ-ਭਾਵਨਾ, ਸਮਾਜ-ਕਲਿਆਣ ਅਤੇ ਸਰਬਪੱਖੀ-ਵਿਕਾਸ ਦੇ ਅਨੇਕਾਂ ਮੀਲ-ਪੱਥਰ ਗੱਡੇ ਹਨ। ਆਪ ਕੇਵਲ ਸਦ-ਉਪਦੇਸ਼ ਅਤੇ ਅਸ਼ੀਰਵਾਦ ਦੇਣ ਵਾਲੇ ਮੁਕਤੀ ਦਾਤਾ ਗੁਰੂ ਹੀ ਨਹੀਂ ਸਨ ਸਗੋਂ ਆਮ ਮਨੁੱਖਾਂ ਵਾਂਗ ਸੁਖ-ਦੁਖ ਹੰਢਾਉਂਦੇ, ਕਿਰਤ ਕਰਦੇ, ਨਵੇਂ ਗਿਆਨ ਵਿਗਿਆਨ ਨੂੰ ਅਪਨਾਉਣ ਲਈ ਪ੍ਰੇਰਦੇ, ਬੱਚਿਆਂ ਨੂੰ ਮਾਪਿਆਂ ਵਾਂਗ ਲਾਡ ਲਡਾਉਂਦੇ, ਬਜ਼ੁਰਗਾਂ ਨੂੰ ਪ੍ਰੇਮ ਅਤੇ ਸਤਿਕਾਰ ਨਾਲ ਨਿਵਾਜਦੇ, ਹੱਸਦੇ ਖੇਡਦੇ ਸਮਾਜ ਵਿਚ ਇਵੇਂ ਵਿਚਰਦੇ ਕਿ ਹਰ ਕਿਸੇ ਨੂੰ ਅਪਣੱਤ ਦਾ ਅਹਿਸਾਸ ਹੁੰਦਾ- ਆਪ ਦਾ ਨੂਰੀ ਮੁੱਖ-ਮੰਡਲ, ਪ੍ਰੇਮ ਰਸ-ਰੰਗੇ ਮਸਤ ਨੇਤ੍ਰ, ਧਰਤੀ ਜੇਡਾ ਜੇਰਾ, ਖੁਲ੍ਹੇ ਅਕਾਸ਼ ਜੇਹੀ ਸੋਚ, ਮਹਿਕਾਂ ਭਰਿਆ ਕੋਮਲ ਹਿਰਦਾ, ਸ੍ਰੀ ਮੁਖ ਤੇ ਧੀਰਜ ਨਾਲ ਓਤਪੋਤ ਸਦਾ ਬਹਾਰ ਮੁਸਕਾਨ ਅਤੇ ਪ੍ਰੇਮ-ਪਰੁੱਚੇ ਮਿਕਨਾਤੀਸੀ ਬੋਲ ਹਰ ਕਿਸੇ ਨੂੰ ਆਪਣਾ ਬਣਾ ਲੈਣ ਦੀ ਸ਼ਕਤੀ ਰੱਖਦੇ ਸਨ। ਸੁਹਜ, ਸਾਦਗੀ ਅਤੇ ਸਦਭਾਵਨਾ ਆਪਦਾ ਸਹਿਜ ਸੁਭਾਅ ਸੀ।

ਆਪ ਦਾ ਪ੍ਰਕਾਸ਼ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦੇ ਗ੍ਰਿਹ ਵਿਖੇ ਕੱਤਕ ਸੁਦੀ ਇਕਾਦਸ਼ੀ 8 ਮੱਘਰ ਸੰਮਤ 1977 ਬ੍ਰਿ. 22 ਨਵੰਬਰ 1920 ਈ. ਦਿਨ ਸੋਮਵਾਰ, ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਆਪ ਦੇ ਪ੍ਰਕਾਸ਼ ਸਮੇਂ ਵੀ ਸ੍ਰੀ ਭੈਣੀ ਸਾਹਿਬ ਡਿਓੜੀ ਅੱਗੇ ਅੰਗ੍ਰੇਜ਼ ਸਰਕਾਰ ਦੀ ਬਿਠਾਈ ਪੁਲਿਸ ਚੌਂਕੀ ਅਜੇ ਕਾਇਮ ਸੀ ਜੋ 1923 ਈ. ਵਿਚ ਉਠਾਈ ਗਈ। ਆਪ ਦਾ ਨਾਮ 'ਜਗਜੀਤ ਸਿੰਘ' ਰੱਖਿਆ, ਸੰਗਤਾਂ ਆਪ ਨੂੰ 'ਬੇਅੰਤ ਜੀ' ਕਹਿ ਪਿਆਰਦੀਆਂ, ਸਤਿਕਾਰਦੀਆਂ। ਆਪ ਦੇ ਛੋਟੇ ਭਰਾਤਾ ਬੀਰ ਸਿੰਘ ਜੀ ਨੂੰ ਸੰਗਤਾਂ 'ਬੱਲੋ ਜੀ' ਨਾਮ ਨਾਲ ਸੰਬੋਧਤ ਕਰਦੀਆਂ।

ਪੂਰਨ ਗੁਰ ਸਿੱਖ ਦੇ ਰੂਪ ਵਿਚ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਪਨ ਅਤੇ ਯੁਵਾ ਅਵਸਥਾ, ਮੁੱਢਲੇ 39 ਵਰ੍ਹੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਦੀ ਕਾਰ ਵਿਚ ਰਹਿੰਦਿਆਂ ਇਕ ਪੂਰਨ ਗੁਰ ਸਿੱਖ ਵਾਂਗ ਬਿਤਾਏ।

ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ ਰਿਸ਼ੀ ਆਸ਼ਰਮਾ ਜਿਹੀ ਪਾਠਸ਼ਾਲਾ ਵਿਚ ਬਹੁ-ਭਾਸ਼ਾਈ ਅਤੇ ਦਸਤਕਾਰੀ ਸਿਖਿਆ ਦੇ ਨਾਲ ਸ਼ਾਸਤ੍ਰੀ ਸੰਗੀਤ, ਗੁਰਮਤਿ ਕੀਰਤਨ, ਗੁਰਬਾਣੀ, ਸਿੱਖ ਇਤਿਹਾਸ ਅਤੇ ਖੇਡਾਂ ਆਦਿ ਦੀਨੀ ਅਤੇ ਦੁਨਿਆਵੀ ਗਿਆਨ ਗ੍ਰਹਿਣ ਕੀਤਾ। ਘੋੜ ਸਵਾਰੀ, ਤੈਰਾਕੀ, ਕੁਸ਼ਤੀ, ਗਤਕਾ, ਫੁਟਬਾਲ, ਪੋਲੋ ਆਦਿ ਖੇਡਾਂ ਵੀ ਆਪਦੇ ਜੀਵਨ ਦਾ ਅਨਿਖੜਵਾਂ ਅੰਗ ਸਨ। ਸੰਗਤਾਂ ਦੀ ਹੱਥੀਂ ਸੇਵਾ ਕਰਨੀ, ਲੰਗਰ ਵਿਚ ਬਰਤਨ ਮਾਂਜਨੇ, ਪੰਥਕ ਜਿੰਮੇਵਾਰੀਆਂ ਤਨ-ਦੇਹੀ ਨਾਲ ਨਿਭਾਉਣੀਆਂ, ਧਾਰਮਿਕ ਮੇਲਿਆਂ ਅਤੇ ਰਾਜਨੀਤਿਕ ਜਲਸਿਆਂ ਦਾ ਆਯੋਜਨ ਕਰਨਾ, ਅਤਿਅੰਤ ਰੁਝੇਵਿਆਂ ਵਿਚ ਵੀ ਨਾਮ-ਬਾਣੀ ਦੇ ਨਿਤਨੇਮ ਅਤੇ ਰਹਿਤ ਮਰਿਯਾਦਾ ਵਿਚ ਕਦੇ ਵਿਘਨ ਨਾ ਪੈਣ ਦੇਣਾ, ਕਦੇ ਵੀ ਗੁਰੂ ਪੁੱਤਰ ਹੋਣ ਦਾ ਵਿਸ਼ੇਸ਼ ਅਧਿਕਾਰ ਨਾ ਜਤਾਉਣਾ ਸਗੋਂ ਹਰ ਕਿਸੇ ਨਾਲ ਨਿਮਰਤਾ, ਸਦ-ਭਾਵਨਾ ਅਤੇ ਅਦਬ ਨਾਲ ਪੇਸ਼ ਆਉਣਾ। ਦੇਸ਼ ਦੀ ਵੰਡ ਵੇਲੇ ਪੱਛਮੀਂ ਪੰਜਾਬ ਚੋਂ ਸਿੱਖਾਂ ਨੂੰ ਸੁਰੱਖਿਅਤ ਕੱਢ ਕੇ ਲਿਆਉਣ ਅਤੇ ਇਲਾਕਾ ਜੀਵਨ ਨਗਰ ਵਿਚ ਵਸਾਉਣ ਸਮੇਂ ਪਿਤਾ ਸਤਿਗੁਰੂ ਦੇ ਹੁਕਮ ਵਿਚ ਆਪ ਨੇ ਅਹਿਮ ਭੂਮਿਕਾ ਨਿਭਾਈ। ਉਸ ਸਮੇਂ ਸਿੱਖਾਂ ਪਾਸ ਖੇਤੀ ਕਰਨ ਲਈ ਸਾਧਨ ਬੜੇ ਸੀਮਤ ਸਨ। ਆਪ ਜੀ ਦੇ ਦੇਖ ਰੇਖ ਹੇਠ ਤਿੰਨ ਸਾਲ ਕਈ ਪਿੰਡਾਂ ਦੇ ਸਿੱਖਾਂ ਨੇ ਸਾਂਝੀ ਖੇਤੀ ਕੀਤੀ। ਸੰਗਤਾਂ ਆਪ ਜੀ ਨੂੰ ਵੱਡੇ 'ਬਾਬਾ ਜੀ' ਕਹਿ ਸਤਿਕਾਰਦੀਆਂ।

ਤਖਤਿ ਬਹੈ ਤਖਤੈ ਕੀ ਲਾਇਕ: ਭਾਈ ਲਹਿਣਾ ਜੀ ਵਾਂਗ ਵੱਡੇ ਬਾਬਾ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਰ ਹੁਕਮ ਦੀ ਕਸਵੱਟੀ ਤੇ ਪੂਰੇ ਉਤਰੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ 22 ਅਗਸਤ 1959 ਈ. ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਆਪ ਜੀ ਨੇ ਆਪਣੇ ਗੁਰਤਾ ਕਾਲ (1959-2012 ਈ.) ਸਮੇਂ ਹਰ ਖੇਤਰ ਵਿਚ ਨਵੀਆਂ ਪੈੜਾਂ ਪਾਈਆਂ। ਸਤਿਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਵਿਸ਼ਵ ਭਰ

ਵਿਚ ਪ੍ਰਚਾਰਿਆ, ਪ੍ਰਸਾਰਿਆ। ਸ੍ਰੀ ਦਸਮੇਸ਼ ਪਾਤਸ਼ਾਹ ਦੇ ਖਾਲਸੇ ਦੀ ਨਿਆਰੀ ਸ਼ਾਨ ਅਤੇ ਪਹਿਚਾਨ ਨੂੰ ਹਰ ਅਗਾਂਹ ਵਧੂ ਖੇਤਰ ਵਿਚ ਸਨਮਾਨ ਯੋਗ ਥਾਂ ਦਿਵਾਈ। ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਤੇ ਚੱਲਦਿਆਂ ਨਾਮਧਾਰੀ ਪੰਥ ਨੂੰ ਬੁਲੰਦੀਆਂ ਤੇ ਪਹੁੰਚਾਇਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਅੱਧੀ ਸਦੀ ਤੋਂ ਵੱਧ ਸਮੇਂ ਦੀ ਘਾਲਣਾ ਸਦਕਾ ਹੀ ਅੱਜ ਨਸ਼ਾ ਮੁਕਤਿ, ਸਾਬਤ ਸਰੂਪ ਸਿੱਖੀ ਸਰੂਪ ਦਾ ਧਾਰਣੀ, ਨਾਮਧਾਰੀ ਪੰਥ ਸੰਸਾਰ ਭਰ ਵਿਚ ਖਾਲਸੇ ਦੇ ਨਿਆਰੇ ਸਰੂਪ ਦੀ ਸੋਭਾ ਵਧਾ ਰਿਹਾ ਹੈ।

ਆਪਿ ਜਪੈ ਅਵਰਹ ਨਾਮੁ ਜਪਾਵੈ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮ-ਬਾਣੀ ਦਾ ਜਾਪ ਆਪ ਕੀਤਾ ਅਤੇ ਸਿੱਖਾਂ ਤੋਂ ਕਰਵਾਇਆ। ਸਲਾਨਾ ਨਾਮ ਸਿਮਰਨ ਜੱਪ-ਪ੍ਰਯੋਗ ਦੌਰਾਨ ਰੋਜ਼ਾਨਾ ਅੱਠ ਘੰਟੇ ਨਾਮ ਜੱਪਣਾ ਅਤੇ ਹਜ਼ਾਰਾ ਸਿੱਖਾਂ ਤੋਂ ਜਪਵਾਉਣਾ। ਆਪ ਜੀ ਦੇ ਸਮੇਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿੱਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀ ਲੜੀ ਤਿੰਨ ਵੇਰ (1961 ਈ. ਸ੍ਰੀ ਭੈਣੀ ਸਾਹਿਬ, 1974 ਈ. ਸੰਤ ਨਗਰ (ਹਰਿਆਣਾ) ਅਤੇ 1997 ਈ. ਸ੍ਰੀ ਭੈਣੀ ਸਾਹਿਬ) ਸੰਪੂਰਨ ਕਰਕੇ ਭੋਗ ਪਾਏ ਗਏ। ਹਜ਼ਾਰਾਂ ਅਖੰਡ ਪਾਠ ਕਰਵਾਏ। ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਦੋ ਤੋਂ ਸੋਲਾਂ ਤੱਕ ਕਰ ਦਿੱਤੀਆਂ। ਛੇ ਵਾਰ ਸਵਾ ਲੱਖ ਚੰਡੀ ਦੀ ਵਾਰ ਦੇ ਸਵਾ-ਸਵਾ-ਲੱਖ ਪਾਠ ਅਤੇ ਹਵਨ ਯੱਗ ਕਰਵਾਏ। ਗੁਰਬਾਣੀ ਦੇ ਸ਼ੁਧ ਉਚਾਰਨ ਵਾਸਤੇ ਆਪ ਜੀ ਨੇ ਉਚੇਚੇ ਯਤਨ ਕੀਤੇ। ਆਪ ਜੀ ਹਮੇਸ਼ਾਂ ਆਪਣੇ ਪ੍ਰਵਚਨਾਂ ਚ ਫੁਰਮਾਇਆ ਕਰਦੇ ਸਨ: "ਹਰ ਨਾਮਧਾਰੀ ਪ੍ਰਤੀ ਜੀਅ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਅਤੇ ਹਰ ਪ੍ਰਵਾਰ, ਪ੍ਰਤੀ ਮਹੀਨਾ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਦਸਮ ਗ੍ਰੰਥ ਸਾਹਿਬ ਦਾ ਇਕ ਪਾਠ ਕਰਿਆ ਕਰੋ।

ਰਾਗ-ਰੂਪ-ਸਤਿਗੁਰੂ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਰਾਗ ਦੀ ਗੁੜਤੀ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਵਿਰਸੇ ਵਿਚ ਪ੍ਰਾਪਤ ਹੋਈ।ਸਾਢੇ ਚਾਰ ਸਾਲ ਦੀ ਅਵਸਥਾ ਵਿਚ ਉਸਤਾਦ ਹਰਨਾਮ ਸਿੰਘ ਜੀ ਪਾਸੋਂ ਸੰਗੀਤ ਸਿਖਿਆ ਅਰੰਭ ਕੀਤੀ। ਭਾਈ ਮਸਤਾਨ ਸਿੰਘ ਜੀ (ਪਟਿਆਲਾ) ਨੂੰ ਦਿਲਰੁਬਾ ਦੇ ਉਸਤਾਦ ਧਾਰਨ ਕੀਤਾ। ਕੀਰਤਨ ਦੀਆਂ ਪੁਰਾਤਨ ਰੀਤਾਂ ਭਾਈ ਤਾਬਾ ਜੀ ਪਾਸੋਂ, ਤਬਲਾ ਭਾਈ ਨਸੀਰ ਜੀ ਪਾਸੋਂ ਅਤੇ ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਉਸਤਾਦ ਊਧੋ ਖਾਂ ਜੀ (ਤਲਵੰਡੀ ਘਰਾਣਾ) ਪਾਸੋਂ ਸਿੱਖੀਆਂ।

ਅੰਮ੍ਰਿਤ ਵੇਲੇ ਦਾ ਇਸ਼ਨਾਨ, ਨਾਮ ਬਾਣੀ ਦਾ ਨਿਤਨੇਮ, ਦੋਵੇਂ ਵੇਲੇ ਦਾ ਕੀਰਤਨ (ਆਸਾ ਦੀ ਵਾਰ ਅਤੇ ਸ਼ਾਮ ਦਾ ਕੀਰਤਨ) ਆਪ ਜੀ ਦੇ ਜੀਵਨ ਦਾ ਅਨਿੱਖੜਵਾਂ ਅੰਗ ਰਿਹਾ, ਜਿਸ ਵਿਚ ਕਿਸੇ ਵੀ ਹਾਲਾਤ ਵਿਚ ਵਿਘਨ ਨਹੀਂ ਪੈਣ ਦਿੱਤਾ। ਆਪ ਜੀ ਨੇ ਉਚੇਚਾ ਧਿਆਨ ਦੇ ਕੇ ਕੀਰਤਨ ਸਮੇਂ ਗੁਰਬਾਣੀ ਦਾ ਸ਼ੁਧ ਉਚਾਰਨ ਅਤੇ ਕੇਵਲ ਤੰਤੀ ਸਾਜਾਂ ਨਾਲ ਕੀਰਤਨ ਕਰਨਾ ਸ਼ੁਰੂ ਕਰਵਾਇਆ। ਆਪ ਜੀ ਨੇ ਗੁਰਬਾਣੀ ਸ਼ਬਦਾਂ ਦੀਆਂ ਅਨੇਕ ਬੰਦਿਸ਼ਾਂ ਰਚੀਆਂ ਅਤੇ ਸੁਰਬੱਧ ਕੀਤੀਆਂ। ਸ਼ਾਸਤਰੀ ਸੰਗੀਤ ਦੇ ਪ੍ਰਸਿੱਧ ਉਸਤਾਦਾਂ ਪਾਸ ਨਾਮਧਾਰੀ ਨੌਜੁਆਨ ਸ਼ਾਗਿਰਦ ਭੇਜ ਕੇ ਉਨ੍ਹਾਂ ਦੀ ਸੰਗੀਤ ਕਲਾ ਦੀ ਵੰਨਗੀ ਨੂੰ ਕੀਰਤਨ ਵਾਸਤੇ ਸੁਰੱਖਿਅਤ ਕੀਤਾ। ਪਿਤਾ ਸਤਿਗੁਰੂ ਜੀ ਪਾਸੋਂ ਅਤੇ ਉਸਤਾਦਾਂ ਪਾਸੋਂ ਪ੍ਰਾਪਤ ਹੋਈ ਸੰਗੀਤ ਦੀ ਦਾਤ ਨੂੰ ਆਪ ਜੀ ਨੇ ਜੀਵਨ ਭਰ ਪ੍ਰਚਾਰਿਆ, ਪ੍ਰਸਾਰਿਆ ਅਤੇ ਖੁੱਲੇ ਹੱਥੀਂ ਵਰਤਾਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿਚ ਰਾਸ਼ਟਰੀ ਪੱਧਰ ਦੇ ਸੰਗੀਤ ਸੰਮੇਲਨ ਕਰਵਾਏ।

ਆਪ ਜੀ ਕੀਰਤਨ ਕਰਦਿਆਂ ਜਦ ਦਿਲਰੁਬਾ ਤੇ ਗਜ ਫੇਰਦੇ ਤਾਂ ਰਾਗਾਂ ਦਾ ਸਰੂਪ ਰੂਪਮਾਨ ਹੋ ਜਾਂਦਾ। ਪ੍ਰੇਮ ਰਸ, ਭਗਤੀ ਰਸ, ਵੈਰਾਗ ਰਸ ਰੂਪਮਾਨ ਹੋ ਜਾਂਦਾ। ਕੀਰਤਨ ਸਮੇਂ ਇਸ ਅੰਦਾਜ਼ ਵਿਚ ਸ਼ਬਦ ਗਾਉਂਦੇ, ਪ੍ਰਮਾਣ ਦੇਂਦੇ ਕਿ ਗੁਰਬਾਣੀ ਦੇ ਭਾਵ ਸਪਸ਼ਟ ਹੁੰਦੇ। ਸੰਗੀਤ, ਗੁਰਬਾਣੀ ਅਤੇ ਸਤਿਗੁਰੂ ਇਕ-ਮਿਕ ਹੋ ਜਾਂਦੇ, ਇਉਂ ਮਹਿਸੂਸ ਹੁੰਦਾ ਜਿਵੇਂ ਗੁਰਬਾਣੀ ਆਪਣੇ ਆਪ ਦੀ ਵਿਆਖਿਆ ਕਰ ਰਹੀ ਹੋਵੇ।

ਸਾਜ਼-ਨਿਵਾਜ਼ "ਕੁਝ ਸਾਲ ਪਹਿਲੋਂ ਮੈਨੂੰ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ। ਪਹਿਲੋਂ ਵੀ ਇਹ ਸ੍ਰੋਤ ਮੇਰੇ ਕੰਨੀ ਪੈਂਦੀ ਰਹੀ ਸੀ, ਫੇਰ ਪ੍ਰਤੱਖ ਦਰਸ਼ਨ ਕਰ ਲਏ। ਇੰਝ ਜਾਪਿਆ ਕਿ ਭਗਵਾਨ ਨੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਧੁਰ-ਦਰਗਾਹੋਂ ਸੰਗੀਤ ਕਲਾ ਦੀ ਮਹਾਨ ਬਖਸ਼ਿਸ਼ ਨਾਲ ਨਿਵਾਜ ਕੇ ਸੰਸਾਰ ਤੇ ਭੇਜਿਆ ਹੈ। ਵੱਡੇ-ਵੱਡੇ ਤਾਲਾਂ ਦੀਆਂ ਪੁਰਾਤਨ ਬੰਦਿਸ਼ਾਂ, ਬਿਨਾਂ ਕਿਸੇ ਸਾਜ ਦੀ ਸਹਾਇਤਾ ਦੇ, ਪੌਣੀਆਂ, ਸਵਾਈਆਂ ਅਤੇ ਡੇਢੀਆਂ ਮਾਤਰਾਂ ਵਿਚ ਰੀਤਾਂ ਉਨ੍ਹਾਂ ਦੇ ਗਲੇ ਤੋਂ ਸੁਰੀਲੀਆਂ ਸੁਰਾਂ ਵਿਚ ਸੁਣੀਆਂ।"

ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ
ਭਾਈ ਗੁਰਚਰਨ ਸਿੰਘ ਜੀ ਕੰਵਲ

"ਹਮਾਰੇ ਪਿਤਾ ਜੀ ਕਹਾ ਕਰਤੇ ਥੇ ਕਿ ਸ਼ਾਸਤ੍ਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਤਾ, ਇਸੇ ਕਰਨੇ ਵਾਲਾ ਬਾਦਸ਼ਾਹ ਹੋ ਯਾਂ ਫਕੀਰ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੁਸਤਾਨ ਕੋ ਰਾਸਤਾ ਦਿਖਾ ਰਹੇ ਹੈਂ ਕਿ ਸੰਗੀਤ ਕਿਆ ਹੈ ਔਰ ਇਸਕੀ ਕੈਸੀ ਉਪਾਸਨਾ ਕਰਨੀ ਚਾਹੀਏ।"

ਉਸਤਾਦ ਅਮਜ਼ਦ ਅਲੀ ਖਾਂ- ਸਰੋਦ ਸਮਰਾਟ
4 ਨਵੰਬਰ 1999 ਸਰੋਦ ਘਰ ਗਵਾਲੀਅਰ

ਸੇਵਾ ਦੀ ਮੂਰਤ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪੂਰਾ ਜੀਵਨ ਹੀ ਸੇਵਾ, ਸਿਮਰਨ ਅਤੇ ਤਿਆਗ ਦੀ ਇਕ ਮਿਸਾਲ ਸੀ। ਮੇਲਿਆਂ ਵਿਚ ਆਪ ਜੀ ਨੂੰ ਹਰ ਤਰ੍ਹਾਂ ਦੀ ਸੇਵਾ ਕਰਦਿਆਂ ਵੇਖਿਆ ਜਾ ਸਕਦਾ ਸੀ।ਅੰਮ੍ਰਿਤ ਵੇਲੇ ਲੰਗਰ ਵਾਸਤੇ ਖੂਹ ਚੋਂ ਜਲ ਭਰਨਾ, ਸਿੱਖਾਂ ਦਾ ਇਸ਼ਨਾਨ ਕਰਾਉਣਾਂ, ਸੰਗਤ ਦੇ ਜੂਠੇ ਬਰਤਨ ਮਾਂਜਨੇ, ਚੱਕੀ ਪੀਹਣੀ, ਦਾਲਾਂ ਚੁਗਣੀਆਂ, ਝਾੜੂ ਫੇਰਨ, ਸਰੋਵਰ ਦੀ ਕਾਰ ਸੇਵਾ, ਗਊਆਂ ਦੀ ਸੇਵਾ ਅਤੇ ਖੇਤਾਂ ਵਿਚ ਗੋਡੀ ਕਰਨੀ ਆਦਿ ਕਿਹੜੀ ਸੇਵਾ ਹੈ ਜੋ ਸਤਿਗੁਰੂ ਜੀ ਨੇ ਹੱਥੀਂ ਨਾ ਕੀਤੀ ਹੋਵੇ। ਆਪ ਜੀ ਸਭ ਤੋਂ ਵੱਧ ਪ੍ਰਸੰਨ ਹੁੰਦੇ ਸਨ, ਸੰਗਤਾਂ ਨੂੰ ਪੰਗਤਾਂ ਵਿਚ ਪਦਾਰਥ ਵਰਤਾਉਂਦਿਆਂ। ਆਪ ਜੀ ਨੇ ਜੀਵਨ ਭਰ ਨਾਮ-ਬਾਣੀ ਅਤੇ ਸੰਗੀਤ ਦੀਆਂ ਰੱਬੀ ਦਾਤਾਂ ਅਤੇ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਦੇ ਗੱਫੇ ਖੁੱਲ੍ਹੇ ਹੱਥੀਂ ਵਰਤਾਏ।

ਸ਼ਾਕਾਹਾਰ, ਅਮਨ-ਏਕਤਾ ਅਤੇ ਸਾਂਝੀਵਾਲਤਾ ਦੇ ਪੈਗੰਬਰ: ਮਾਸ-ਸ਼ਰਾਬ ਦਾ ਤਿਆਗ, ਜੀਵ ਦਇਆ, 'ਸਭੇ ਸਾਂਝੀਵਾਲ ਸਦਾਇਨਿ' ਅਤੇ ਸਰਬਤ ਦਾ ਭਲਾ, ਸਿੱਖ ਮੱਤ ਦੇ ਮੁੱਢਲੇ ਅਸੂਲ ਹਨ। ਗੁਰਮਤਿ ਦੇ ਇਨ੍ਹਾਂ ਆਦਰਸ਼ਾਂ ਦਾ ਵਿਸ਼ਵ ਭਰ ਵਿਚ ਪ੍ਰਚਾਰ-ਪ੍ਰਸਾਰ ਕਰਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਸ਼ਵ ਸ਼ਾਕਾਹਾਰੀ ਕਾਂਗਰਸ ਅਤੇ ਵਿਸ਼ਵ ਅਮਨ ਕੌਂਸਲ ਵਿਚ ਸਰਗਰਮ ਰੋਲ ਅਦਾ ਕੀਤਾ। ਵਿਸ਼ਵ ਪੱਧਰੀ ਕਾਨਫਰੰਸਾਂ ਕਰਕੇ ਸ਼ਾਕਾਹਾਰ ਦਾ ਪ੍ਰਚਾਰ ਕੀਤਾ। ਜੈਨ ਮਤ ਦੇ ਆਚਾਰਯ ਸ੍ਰੀ ਸੁਸ਼ੀਲ ਮੁਨੀ ਜੀ ਦੇ ਸ਼ਬਦਾਂ ਵਿਚ "ਅਗਰ ਕਿਸੀ ਕੋ ਅਹਿੰਸਾ ਕਾ ਦੇਵਦੂਤ ਕਹਾ ਜਾਏ ਤੋ ਵੋ ਸਤਿਗੁਰੂ ਜਗਜੀਤ ਸਿੰਘ ਜੀ ਹੈਂ।" ਜੰਗ ਦੇ ਮਾਰੂ ਪ੍ਰਭਾਵ ਤੋਂ ਮਨੁੱਖਤਾ ਨੂੰ ਬਚਾਉਣ ਲਈ ਆਪ ਨੇ ਵਿਸ਼ਵ ਅਮਨ ਕੌਂਸਲ ਵਿਚ ਅਹਿਮ ਭੂਮਿਕਾ ਨਿਭਾਈ। ਸਾਰੇ ਧਰਮਾਂ, ਸੰਪਰਦਾਵਾਂ ਅਤੇ ਸਮਾਜਿਕ ਸੰਸਥਾਵਾਂ ਨਾਲ ਆਪ ਨੇ ਪ੍ਰੇਮ ਅਤੇ ਸਦਭਾਵਨਾ ਭਰਪੂਰ ਗੂੜੀਆਂ ਸਾਂਝਾਂ ਕਾਇਮ ਕੀਤੀਆਂ। ਆਪ ਜੀ ਦਾ ਸਦਭਾਵਨਾ ਅਤੇ ਸਾਂਝੀਵਾਲਤਾ ਦਾ ਮੂਲ-ਮੰਤ੍ਰ ਸੀ- "ਆਪਣੇ ਹੱਕ ਦਾ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ, ਤਾਂ ਸਾਰੇ ਝਗੜੇ ਮੁੱਕ ਜਾਣਗੇ। ਵਿਸ਼ਵ ਸ਼ਾਂਤੀ ਕਾਇਮ ਹੋਵੇਗੀ।

ਹਸੰਦਿਆਂ-ਖੇਲੰਦਿਆਂ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਖੇਡਾਂ ਦਾ ਸ਼ੌਂਕ ਪਿਤਾ ਸਤਿਗੁਰੂ ਤੋਂ ਵਿਰਸੇ ਵਿਚ ਹੀ ਪ੍ਰਾਪਤ ਹੋਇਆ। ਤੈਰਾਕੀ, ਘੋੜ ਸਵਾਰੀ, ਗਤਕਾ, ਕੁਸ਼ਤੀ, ਫੁਟਬਾਲ ਆਦਿ ਖੇਡਾਂ ਵਿਚ ਆਪ ਜੀ ਮੋਹਰੀ ਹੋਇਆ ਕਰਦੇ ਸਨ। ਬੈਡਮਿੰਟਨ ਤਾਂ ਆਪ ਜੀ 80 ਸਾਲ ਦੀ ਅਵਸਥਾ ਤੱਕ ਵੀ ਖੇਡਦੇ ਰਹੇ।ਰਾਸ਼ਟਰੀ ਪੱਧਰ ਦੀ ਨਾਮਧਾਰੀ ਹਾਕੀ ਟੀਮ ਤਿਆਰ ਕਰਕੇ ਸਿੱਖੀ ਸਰੂਪ ਦੇ ਚਿਨ੍ਹ ਕੇਸ, ਦਾਹੜੀ, ਕਛਹਿਰਾ ਅਤੇ ਦਸਤਾਰ ਨੂੰ ਖੇਡ ਦੇ ਮੈਦਾਨ ਵਿਚ ਪਹੁੰਚਾਉਣ ਅਤੇ ਸਨਮਾਨ ਯੋਗ ਸਥਾਨ ਦਿਵਾਉਣ ਦਾ ਸੇਹਰਾ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹੀ ਜਾਂਦਾ ਹੈ। ਆਪ ਜੀ ਦੀ ਕਿਰਪਾ ਨਾਲ ਨਾਮਧਾਰੀ ਹਾਕੀ ਖਿਡਾਰੀਆਂ ਰਾਹੀਂ ਸਿੱਖੀ ਸਰੂਪ ਉਲੰਪਿਕ ਤੱਕ ਆਪਣੀ ਪਛਾਣ ਕਾਇਮ ਕਰ ਚੁੱਕਾ ਹੈ।

ਨਿਆਸਰੇ, ਬਿਰਧਾਂ ਅਤੇ ਬੀਮਾਰਾਂ ਦੀ ਸੇਵਾ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਨ੍ਹਾਂ ਸਭ ਦੇ ਆਸਰੇ ਬਣੇ ਜਿਨਾਂ ਦਾ ਕੋਈ ਸਹਾਰਾ ਨਹੀਂ ਸੀ। ਬਜ਼ੁਰਗਾਂ ਦੀ ਸੇਵਾ ਲਈ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਵਧੀਆ ਸੁਖ ਸਹੂਲਤਾਂ ਵਾਲਾ ਬਿਰਧ ਆਸ਼ਰਮ ਬਣਾਇਆ। ਜਦੋਂ ਆਪ ਜੀ ਸ੍ਰੀ ਭੈਣੀ ਸਾਹਿਬ ਹੁੰਦੇ, ਰੋਜਾਨਾ ਗਊਸ਼ਾਲਾ ਅਤੇ ਬਿਰਧਸ਼ਾਲਾ ਵਿਚ ਜਰੂਰ ਦਰਸ਼ਨ ਦੇਂਦੇ। ਘਰਾਂ ਵਿਚ ਵੀ ਕੋਈ ਸਿੱਖ ਚਲਣ ਫਿਰਨ ਤੋਂ ਅਸਮਰਥ ਹੁੰਦਾ, ਆਪ ਜੀ ਉਚੇਚਾ ਸਮਾਂ ਕੱਢ ਕੇ ਦਰਸ਼ਨ ਦੇਂਦੇ, ਸੁਖ-ਸ਼ਾਂਦ ਪੁਛਦੇ, ਕੋਈ ਲੋੜ ਹੋਵੇ, ਤੁਰੰਤ ਪੂਰੀ ਕਰਦੇ। ਕਈ ਵੇਰ ਬਜ਼ੁਰਗਾਂ ਨੂੰ ਇਕੱਠਿਆਂ ਕਰਕੇ, ਘੰਟਿਆਂ ਬੱਧੀ ਉਨ੍ਹਾਂ ਨਾਲ ਬਚਨ ਬਿਲਾਸ ਕਰਦੇ। ਕਦੇ ਕਿਸੇ ਨੂੰ ਅਣਗੋਲੇ ਜਾਣ ਦਾ ਅਹਿਸਾਸ ਤੱਕ ਨਾ ਹੋਣ ਦੇਂਦੇ। ਜੇ ਕੋਈ ਬਿਮਾਰ ਗਰੀਬੀ ਕਾਰਣ ਇਲਾਜ ਨਾ ਕਰਵਾ ਸਕਦਾ, ਆਪ ਜੀ ਚੰਗੇ ਹਸਪਤਾਲਾਂ ਵਿਚ ਭੇਜ ਕੇ ਇਲਾਜ ਕਰਵਾਉਂਦੇ। ਏਸੇ ਉਦੇਸ਼ ਦੀ ਪੂਰਤੀ ਲਈ ਆਪ ਜੀ ਸੰਨ 2005 ਵਿਚ ਲੁਧਿਆਣੇ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਬਣਾਇਆ ਤਾਂ ਕਿ ਏਥੇ ਗਰੀਬਾਂ ਦਾ ਵੀ ਇਲਾਜ ਹੋ ਸੱਕੇ। ਸੇਵਾ ਬਾਰੇ ਆਪ ਜੀ ਬਚਨ ਕਰਿਆ ਕਰਦੇ ਸਨ ਕਿ 'ਅਸਲ ਵਿਚ ਸੇਵਾ ਹੀ ਉਹ ਹੈ, ਜਿਥੋਂ ਕਿਸੇ ਤਰ੍ਹਾਂ ਦੀ ਰਿਟਰਨ ਦੀ ਆਸ ਨਾ ਹੋਵੇ।' ਇਸ ਤੋਂ ਬਿਨਾਂ ਆਪ ਜੀ ਨੇ ਅਨੇਕਾਂ ਗਰੀਬਾਂ ਦੇ ਕਰਜੇ ਲਾਹੇ, ਘਰ ਬਣਾ ਕੇ ਦਿਤੇ ਅਤੇ ਕੰਮ ਵਿਚ ਮੱਦਦ ਕਰਕੇ ਪੈਰਾਂ ਸਿਰ ਕੀਤਾ। ਕਈ ਗ੍ਰੀਬ ਸਿੱਖਾਂ ਨੂੰ ਜਮੀਨਾਂ ਬਖਸ਼ੀਆਂ।

ਬਾਲ ਸਖਾ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਮ ਕਲਾਵੇ ਵਿਚ ਛੋਟੇ-ਛੋਟੇ ਬਾਲਕ, ਨੌਜੁਆਨ ਅਤੇ ਬਜ਼ੁਰਗ ਸਾਰੇ ਹੀ ਹਾਣੀਆਂ ਵਾਂਗ ਸਮਾ ਜਾਂਦੇ ਸਨ। ਆਪਜੀ ਫੁਰਮਾਇਆ ਕਰਦੇ ਸਨ ਕਿ ਬੱਚੇ ਤਾਂ ਕੱਚੇ ਦੁੱਧ ਵਾਂਗ ਹੁੰਦੇ ਹਨ। ਚੰਗੀ ਸੰਗਤ ਨਾਲ ਉਨ੍ਹਾਂ ਨੂੰ ਨੇਕ ਅਤੇ ਮਹਾਨ ਬਣਾਇਆ ਜਾ ਸਕਦਾ ਹੈ। ਇਸ ਲਈ ਬੱਚੇ ਹਮੇਸ਼ਾਂ ਹੀ ਆਪ ਜੀ ਦੀ ਵਿਸ਼ੇਸ਼ ਤਵੱਜੋਂ ਅਤੇ ਬਖਸ਼ਿਸ਼ ਦੇ ਪਾਤਰ ਹੁੰਦੇ। ਸੰਗੀਤ ਸਿਖਿਆ ਲਈ ਬੱਚਿਆਂ ਵਾਸਤੇ ਆਪ ਜੀ ਉਚੇਚਾ ਸਮਾਂ ਕੱਢਦੇ, ਬਾਲਾਂ ਦੇ ਛੋਟੇ-ਛੋਟੇ ਹੱਥ ਫੜਕੇ ਤਾਲ ਦੇਣਾ ਅਤੇ ਮਾਤਰਾ ਗਿਣਨੀਆਂ ਸਿਖਾਉਂਦੇ। ਜੋ ਬੱਚੇ ਕਿਸੇ ਖੇਤਰ ਵਿੱਚ ਕੁਝ ਕਰ ਸੱਕਣ ਦੀ ਯੋਗਤਾ ਰੱਖਦੇ ਸਨ, ਆਪ ਜੀ ਦੇ ਮਾਰਗ ਦਰਸ਼ਨ, ਪ੍ਰੇਰਨਾ ਅਤੇ ਸਹਿਯੋਗ

ਨਾਲ ਵਿਸ਼ੇਸ਼ ਉਪਲਭਦੀਆਂ ਪ੍ਰਾਪਤ ਕਰ ਸੱਕੇ।

ਕੁਦਰਤ ਪ੍ਰੇਮੀ ਸਤਿਗੁਰੂ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਰੁੱਖਾਂ, ਫੁੱਲਾਂ, ਬੂਟਿਆਂ, ਪਸ਼ੂਆਂ, ਪੰਛੀਆਂ ਪ੍ਰਤੀ ਵਿਸ਼ੇਸ਼ ਲਗਾਉ ਸੀ। ਅਫਰੀਕਾ ਦੌਰੇ ਸਮੇਂ ਆਪ ਜੀ ਉਚੇਚਾ ਸਮਾਂ ਕੱਢ ਕੇ ਨੈਸ਼ਨਲ ਪਾਰਕਾਂ ਵਿਚ ਕੁਝ ਦਿਨ ਜੰਗਲੀ ਜਾਨਵਰਾਂ ਨਾਲ ਬਿਤਾਉਂਦੇ। ਸ੍ਰੀ ਭੈਣੀ ਸਾਹਿਬ ਆਪਣੇ ਹੱਥੀਂ ਗਊਆਂ ਨੂੰ ਗੁੜ ਛਕਾਉਂਦੇ ਅਤੇ ਮੋਰਾਂ ਨੂੰ ਚੋਗ ਚੁਗਾਉਂਦੇ। ਆਪ ਜੀ ਵਿਸ਼ਵ ਭ੍ਰਮਣ ਕਰਦਿਆਂ ਕੋਈ ਫਲਾਂ ਦੇ ਰੁੱਖ, ਕੋਈ ਫੁੱਲ ਵੇਖਦੇ ਤਾਂ ਆਪ ਜੀ ਦੀ ਕੋਸ਼ਿਸ਼ ਹੁੰਦੀ ਕਿ ਇਹ ਬੂਟੇ ਸਾਡੇ ਦੇਸ਼ ਵਿਚ ਹੋਣ, ਪੌਣ-ਪਾਣੀ ਅਨੁਸਾਰ ਸੰਭਵ ਹੁੰਦਾ ਤਾਂ ਲਿਆ ਕੇ ਆਪਣੇ ਫਾਰਮ ਵਿਚ ਲਗਾਉਂਦੇ। ਇਲਾਕਾ ਜੀਵਨ ਨਗਰ ਵਿਚ ਅੰਗੂਰਾਂ, ਕਿੰਨੂਆਂ ਵਗੈਰਾ ਦੇ ਬਾਗ ਆਪ ਜੀ ਦੇ ਉਚੇਚੇ ਯਤਨਾ ਨਾਲ ਹੀ ਸੰਭਵ ਹੋ ਸਕੇ। ਜੀਵਨ ਨਗਰ ਨੇੜੇ ਰੇਤਲੇ ਟਿੱਬਿਆਂ ਨੂੰ ਪੱਧਰੇ ਕਰਕੇ ਤਰ੍ਹਾਂ-ਤਰ੍ਹਾਂ ਦੇ ਬਾਗ ਲਗਾ ਕੇ ਅਤੇ ਮਿੱਟੀ ਇਕੱਠੀ ਕਰਕੇ ਦੋ ਵੱਡੇ ਟਿੱਬੇ ਬਣਾ ਕੇ, ਉਨ੍ਹਾਂ ਤੇ ਫੁੱਲ ਬੂਟੇ ਲਗਾ ਕੇ, ਟਿੱਬੇ ਵਾਲੇ ਖੂਹ (ਜੀਵਨ ਨਗਰ) ਨੂੰ ਇਕ ਦਰਸ਼ਨੀ ਸਥਾਨ ਬਣਾ ਦਿੱਤਾ। ਆਪ ਜੀ ਦੇ ਕੁਦਰਤ ਪ੍ਰੇਮੀਂ ਹੋਣ ਸਦਕਾ ਹੀ ਸ੍ਰੀ ਭੈਣੀ ਸਾਹਿਬ ਇੱਕ ਫੁੱਲਾਂ ਦੀ ਨਗਰੀ ਵਜੋਂ ਆਪਣੀ ਪਛਾਣ ਬਣਾ ਚੁੱਕਾ ਹੈ।

ਕਿਰਤੀ ਤੋਂ ਵਿਗਿਆਨਕ ਕਿਰਤੀ ਵਲ: 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਗੁਰਵਾਕ ਅਨੁਸਾਰ ਹੱਥੀਂ ਕਿਰਤ ਕਰਨੀ, ਵੰਡ ਕੇ ਛਕਣਾ ਅਤੇ ਨਾਮ ਜੱਪਣਾ ਹੀ ਗੁਰਮਤਿ ਜੀਵਨ ਦਾ ਆਧਾਰ ਹੈ। ਸੁੱਚੀ ਕਿਰਤ ਕਰਨ ਅਤੇ ਕਿਰਤ ਦਾ ਸਤਿਕਾਰ ਕਰਨ ਲਈ ਸਤਿਗੁਰੂ ਜਗਜੀਤ ਸਿੰਘ ਜੀ ਸਮਾਜ ਲਈ ਪ੍ਰੇਰਣਾਂ ਸਰੋਤ ਵੀ ਬਣੇ ਅਤੇ ਅਗੁਆਈ ਵੀ ਕੀਤੀ। ਆਪ ਜੀ ਨੂੰ ਖੇਤੀ ਅਤੇ ਬਾਗਬਾਨੀ ਦਾ ਕੇਵਲ ਸ਼ੌਕ ਹੀ ਨਹੀਂ ਸਗੋਂ ਵਸੀਹ ਗਿਆਨ ਵੀ ਸੀ। ਆਪ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਸਿੱਖੀ ਵਿਚ ਪ੍ਰਪੱਕ ਕਰਨ ਅਤੇ ਸਮੇਂ ਦਾ ਹਾਣੀ ਬਣਾਉਣ ਲਈ 1965 ਈ. ਵਿਚ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ। ਵਿਗਿਆਨਕ ਯੁੱਗ ਨੂੰ ਧਿਆਨ ਵਿਚ ਰੱਖਦਿਆਂ ਕਿਰਤੀ ਤੋਂ ਵਿਗਿਆਨਕ ਕਿਰਤੀ ਬਣਨ ਲਈ ਆਪ ਜੀ ਨੇ ਨਾਮਧਾਰੀ ਨੌਜੁਆਨਾਂ ਨੂੰ ਉਤਸ਼ਾਹਿਤ ਕੀਤਾ। ਸਿੱਟੇ ਵਜੋਂ ਅੱਜ ਹਰ ਅਗਾਂਹ ਵਧੂ ਖੇਤਰ ਵਿਚ ਨਾਮਧਾਰੀ ਨੌਜੁਆਨਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਸਾਹਿਤ, ਸੰਗੀਤ, ਖੇਡਾਂ ਤੋਂ ਬਿਨਾਂ ਤਕਨੀਕੀ ਖੇਤਰ ਵਿਚ ਵੀ ਨਾਮਧਾਰੀ ਸਿੱਖਾਂ ਦੀਆਂ ਪ੍ਰਾਪਤੀਆਂ ਵਰਨਣਯੋਗ ਹਨ। ਸੰਨ 1986 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਫਾਰਮ (ਬਿਰਦੀ-ਬੰਗਲੌਰ) ਵਿਖੇ ਸ੍ਰੀ ਉਦੇ ਸਿੰਘ ਜੀ (ਵਰਤਮਾਨ-ਸਤਿਗੁਰੂ) ਨੇ ਬੜੇ ਛੋਟੇ ਪੱਧਰ ਤੋਂ ਨਾਮਧਾਰੀ ਸੀਡਜ਼ ਕੰਪਨੀ ਸ਼ੁਰੂ ਕੀਤੀ। ਅੱਜ ਫਲ, ਸਬਜ਼ੀਆਂ ਅਤੇ ਬੀਜ ਉਤਪਾਦਕ ਵਿਸ਼ਵ ਪ੍ਰਸਿੱਧ ਨਾਮਧਾਰੀ ਸੀਡਜ਼ ਅਤੇ ਨਾਮਧਾਰੀ ਫਰੈੱਸ਼ ਆਪ ਜੀ ਦੇ ਕਿਰਤੀ ਤੋਂ ਵਿਗਿਆਨਕ ਕਿਰਤੀ ਬਣਨ ਦੇ ਸੁਪਨਿਆਂ ਦੀ ਸਾਕਾਰਤਾ ਹੀ ਹੈ।

ਨਵ ਨਿਰਮਾਣ: ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੱਕ ਸ੍ਰੀ ਭੈਣੀ ਸਾਹਿਬ ਬਹੁਤੇ ਮਕਾਨ ਕੱਚੇ ਅਤੇ ਛੱਤਾਂ ਕਾਨਿਆਂ ਦੇ ਛੱਪਰਾਂ ਦੀਆਂ ਹੁੰਦੀਆਂ ਸਨ। ਕਈ ਵੇਰ ਬਰਸਾਤ ਸਮੇਂ ਸੰਗਤਾਂ ਨੂੰ ਪਰੇਸ਼ਾਨੀ ਹੁੰਦੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੇਂ ਦੀ ਲੋੜ ਅਨੁਸਾਰ ਅਤੇ ਸੰਗਤਾਂ ਦੀ ਸਹੂਲਤ ਲਈ ਸ੍ਰੀ ਭੈਣੀ ਸਾਹਿਬ ਦਾ ਸੰਪੂਰਨ ਨਵ-ਨਿਰਮਾਣ ਕਰ ਦਿੱਤਾ ਪਰ ਕੁਝ ਇਤਿਹਾਸਕ ਸਥਾਨਾਂ ਨੂੰ ਉਸੇ ਰੂਪ ਵਿਚ ਸੁਰੱਖਿਅਤ ਰੱਖਿਆ ਗਿਆ ਹੈ ਜਿਵੇਂ ਅਕਾਲ ਬੁੰਗਾ, ਗੋਲ ਮੰਦਰ ਅਤੇ ਤ੍ਰਿਭਵਣ ਮੰਦਰ, ਇਨਾਂ ਦੋ ਮੰਦਰਾਂ ਦੇ ਕਾਨਿਆਂ ਦੇ ਛੱਪਰ ਵੀ ਵੰਨਗੀ ਮਾਤਰ ਰੱਖੇ ਹਨ। ਇਤਿਹਾਸਕ ਸਥਾਨਾਂ ਨੂੰ ਪੱਕਿਆਂ ਕਰਦਿਆਂ। ਉਨ੍ਹਾਂ ਦੀ ਦਿੱਖ ਪੁਰਾਤਨ ਹੀ ਰੱਖੀ ਗਈ ਹੈ। 1980 ਤੱਕ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ ਵੀ ਮੁਕੰਮਲ ਹੋ ਚੁੱਕਾ ਸੀ ਜਿਸਦਾ ਹਾਲ ਉਸ ਸਮੇਂ ਦਾ ਏਸ਼ੀਆ ਦਾ ਬਿਨਾ ਥੰਮਾਂ (ਪਿੱਲਰਾਂ) ਤੋਂ ਪਹਿਲਾ ਵੱਡਾ ਹਾਲ ਸੀ। ਵਿਸ਼ੇਸ਼ ਮਾਸਟਰ ਪਲੈਨ ਅਨੁਸਾਰ ਪੁਰਾਤਨ ਦਿੱਖ ਵਾਲਾ ਸ੍ਰੀ ਭੈਣੀ ਸਾਹਿਬ ਦਾ ਨਵੀਨ ਰੂਪ ਇਕ ਦਰਸ਼ਨੀ ਸਥਾਨ ਬਣ ਚੁੱਕਾ ਹੈ। ਸਤਿਗੁਰੂ ਰਾਮ ਸਿੰਘ ਮਿਨਿਏਚਰ ਪਾਰਕ ਦਰਸ਼ਕਾਂ ਲਈ ਵਿਸ਼ੇਸ਼ ਆਕਸ਼ਰਨ ਦਾ ਕੇਂਦਰ ਹੈ ਜੋ ਕਿ ਭਾਰਤ ਵਿਚ ਆਪਣੀ ਕਿਸਮ ਦਾ ਪਹਿਲਾ ਇਤਿਹਾਸਕ ਮਿਨਿਏਚਰ ਪਾਰਕ ਹੈ। ਸ੍ਰੀ ਭੈਣੀ ਸਾਹਿਬ ਦੇ ਨਵ ਨਿਰਮਾਣ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਆਪ ਜੀ ਦੇ ਮਹਿਲ ਸ੍ਰੀ ਮਾਤਾ ਚੰਦ ਕੌਰ ਜੀ, ਸਤਿਗੁਰੂ ਉਦੇ ਸਿੰਘ ਜੀ ਅਤੇ ਸੰਤ ਜਗਤਾਰ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਹੈ।

ਇਸ ਤੋਂ ਬਿਨਾਂ ਇਤਿਹਾਸਕ ਸਥਾਨਾਂ ਦੀ ਪ੍ਰਾਪਤੀ ਅਤੇ ਉਨ੍ਹਾਂ ਦਾ ਨਿਰਮਾਣ ਵੀ ਆਪ ਜੀ ਦੇ ਸਮੇਂ ਦੀ ਮਹਾਨ ਪ੍ਰਾਪਤੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਰਾਈਆਂ ਦੀ ਪ੍ਰਾਪਤੀ। ਮਲੇਰਕੋਟਲਾ, ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਸ਼ਹੀਦੀ ਸਮਾਰਕ ਵੀ ਦਰਸ਼ਨੀ ਯਾਦਗਾਰਾਂ ਬਣ ਚੁੱਕੀਆਂ ਹਨ। ਸੂਬਾ ਸਾਹਿਬ ਸਿੰਘ ਜੀ ਦੀ ਯਾਦਗਾਰ ਵੀ ਹਜ਼ਾਰੀ ਬਾਗ ਵਿਚ ਬਣਵਾਈ। ਇਨ੍ਹਾਂ ਸ਼ਹੀਦੀ ਯਾਦਾਗਾਰਾਂ ਵਿਖੇ ਆਪ ਜੀ ਨੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਵੀ ਸ਼ੁਰੂ ਕਰਵਾਈਆਂ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰਤਾ-ਕਾਲ ਨਾਮਧਾਰੀ ਪੰਥ ਦਾ ਸੁਵਰਣ ਯੁਗ ਕਿਹਾ ਜਾ ਸਕਦਾ ਹੈ। ਆਪ ਜੀ ਦੇ ਕਲਿਆਣ ਕਾਰੀ ਉਪਦੇਸ਼ ਅਤੇ ਆਪ ਜੀ ਦੀਆਂ ਪਾਈਆਂ ਪੈੜਾਂ ਸਦੀਵ ਕਾਲ ਤੱਕ ਮਨੁੱਖਤਾ ਦਾ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ।

- ਸੰਪ: 94176-01321

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥

✍ -ਅਜੀਤ ਸਿੰਘ ਲਾਇਲ

11 ਜੂਨ 1980 ਦੀ ਤਪਦੀ ਦੁਪਿਹਰ ਤਨ ਬਦਨ ਲੂਹ ਰਹੀ ਸੀ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਚ ਹਰੀ ਮੰਦਰ ਵਿੱਚ ਬੈਠੀਆਂ ਸੰਗਤਾਂ ਇਲਾਹੀ ਸੁੱਖ ਦਾ ਅਨੁਭਵ ਕਰ ਰਹੀਆਂ ਸਨ। ਇਲਾਹੀ ਦਰਬਾਰ ਵਿੱਚ ਹਰੀ ਨਾਮ ਦਾ ਸਿਮਰਨ ਕਰ ਰਹੀਆਂ ਸੰਗਤਾਂ ਨਾਲ ਹਰੀ ਮੰਦਰ ਲਬਾ ਲਬ ਸੀ। ਨਿਤਨੇਮ ਦਾ ਅਰਦਾਸਾ ਹੋਇਆ। ਰਾਗੀਆਂ ਸਾਜ ਸੁਰ ਕੀਤੇ। ਦਿਲਰੁਬਾ ਤੇ ਗਜ ਫਿਰਦਿਆਂ ਮਿੱਠੀਆਂ ਧੁਨਾ ਵਾਯੂਮੰਡਲ ਨੂੰ ਰੁਮਾਂਚਿਤ ਕਰਨ ਲੱਗੀਆਂ। ਸ਼ਬਦ ਦੀ ਟੇਕ ਚੁਨੀ

"ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵਿਛੋੜਿ"

ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਠੀਆਂ ਸੰਗਤਾਂ ਮੰਤਰ ਮੁਗਧ ਹੋਈਆਂ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਜਿਵੇਂ ਇਹ ਸ਼ਬਦ ਉਨ੍ਹਾਂ ਦੇ ਮਨ ਦੀ ਵੇਦਨਾਂ ਦਾ ਹੀ ਭਾਵ ਵਿਅੱਕਤ ਕਰ ਰਿਹਾ ਹੋਵੇ।

ਹਜ਼ੂਰ ਕਦੇ ਕਦੇ ਅਰਜ਼ਾ ਰੂਪੀ ਆਏ ਅਰਜ਼ ਪੱਤਰ ਪੜ੍ਹ ਰਹੇ ਸਨ ਅਤੇ ਉਨ੍ਹਾਂ ਤੇ ਆਪਣੇ ਹਸਤ ਕੰਵਲਾਂ ਨਾਲ ਇਲਾਹੀ ਹੁਕਮ ਲਿਖਣ ਦੀ ਬਖਸ਼ਿਸ਼ ਕਰ ਰਹੇ ਸਨ। ਇੱਕ ਪੁਰਾਣਾ ਜਿਹਾ ਕਾਗਜ਼; ਜਿਸਤੇ ਚਾਰ ਕੁ ਲਾਈਨਾ ਲਿਖੀਆਂ ਸਨ ਹਜ਼ੂਰ ਨੇ ਆਪਣੇ ਹਸਤ ਕੰਵਲਾਂ ਵਿੱਚ ਲਿਆ, ਪੜਦਿਆਂ ਪਾਤਸ਼ਾਹ ਇਕ ਦਮ ਗੰਭੀਰ ਹੋ ਗਏ। ਫਿਰ ਖਤ ਤਹਿ ਕੀਤਾ ਤੇ ਆਪਣੇ ਖੀਸੇ ਵਿੱਚ ਪਾ ਲਿਆ। ਉਂਝ ਇਵੇਂ ਅਕਸਰ ਬਹੁਤ ਘੱਟ ਹੀ ਹੁੰਦਾ ਹੈ। ਜ਼ਰੂਰ ਇਹ ਕਿਸੇ ਖਾਸ ਜਾਂ ਡਾਢੇ ਸ਼ਰਧਾਵਾਨ ਸਿੱਖ ਦੀ ਵੇਦਨਾ ਹੀ ਹੋਵੇਗੀ।

ਕੀਰਤਨ ਦੀ ਸਮਾਪਤੀ ਹੋਈ। ਅਰਦਾਸ ਕੀਤੀ ਗਈ। ਹਜ਼ੂਰ ਛੋਹਲੇ ਕਦਮੀਂ ਕੋਠੀ ਵਿੱਚ ਆ ਗਏ, ਚੁੱਪ ਚਾਪ, ਸਹਿਜ ਨਾਲ, ਬਿਨ੍ਹਾਂ ਕਿਸੇ ਨੂੰ ਦੱਸਿਆਂ, ਬਿਨਾਂ ਕੁੱਝ ਆਖਿਆਂ, ਕੁੱਛ ਵਸਤਾਂ ਇਕੱਤਰ ਕਰਨੀਆਂ ਸ਼ੁਰੂ ਕੀਤੀਆਂ। ਮਨ ਦੀ ਬੇਹਲਤਾ ਅਤੇ ਚਿਹਰੇ ਦੀ ਗੰਭੀਰਤਾ ਦੱਸ ਰਹੀ ਸੀ ਕਿ ਖੀਸੇ ਵਿੱਚ ਸੰਭਾਲਿਆ ਖੱਤ ਕੋਈ ਆਮ ਨਹੀਂ, ਡਾਢਾ ਖਾਸ ਏ।

ਸੱਚ ਮੁੱਚ ਇਹ ਖੱਤ ਖਾਸ ਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇੱਕ ਸ਼ਰਧਾਵਾਨ ਰਾਗੀ ਅਤੇ ਸਤਿਗੁਰੂ ਚਰਨਾਂ ਦੇ ਪ੍ਰੀਤ ਵਾਨ ਨੇ ਇਕ ਖੇਸ ਅਤੇ ਦੋ ਕਛਹਿਰਿਆਂ ਦੀ ਮੰਗ ਕੀਤੀ ਸੀ। ਸਿੱਖ ਦੀ ਵੇਦਨਾਂ ਹਜ਼ੂਰ ਦੇ ਹਿਰਦੇ ਦੀਆਂ ਗਹਿਰਾਈਆਂ ਤੱਕ ਜਾ ਲੱਥੀ ਸੀ।

ਜਿਵੇਂ ਕਿਵੇਂ ਰਾਤ ਗੁਜਰੀ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਅਰਦਾਸ ਉਪਰੰਤ ਸੇਵਕਾਂ ਨੂੰ ਤਿਆਰੀ ਦਾ ਹੁਕਮ ਦੇਂਦਿਆਂ, ਨਿਵਾਸ ਵੱਲ ਪਧਾਰੇ। ਗੁਰੂ ਕਾ ਡਰਾਈਵਰ ਕਾਰ ਲੈ ਹਾਜਰ ਹੋਇਆ, ਪੂਰਬਾ ਜੀ ਨੂੰ ਇਕੱਤ੍ਰ ਕੀਤਾ ਸਮਾਨ ਗੱਡੀ ਦੀ ਡਿੱਗੀ ਵਿੱਚ ਰੱਖਣ ਦਾ ਹੁਕਮ ਹੋਇਆ। ਪਾਤਸ਼ਾਹ ਕਾਰ ਵਿੱਚ ਸਵਾਰ ਹੋ ਗਏ। ਨਿੱਜੀ ਸਕੱਤ੍ਰ ਸੰਤ ਤਰਸੇਮ ਸਿੰਘ ਅਤੇ ਸੰਤ ਮਹਿੰਦਰ ਸਿੰਘ ਪੂਰਬਾ ਇਸ਼ਾਰਾ ਪਾ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਗਏ।

ਹੁਕਮ ਹੋਇਆ...............

ਸਮਰਾਲੇ............।

ਕਾਰ ਨੇ ਰਫਤਾਰ ਫੜੀ। ਕੁਝ ਕੁ ਮਿੰਟਾਂ ਵਿੱਚ ਹੀ ਸਮਰਾਲੇ ਪੁੱਜ ਗਏ। ਸੇਵਕਾਂ ਅਰਜ ਕੀਤੀ।

ਜੀ ਸੱਚੇ ਪਾਤਸ਼ਾਹ ਅੱਗੇ......?

ਕਕਰਾਲੇ......।

ਸਤਿ ਬਚਨ ਜੀ......!

ਕਕਰਾਲੇ ਪੁੱਜਦਿਆਂ ਹੁਕਮ ਹੋਇਆ ਭਾਈ ਗੁਰਦਿੱਤ ਸਿੰਘ ਵੱਲ। ਗੱਡੀ ਸਾਰਾ ਪਿੰਡ ਲੰਘ ਰਵਿਦਾਸੀਆਂ ਦੇ ਮੁਹੱਲੇ ਪੁੱਜਦਿਆਂ ਭਾਈ ਗੁਰਦਿੱਤ ਸਿੰਘ ਹੁਰਾਂ ਦੀਆਂ ਬਰੂਹਾਂ ਅੱਗੇ ਜਾ ਖਲੋਤੀ। ਪਾਤਸ਼ਾਹ ਜੀ ਗੱਡੀ ਚੋਂ ਉੱਤਰੇ, ਡਿਉਡੀ ਲੰਘ ਮੰਜੀ ਤੇ ਬੈਠੇ ਬਾਬਾ ਗੁਰਦਿੱਤ ਸਿੰਘ ਹੁਰਾਂ ਕੋਲ ਪਹੁੰਚ ਸਤਿ ਸ੍ਰੀ ਅਕਾਲ ਬੁਲਾਈ। ਬਾਬਾ ਜੀ ਦੇ ਕੰਨੀ ਜਦੋਂ ਪਾਤਸ਼ਾਹ ਜੀ ਦੀ ਅਵਾਜ ਪਈ ਤਾਂ ਇਕ ਦਮ ਚੇਹਰਾ ਉੱਪਰ ਉਠਾਇਆ। ਤਖਤ ਵਖਤ ਦੇ ਮਾਲਕ ਨੂੰ ਸਾਹਵੇਂ ਖਲੋਤਿਆਂ

Sri Satguru Jagjit Singh Ji Elibrary NamdhariElibrary@gmail.com

ਵੇਖ ਬਾਬਾ ਜੀ ਵਿਸਮਾਦ ਦੀ ਅਵਸਥਾ ਵਿੱਚ ਪਹੁੰਚ ਗਏ। ਗਲਾ ਭਰ ਆਇਆ, ਮਨ ਵੈਰਾਗੀ ਹੋ ਗਿਆ, ਅੱਖਾਂ ਚੋਂ ਹੰਝੂ ਮੋਤੀ ਬਣ ਚਾਂਦੀ ਰੰਗੇ ਦਾਹੜੇ ਤੇ ਇਕੱਤਰ ਹੋਣ ਲੱਗੇ। ਘਗਿਆਈ ਅਵਾਜ ਵਿੱਚ ਬਾਬਾ ਜੀ ਸਿਰਫ ਏਨਾ ਹੀ ਬੋਲੇ:- ਪਾਤਸ਼ਾਹ.........ਤੂੰ ਧੰਨ ਏ.........ਮੈਨੂੰ ਗਰੀਬ ਨੂੰ ਆ ਨਿਵਾਜਿਆ, ਤਾਈਓਂ ਤੈਨੂੰ ਗਰੀਬ ਨਿਵਾਜ਼ ਆਂਹਦੇ ਨੇ।

ਸੱਚੇ ਪਾਤਸ਼ਾਹ ਜੀ ਨੇ ਭਾਈ ਗੁਰਦਿੱਤ ਸਿੰਘ ਹੁਰਾਂ ਦੀ ਕੰਡ ਤੇ ਬਖਸ਼ਿਸ਼ਾਂ ਭਰਿਆ ਹੱਥ ਫੇਰਦਿਆਂ ਦਿਲਾਸਾ ਦਿੱਤਾ। ਪਰਿਵਾਰ ਵਾਲਿਆਂ ਜਦੋਂ ਬਾਬਾ ਜੀ ਕੋਲ ਪਾਤਸ਼ਾਹ ਜੀ ਨੂੰ ਖਲੋਤਿਆਂ ਵੇਖਿਆਂ ਤਾਂ ਕਿਸੇ ਨੇ ਭੱਜ ਕੇ ਮੰਜਾਂ ਲਿਆਂਦਾ ਕੋਈ ਵਿਛਾਈ ਕਰਨ ਲੱਗਾ। ਸਾਰਿਆਂ ਨੂੰ ਚਾਅ ਚੜ੍ਹ ਗਿਆ। ਬਾਬਾ ਗੁਰਦਿੱਤ ਸਿੰਘ ਦੇ ਸਾਹਵੇਂ ਵਿਛੇ ਮੰਜੇ ਤੇ ਹਜ਼ੂਰ ਬਿਰਾਜਮਾਨ ਹੋਏ। ਵੈਰਾਗੀ ਹੋਏ ਬਾਬਾ ਗੁਰਦਿੱਤ ਸਿੰਘ ਰਾਗੀ ਭਰੇ ਹੋਏ ਗਲੇ ਨਾਲ ਆਖਣਾ ਸ਼ੁਰੂ ਕੀਤਾ:-

"ਨਾ ਛੇੜੋ, ਨਾ ਛੇੜੋ, ਹਮ ਇਸ਼ਕ ਕੇ ਸਤਾਏ ਹੂਏ ਹੈਂ। ਲਾਉ ਖੰਜਰ, ਕਤਲ ਕਰਦੋ, ਹਮ ਤੋ ਸਰ ਝੁਕਾਏ ਹੂਏ ਹੈਂ। ਮਕਤਲ ਮੇਂ ਘਰ ਵਸਾਏ ਹੂਏ ਹੈਂ"

ਸਿੱਖ ਤੇ ਸਤਿਗੁਰੂ ਦੀ ਪ੍ਰੀਤ ਵੇਖ ਇਕੱਤਰ ਹੋਏ ਘਰ ਤੇ ਮੁਹੱਲਾ ਨਿਵਾਸੀਆਂ ਦੀਆਂ ਅੱਖਾਂ ਵੀ ਡਲਕ ਪਈਆਂ। ਪਾਤਸ਼ਾਹ ਜੀ ਵੀ ਮਨ ਕਰ ਇਸ ਦੁਨੀਆਂ ਵਿੱਚ ਨਹੀਂ ਸਨ ਰਹੇ। ਬਾਬਾ ਗੁਰਦਿੱਤ ਸਿੰਘ ਦੇ ਹੱਥ ਆਪਣੇ ਹਸਤ ਕਵਲਾਂ ਵਿੱਚ ਫੜ੍ਹ ਬਚਨ ਕੀਤਾ: 'ਮੈਂ ਸਾਧ ਸੰਗਤ ਦੇ ਪਿਆਰ ਤੇ ਖਿੱਚ ਦਾ ਖਿੱਚਿਆ ਹੀ ਦਿਨ ਰਾਤ ਸਫਰ ਕਰਦਾ ਹਾਂ। ਕੋਈ ਸੁਆਰਥ ਲਈ ਯਾਦ ਕਰਦਾ ਹੈ। ਕੋਈ ਪ੍ਰਮਾਰਥ ਲਈ। ਮੈਂ ਇਹ ਸਰੀਰ ਸੰਗਤ ਦੀ ਅਮਾਨਤ ਸਮਝ ਕੇ ਫਿਰਦਾ ਹਾਂ। ਅੱਜ ਤੁਹਾਡਾ ਪਿਆਰ ਮੈਨੂੰ ਖਿੱਚ ਲਿਆਇਆ ਹੈ। ਬਹੁਤਾ ਕੁੱਝ ਤਾਂ ਮੈਂ ਲਿਆ ਨਹੀਂ ਸਕਿਆ ਪਰ ਜੋ ਲਿਆਇਆ ਹਾਂ ਪ੍ਰਵਾਨ ਕਰੋ। ਇਹ ਕਹਿੰਦਿਆਂ ਪੂਰਬਾ ਜੀ ਨੂੰ ਗੱਡੀ ਚੋਂ ਸਮਾਨ ਲੈ ਕੇ ਆਉਂਣ ਦਾ ਇਸ਼ਾਰਾ ਹੋਇਆ। ਜੋ ਸਮਾਨ ਪਾਤਸ਼ਾਹ ਜੀ ਆਪ ਇਕੱਤਰ ਕਰਕੇ ਲਿਆਏ ਸਨ ਉਹ ਸੀ:-

"2 ਕਿਲੋ ਬਦਾਮ ਗਿਰੀ, 4 ਕਿਲੋ ਸ਼ੁੱਧ ਦੇਸੀ ਘਿਉ, 6 ਕਿਲੋ ਵਧੀਆ ਚੀਨੀ, 8 ਕਿਲੋ ਖਰਾ ਸਾਬਣ, 2 ਸੂਟ ਸੀਤੇ ਸਿਲਾਏ, 2 ਕਛਹਿਰਿਆਂ ਦੇ ਜੋੜੇ, 1 ਖੇਸ।"

ਸਮਾਨ ਵੇਖ ਬਾਬਾ ਗੁਰਦਿੱਤ ਸਿੰਘ ਵੈਰਾਗੀ ਹੋ ਉਠਿਆ ਆਖਣ ਲੱਗਾ " ਸੱਚੇ ਪਾਤਸ਼ਾਹ ਤੂੰ ਧੰਨ ਏ, ਤੂੰ ਗਰੀਬ ਨਿਵਾਜ ਏਂ। ਸਕੱਤਰ ਨੂੰ ਪਾਤਸ਼ਾਹ ਜੀ ਨੇ ਹੁਕਮ ਕੀਤਾ ਹਰੇਕ ਹਫਤੇ ਉਚੇਚਾ ਬੰਦਾ ਭੇਜਕੇ ਗੁਰਦਿੱਤ ਸਿੰਘ ਹੁਰਾਂ ਦਾ ਖਿਆਲ ਰੱਖਿਆ ਜਾਵੇ। ਜਿਸ ਵੀ ਚੀਜ਼ ਵਸਤ ਦੀ ਲੋੜ ਹੋਵੇ, ਪੁੱਛ ਕੇ ਪਹੁੰਚਾਈ ਜਾਵੇ।

ਜਦੋਂ ਬਾਬਾ ਜੀ ਦੇ ਮੈਲੇ ਕੱਪੜੇ ਤੇ ਵਧੇ ਹੋਏ ਨੌਂਹ ਵੇਖ ਤਰਸੇਮ ਸਿੰਘ ਹੁਰੀਂ ਬਾਬਾ ਜੀ ਦੀ ਨੂੰਹ ਦਾ ਇਧਰ ਧਿਆਨ ਦੁਆਉਣਾ ਚਾਹਿਆ ਤਾਂ ਪਾਤਸ਼ਾਹ ਜੀ ਨੇ ਰੋਕਦਿਆਂ ਆਖਿਆ, 'ਨਹੀਂ', ਇਨ੍ਹਾਂ ਨੂੰ ਕੁੱਝ ਨਹੀਂ ਕਹਿਣਾ। ਅੱਜ ਹੀ ਭੈਣੀ ਸਾਹਿਬ ਤੋਂ ਬੰਦਾ ਭੇਜ ਇਹ ਸਭ ਕੁੱਝ ਕਰਵਾਉ।

(ਇਸ ਦਿਨ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੈਂ (ਹਰਪਾਲ ਸਿੰਘ ਸੇਵਕ) ਸ੍ਰੀ ਭੈਣੀ ਸਾਹਿਬ ਤੋਂ ਉਚੇਚਾ ਕਕਰਾਲੇ ਬਾਬਾ ਗੁਰਦਿੱਤ ਸਿੰਘ ਜੀ ਦੇ ਨਹੁੰ ਕੱਟਣ ਜਾਂਦਾ ਰਿਹਾ ਹਾਂ। ਨਾਲ ਸ੍ਰੀ ਸਤਿਗੁਰੂ ਜੀ ਫਲਾਂ ਦੀ ਟੋਕਰੀ ਪ੍ਰਸ਼ਾਦ ਵਜੋਂ ਭੇਜਿਆ ਕਰਦੇ ਸਨ। -ਸੰਪਾਦਕ)

ਹੋਲਾ ਮੁਕਤਸਰ ਸੰਮਤ 1977 ਬਿਕ੍ਰਮੀ (1921 ਈ.)

ਇਸ ਹੋਲੇ ਸਮੇਂ ਮਾਤਾ ਭੁਪਿੰਦਰ ਕੌਰ ਜੀ, ਨਵ ਜਨਮੇਂ ਸਾਹਿਬਜ਼ਾਦੇ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ), ਜੋ ਉਦੋਂ ਅਜੇ ਤਿੰਨਾਂ ਕੁ ਮਹੀਨਿਆਂ ਦੇ ਸਨ, ਨੂੰ ਲੈ ਕੇ ਆਏ ਸਨ। ਸਾਰੇ ਘੋੜਿਆਂ ਵਾਲੇ ਸਿੰਘ ਮਾਤਾ ਜੀ ਨੂੰ ਮੱਥਾ ਟੇਕਣ ਅਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਗਏ ਤਾਂ ਮਾਤਾ ਜੀ ਨੇ ਮਹੰਤ ਕੇਸਰ ਸਿੰਘ ਮਜਾਧ ਵਾਲਿਆਂ ਨੂੰ ਕਿਹਾ ਕਿ ਗੁਰਮੁਖ ਸਿੰਘ ਨੂੰ ਫੜਾ ਦੇ ਇਹਦਾ ਭਰਾ, ਖਿਡਾ ਲਿਆਵੇਗਾ। ਮੈਂ ਬਾਲ ਗੋਪਾਲ ਨੂੰ, ਸਾਰਾ ਦੀਵਾਨ ਅਤੇ ਘੋੜੇ-ਊਠਾਂ ਵਾਲਿਆਂ ਦੇ ਡੇਰਿਆਂ ਵਿਚ ਘੁਮਾ ਲਿਆਇਆ।

(ਅੱਖੀਂ ਡਿੱਠਾ ਕਿੱਸਾ ਕੀਤਾ- ਪੰਨਾ 182
ਗੁਰਮੁਖ ਸਿੰਘ ਝੱਬਰ)

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਥਾਪਿਤ ਨਾਮਧਾਰੀ ਕਲਾ ਕੇਂਦਰ-ਸ੍ਰੀ ਭੈਣੀ ਸਾਹਿਬ

✍ -ਹਰਜਿੰਦਰ ਸਿੰਘ ਰਾਗੀ

ਨਾਮਧਾਰੀ ਕਲਾ ਕੇਂਦਰ ਦਾ ਦੌਰ ਸਾਡੀ ਜ਼ਿੰਦਗੀ ਦਾ ਉਹ ਸੁਨਹਿਰੀ ਦੌਰ ਸੀ, ਜਿਸਨੂੰ ਯਾਦ ਕਰਕੇ ਅੱਜ ਵੀ ਸਾਡਾ ਰੋਮ ਰੋਮ ਖਿੜ ਉੱਠਦਾ ਹੈ। ਸਨਾਤਨੀ ਸਿੱਖਿਆ ਪ੍ਰਣਾਲੀ ਉੱਤੇ ਅਧਾਰਿਤ ਵੈਦਿਕ ਕਾਲ ਦੇ ਆਸ਼ਰਮਾਂ ਵਰਗਾ ਨਾਮਧਾਰੀ ਕਲਾ ਕੇਂਦਰ, ਅਰੰਭ ਦੇ ਸਾਲਾਂ ਵਿੱਚ ਜਦੋਂ ਆਪਣੇ ਪੂਰੇ ਜਾਹੋ ਜਲਾਲ ਉੱਤੇ ਸੀ। ਸੰਗੀਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ ਸੀ। ਇਸ ਦੈਵੀ ਵਿੱਦਿਆ ਦੇ ਪ੍ਰਚਾਰ ਵਿਸਥਾਰ ਲਈ ਆਪ ਜੀ ਬੇਹੱਦ ਯਤਨਸ਼ੀਲ ਸਨ, ਸੋ ਨਵੀਂ ਪਨੀਰੀ ਵਿੱਚ ਇਸ ਨਿਧੀ ਦੇ ਪ੍ਰਸਾਰ ਹਿੱਤ ਕ੍ਰੀਬ 1992 ਈ. ਵਿੱਚ ਨਾਮਧਾਰੀ ਕਲਾ ਕੇਂਦਰ ਹੋਂਦ ਵਿੱਚ ਆਇਆ।

ਭਾਂਵੇਂ ਸੰਗੀਤ ਸਿਖਿਆ ਦਾ ਆਰੰਭ ਸ੍ਰੀ ਸਤਿਗੁਰੂ ਜੀ ਦੁਆਰਾ ਜੀਵਨ ਨਗਰ ਵਿਖੇ 1964-65 ਵਿੱਚ ਸ਼ੁਰੂ ਕੀਤਾ ਜਾ ਚੁੱਕਾ ਸੀ। ਪਹਿਲੇ ਉਸਤਾਦ ਸਨ ਪੰਡਿਤ ਮਹਾਂਦੇਵ ਜੀ- ਉਸ ਪੂਰ ਦੇ ਵਿਦਿਆਰਥੀਆਂ 'ਚੋਂ ਹਨ- ਉਸਤਾਦ ਹਰਭਜਨ ਸਿੰਘ ਜੀ, ਉਸਤਾਦ ਗੁਰਦੇਵ ਸਿੰਘ ਜੀ, ਮਨਜੀਤ ਸਿੰਘ ਜੀ ਆਦਿ। ਫੇਰ 1976-77 ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਸਿਖਿਆ ਦਾ ਪ੍ਰਬੰਧ ਕੀਤਾ ਗਿਆ। ਉਸਤਾਦ ਮਹਿੰਦਰ ਸਿੰਘ ਜੀ ਅਤੇ ਉਸਤਾਦ ਹਰਭਜਨ ਸਿੰਘ ਜੀ ਗਾਇਨ ਅਤੇ ਉਸਤਾਦ ਨਿਹਾਲ ਸਿੰਘ ਜੀ ਪਖਾਵਜ ਸਿਖਾਉਂਦੇ। ਇਹ ਤੀਸਰਾ ਪੜਾਅ ਕਿਹਾ ਜਾ ਸਕਾਦਾ ਹੈ ਜਿਸਦੀਆਂ ਸੁਜਾਵਣੀਆਂ ਯਾਦਾਂ ਇਸ ਲੇਖ ਵਿੱਚ ਪਾਠਕਾਂ ਨਾਲ ਸਾਂਝੀਆਂ ਕਰ ਰਿਹਾਂ ਹਾਂ।

ਭੈਣੀ ਸਾਹਿਬ ਤੋਂ ਪ੍ਰਤਾਪਗੜ੍ਹ (ਟੇਢੇਵਾਲ) ਵੱਲ ਨੂੰ ਜਾਂਦਿਆਂ ਮੋੜ ਤੋਂ ਖੱਬੇ ਹੱਥ ਇੱਕ ਘਰ ਹੁੰਦਾ ਸੀ, ਜੋ ਰਾਗੀ ਬਲਜੀਤ ਸਿੰਘ ਦੇ ਪਰਿਵਾਰ ਲਈ ਸ੍ਰੀ ਸਤਿਗੁਰੂ ਜੀ ਵਲੋਂ ਉਸਾਰਿਆ ਗਿਆ 'ਇਸਰਾਜ ਵਿਲਾ' ਨਾਂ ਦਾ ਸੁਖਦਾਇਕ ਰੈਣ ਬਸੇਰਾ ਸੀ। ਰਾਗੀ ਬਲਜੀਤ ਸਿੰਘ ਹੁਰੀਂ ਕਦੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਮਹਾਨ ਬਖਸ਼ਿਸ਼ਾਂ ਦੇ ਕਿਰਪਾ ਪਾਤਰ ਸਨ ਪਰ 'ਕਰਮੀ ਆਪੋ ਆਪਣੀ' ਅਨੁਸਾਰ ਸੰਨ 1991 ਨੂੰ ਉਹ ਭੈਣੀ ਸਾਹਿਬੋਂ ਰੁਖਸਤ ਹੋ

ਦਿੱਲੀ ਦੇ ਪੱਕੇ ਵਸਨੀਕ ਹੋ ਗਏ। ਖਾਲੀ ਹੋ ਚੁੱਕੇ 'ਇਸਰਾਜ ਵਿਲਾ' ਨੂੰ ਸੰਨ 1992 ਵਿੱਚ ਸ੍ਰੀ ਸਤਿਗੁਰੂ ਜੀ ਵਲੋਂ 'ਨਾਮਧਾਰੀ ਕਲਾ ਕੇਂਦਰ' ਵਿੱਚ ਤਬਦੀਲ ਕਰ ਦਿੱਤਾ ਗਿਆ। ਇੱਥੋਂ ਸ਼ੁਰੂ ਹੁੰਦਾ ਹੈ ਸਾਡੀ ਜ਼ਿੰਦਗੀ ਦਾ ਉਹ ਸੁਹਾਵਣਾ ਸਫਰ ਜਿਸ ਵਿੱਚ ਖੁਸ਼ੀਆਂ ਖੇੜਿਆਂ, ਹਾਸੇ ਠੱਠਿਆਂ ਅਤੇ ਸ਼ਰਾਰਤਾਂ ਦਾ ਕੋਈ ਅੰਤ ਨਹੀਂ ਸੀ। ਮਹਾਂ ਅਨੰਦਮਈ ਸਮਾਂ ਸੀ ਉਹ।

ਪਹਿਲੇ ਪਹਿਲ ਜਦੋਂ ਸਾਡੇ 20 ਕੁ ਜਣਿਆਂ ਦੇ ਗਰੁੱਪ ਨੇ ਸ੍ਰੀ ਸਤਿਗੁਰੂ ਜੀ ਦੀ ਸਿੱਧੀ ਸਰਪ੍ਰਸਤੀ ਹੇਠ ਸੰਗੀਤ ਸਿੱਖਣਾ ਸ਼ੁਰੂ ਕੀਤਾ। ਹਰ ਤਰ੍ਹਾਂ ਦਾ ਪ੍ਰਬੰਧ ਹੁਣ ਸਤਿਗੁਰੂ ਜੀ ਦੀ ਸਿੱਧੀ ਦੇਖ ਰੇਖ ਹੇਠ ਸੀ। ਸਾਡੇ ਵੱਡੇ ਰਾਗੀਆਂ, ਉਸਤਾਦਾਂ ਨੇ ਭਾਵੇਂ ਕਦੀਂ ਤੰਗੀਆਂ ਤੁਰਸ਼ੀਆਂ ਦਾ ਸਮਾਂ ਹੰਢਾਇਆ ਹੋਵੇਗਾ ਪਰ ਜਿਸ ਤਰ੍ਹਾਂ ਦੇ ਮਾਹੌਲ ਵਿੱਚ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਿਰਪਾ ਖੇਤਰ ਵਿੱਚ ਪ੍ਰਵੇਸ਼ ਕੀਤਾ ਸੀ, ਸਾਡੇ ਮਨ ਵਿੱਚ ਕਦੇ ਵੀ ਇਹ ਖਿਆਲ ਤੱਕ ਨਹੀਂ ਆਇਆ ਕਿ ਗੁਰੂ ਘਰ ਵੀ ਕਦੀ ਆਰਥਿਕ ਸੰਕਟ ਦਾ ਸ਼ਿਕਾਰ ਰਿਹਾ ਹੋਵੇਗਾ। ਰਾਗੀਆਂ ਦੇ ਸ਼ਾਹੀ ਠਾਠ ਦੇ ਦੌਰ ਦੀ ਇਹ ਸ਼ੁਰੂਆਤ ਸੀ। ਸ੍ਰੀ ਸਤਿਗੁਰੂ ਜੀ ਸ਼ਾਹ ਦਿਲ ਸਨ। ਦੁਨੀਆਂ ਭਰ ਦੀਆਂ ਸੁੱਖ ਸਹੂਲਤਾਂ ਰਾਗੀਆਂ ਨੂੰ ਹਾਸਿਲ ਹੋ ਗਈਆਂ। ਜੋ ਪਿਆਰ, ਮਾਣ ਸਤਿਕਾਰ ਰਾਗੀਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਮਿਲਦਾ, ਉਸਦੀ ਹੋਰ ਕਿਧਰੇ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਸ੍ਰੀ ਸਤਿਗੁਰੂ ਜੀ ਦਾ ਵਰਧ ਹਸਤ ਸਿਰ ਉੱਪਰ ਹੋਣ ਕਰਕੇ ਸੰਗਤ ਰਾਗੀਆਂ ਨੂੰ

ਹੱਥੀਂ ਛਾਂਵਾਂ ਕਰਦੀ। ਮੁੱਕਦੀ ਗੱਲ, ਸੂਰਜ ਹੁਣ ਰਾਗੀਆਂ ਦੇ ਸਿਰ ਉੱਤੇ ਸੀ।

ਨਾਮਧਾਰੀ ਕਲਾ ਕੇਂਦਰ ਦੀ ਸਥਾਪਤੀ ਲਈ ਸੰਗੀਤ ਕਲਾ ਦੇ ਮਾਹਰ ਨਾਮਧਾਰੀ ਅਤੇ ਹੋਰ ਉਸਤਾਦਾਂ ਨੂੰ ਸ੍ਰੀ ਭੈਣੀ ਸਾਹਿਬ ਇਕੱਤਰ ਕੀਤਾ ਗਿਆ। ਉਸਤਾਦ ਹਰਭਜਨ ਸਿੰਘ ਜੀ (ਗੁਰਮਤਿ ਸ਼ਾਸਤਰੀ ਸੰਗੀਤ) ਦੀ ਅਗਵਾਈ ਹੇਠ, ਸ੍ਰੀ ਵਰਿੰਦਰ ਕੁਮਾਰ ਜੀ (ਸਿਤਾਰ ਅਤੇ ਸਰੋਦ), ਪੰਡਿਤ ਰਮਾਂ ਕਾਂਤ ਜੀ (ਤਬਲਾ), ਸ੍ਰੀ ਹਰਜਿੰਦਰਪਾਲ ਸਿੰਘ (ਸੰਤੂਰ), ਸ੍ਰੀ ਸੁਰਜੀਤ ਸਿੰਘ (ਸਾਰੰਗੀ ਅਤੇ ਦਿਲਰੁਬਾ), ਸ੍ਰੀ ਮੋਹਨ ਸਿੰਘ ਅਤੇ ਸ੍ਰੀ ਸੁਖਦੇਵ ਸਿੰਘ (ਗਾਇਨ), ਸ੍ਰੀ ਸੁਖਦੇਵ ਸਿੰਘ ਸੁੱਖੀ, ਸ੍ਰੀ ਰਾਜੇਸ਼ ਮਾਲਵੀਆ ਅਤੇ ਸ੍ਰੀ ਹਰਪ੍ਰੀਤ ਸਿੰਘ ਸੋਨੂੰ (ਤਬਲਾ) ਪੂਰੀ ਸਰਗਰਮੀ ਨਾਲ 100 ਦੇ ਕਰੀਬ ਬੱਚਿਆਂ ਨੂੰ ਸੰਗੀਤ ਦੀ ਵਿਧੀਵਤ ਸਿੱਖਿਆ ਦੇਣ ਲੱਗੇ। ਬੀਬੀ ਨਰਿੰਦਰ ਕੌਰ ਜੀ ਤਾਂ ਪਹਿਲਾਂ ਤੋਂ ਹੀ ਇਸ ਕਾਰਜ ਨੂੰ ਨਿਰਵਿਘਨਤਾ ਨਾਲ ਨਿਭਾ ਰਹੇ ਸਨ। ਵਿਸ਼ਵ ਪ੍ਰਸਿੱਧ ਤਬਲਾ ਕਲਾਕਾਰ ਸ੍ਰੀ ਸੁਖਵਿੰਦਰ ਸਿੰਘ (ਪਿੰਕੀ) ਨਾਮਧਾਰੀ ਵੀ ਸਮੇਂ ਸਮੇਂ ਨਾਲ ਇਸ ਸੰਗੀਤ ਯੱਗ ਵਿੱਚ ਹਿੱਸਾ ਪਾਉਂਦੇ ਰਹੇ।

ਮੌਸਮ ਦੇ ਹਿਸਾਬ ਨਾਲ ਸਾਡੀ ਸੰਗੀਤ ਸਿਖਲਾਈ ਅੰਮ੍ਰਿਤ ਵੇਲੇ 2 ਤੋਂ 3 ਵਜੇ ਦੇ ਕਰੀਬ ਸ਼ੁਰੂ ਹੋ ਜਾਂਦੀ ਸੀ। ਸਭ ਬੱਚੇ ਸਣੇਕੇਸੀ ਇਸ਼ਨਾਨ ਕਰਕੇ, ਸਬੰਧਿਤ ਉਸਤਾਦਾਂ ਕੋਲ ਇਸ ਸਮੇਂ ਤੱਕ ਪਹੁੰਚ ਜਾਂਦੇ ਸਨ। ਸ੍ਰੀ ਸਤਿਗੁਰੂ ਜੀ ਸਿਖਲਾਈ ਵਾਲੀ ਹਰ ਥਾਂ ਤੇ ਖੁਦ ਪਹੁੰਚ ਕੇ ਬੱਚਿਆਂ ਦੀ ਹਾਜ਼ਰੀ ਦਾ ਜਾਇਜ਼ਾ ਲੈਂਦੇ। ਦੋ ਘੰਟੇ ਰਿਆਜ਼ ਉਪਰੰਤ ਆਸਾ ਦੀ ਵਾਰ ਵਿੱਚ ਹਾਜ਼ਰੀ, ਪ੍ਰਸ਼ਾਦਾ ਪਾਣੀ ਛਕ ਕੇ ਸਕੂਲ, ਸ਼ਾਮ ਨੂੰ ਦੁਬਾਰਾ ਸੰਗੀਤ ਦੀ ਕਲਾਸ ਜਾਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਦੇਰ ਰਾਤ ਤੱਕ ਸੰਗੀਤ ਬੈਠਕ, ਇਹ ਸਾਡੀ ਦਿਨ-ਚਰਿਆ ਸੀ।

ਨਾਮਧਾਰੀ ਕਲਾ ਕੇਂਦਰ ਜਿਵੇਂ ਸੰਗੀਤ ਦੀ ਇਬਾਦਤਗਾਹ ਬਣ ਗਿਆ ਸੀ। ਹਰ ਸਮੇਂ ਕੋਈ ਨਾ ਕੋਈ ਸੰਗੀਤ ਕਲਾਸ ਜਾਂ ਰਿਆਜ਼ ਚੱਲਦਾ ਹੀ ਰਹਿੰਦਾ। ਦਿਨ ਰਾਤ ਗੂੰਜਦੀਆਂ ਸੁਰ ਲਹਿਰੀਆਂ ਨਾਲ ਕਲਾ ਕੇਂਦਰ ਦਾ ਵਾਤਾਵਰਣ ਸੁਹਾਵਣਾ ਬਣਿਆ ਹੋਇਆ ਸੀ। ਪਰ ਇਹ ਸਥਿਤੀ ਭਾਈ ਗੁਰਦਾਸ ਦੀ ਤੁਕ 'ਸਾਵਣਿ ਵਣ ਹਰੀਆਵਲੇ, ਸੁਕੈ ਅਕੁ ਜਵਾਹਾ' ਵਾਂਗ ਸਾਰਿਆਂ ਨੂੰ ਸੁਖ ਦੇਣ ਵਾਲੀ ਨਹੀਂ ਸੀ। ਮਾੜੇ ਭਾਗਾਂ ਨੂੰ ਕਲਾ ਕੇਂਦਰ ਦੇ ਗਵਾਂਢ ਵਿੱਚ ਪਿੰਡ ਦੀ ਇੱਕ ਮਾਈ ਦਾ ਘਰ ਸੀ। ਸੰਗੀਤਕਾਰਾਂ ਪ੍ਰਤੀ ਉਹਦਾ ਨਜ਼ਰੀਆ ਔਰੰਗਜ਼ੇਬ ਤੋਂ ਘੱਟ ਨਹੀਂ ਸੀ। ਸਾਡੀਆਂ ਦਿਨ ਰਾਤ ਚਲਦੀਆਂ ਗਤੀਵਿਧੀਆਂ ਤੋਂ ਉਹ ਡਾਢੀ ਔਖੀ ਰਹਿੰਦੀ ਪਰ ਉਹਦੀ ਕੋਈ ਪੇਸ਼ ਨਾ ਜਾਂਦੀ। ਗੁਰਦਿੱਤ ਸਿੰਘ ਰਾਗੀ ਦਾ 7-8 ਘੰਟੇ ਰੋਜ਼ਾਨਾ ਇੱਕੋ ਸਰਗਮ ਦਾ ਰਿਆਜ਼, ਸੰਗੀਤ ਨੂੰ ਸੁਣਨ ਸਮਝਣ ਵਾਲਿਆਂ ਦੇ ਕੰਨੀਂ ਉਂਗਲਾਂ ਪਵਾ ਦੇਂਦਾ ਸੀ, ਮਾਈ ਦਾ ਤਾਂ ਫਿਰ ਸੰਗੀਤ ਨਾਲ ਵੈਰ ਸੀ। ਗੁਰਦਿੱਤ ਸਿੰਘ ਨੂੰ ਜਦੋਂ ਥੱਲੇ ਥਾਂ ਨਾ ਮਿਲਣੀ ਤਾਂ ਉਸਨੇ ਛੱਤ 'ਤੇ ਬੈਠ ਕੇ ਰਿਆਜ਼ ਕਰਨ ਲੱਗ ਜਾਣਾ। ਸੜੀ ਬਲੀ ਮਾਈ ਨੇ ਖਿਝ ਕੇ ਕਹਿਣਾ 'ਮੈਨੂੰ ਤਾਂ ਇਹ ਸਮਝ ਨਹੀਂ ਲੱਗਦੀ ਕਿ ਇਹਦੇ ਪੀੜ ਕਿੱਥੇ ਹੁੰਦੀ ਏ, ਸਾਰਾ ਦਿਨ ਇਹ ਭੁੱਖੇ ਕੱਟੇ ਵਾਂਗ ਉੱਚੀ ਉੱਚੀ ਅੜਿੰਗਦਾ ਰਹਿੰਦਾ ਏ, ਜੇ ਥੱਲੇ ਥਾਂ ਨਹੀਂ ਲੱਭਦੀ ਤਾਂ ਕੋਠੇ 'ਤੇ ਚੜ੍ਹ ਕੇ ਅੜਿੰਗਣ ਲੱਗ ਪੈਂਦਾ ਏ।' ਮਾਈ ਦੀਆਂ ਗੱਲਾਂ ਸੁਣ ਕੇ ਅਸੀਂ ਹੱਸ ਹੱਸ ਕੇ ਦੂਹਰੇ ਹੁੰਦੇ ਰਹਿੰਦੇ।

ਇੱਕ ਵਾਰ ਮੈਂ ਆਪਣੀ ਮਸਤੀ ਵਿੱਚ 'ਮੁੜ ਆ, ਵੇ ਆਜਾ ਪਰਦੇਸੀਆ' ਕਵਾਲੀ ਉੱਚੀ ਉੱਚੀ ਗਾਉਂਦਾ ਕਲਾ ਕੇਂਦਰ ਨੂੰ ਤੁਰਿਆ ਜਾ ਰਿਹਾ ਸਾਂ। ਮੈਨੂੰ ਨਹੀਂ ਸੀ ਪਤਾ ਕਿ ਮਾਈ ਆਪਣੇ ਗੇਟ ਵਿੱਚ ਮੰਜੀ ਡਾਹ ਕੇ ਬੈਠੀ ਸਾਰਾ ਕੁਝ ਸੁਣ ਰਹੀ ਏ। ਜਦੋਂ ਮੈਂ ਕਲਾ ਕੇਂਦਰ ਦਾ ਗੇਟ ਲੰਘ ਕੇ ਅੰਦਰ ਚਲਾ ਗਿਆ ਤਾਂ ਪਿੱਛੋਂ ਬੁੜ-ਬੁੜ ਕਰਦੀ ਮਾਈ ਦੀ ਆਵਾਜ਼ ਮੇਰੇ ਕੰਨੀਂ ਪਈ 'ਪਤਾ ਨਈਂ ਇਸ 'ਰਹਾਮ' ਦੇ ਦਾ ਕੌਣ ਪਰਦੇਸ ਚਲਾ ਗਿਐ ਜਿਹੜਾ ਮੁੜ ਕੇ ਨਹੀਂ ਆਇਆ, ਜਦੋਂ ਵੇਖੋ ਉਹਨੂੰ ਰੋਂਦਾ ਰਹਿੰਦੈ'। ਜਦੋਂ ਮੈਂ ਇਹ ਗੱਲ ਉਸਤਾਦ ਜੀ ਨੂੰ ਜਾ ਕੇ ਦੱਸੀ ਤਾਂ ਅਸੀਂ ਬੜੀ ਦੇਰ ਤੱਕ ਹੱਸਦੇ ਰਹੇ। ਐਸੀਆਂ ਹੋਰ ਬਹੁਤ ਸਾਰੀਆਂ ਯਾਦਾਂ ਉਸ ਮਾਈ ਨਾਲ ਜੁੜੀਆਂ ਹੋਈਆਂ ਹੈਨ। ਹੋ ਸਕਦਾ ਸੀ ਕਿ ਮਾਈ 5-6 ਸਾਲ ਹੋਰ ਜਿਊਂਦੀ ਪਰ ਕਲਾ ਕੇਂਦਰ ਦੇ ਗੁਆਂਢ ਵਿੱਚ ਹੋਣ ਦਾ ਉਹਨੂੰ ਖਮਿਆਜ਼ਾ ਭੁਗਤਣਾ ਪਿਆ ਤੇ ਮਾਈ ਸਮੇਂ ਤੋਂ ਪਹਿਲਾਂ ਹੀ ਚੱਲ ਵਸੀ।

ਸ਼ਰਾਰਤਾਂ ਅਸੀਂ ਸਾਰੇ ਹੀ ਬਹੁਤ ਕਰਦੇ ਸਾਂ। ਬਹੁਤੀ ਵਾਰ ਤਾਂ ਸਿਰਫ ਗਾਲਾਂ ਖਾ ਕੇ ਹੀ ਸਰ ਜਾਂਦਾ ਸੀ ਪਰ ਕਈ ਵਾਰ ਥੱਪੜਾਂ ਦੀ ਕਿਰਪਾ ਵੀ ਹੋ ਜਾਂਦੀ ਸੀ।

ਮੈਨੂੰ ਯਾਦ ਹੈ ਕਿ ਇੱਕ ਵਾਰ ਸਾਡਾ ਕਲਾ ਕੇਂਦਰ ਵਾਲਾ ਸਾਰਾ ਗਰੁੱਪ ਰੁਹਤਾਂਗ ਪਾਸ ਘੁੰਮਣ ਗਿਆ ਸੀ। ਬਲਵੰਤ, ਕਾਲਾ, ਜੱਸ, ਗੁਰਮੁਖ, ਲਾਡਾ ਅਤੇ ਮੈਂ, ਬਿਨਾਂ ਉਸਤਾਦ ਹਰਭਜਨ ਸਿੰਘ ਜੀ ਨੂੰ ਦੱਸੇ, ਬਰਫ ਨਾਲ ਲੱਦੀ ਪਹਾੜ ਦੀ ਖਤਰਨਾਕ ਚੋਟੀ ਤੇ ਜਾ ਚੜੇ। ਉੱਥੇ ਅਠਖੇਲੀਆਂ ਕਰਦਿਆਂ ਸਾਨੂੰ ਸਮਾਂ ਹੱਦ ਤੋਂ ਵੱਧ ਲੱਗ ਗਿਆ। ਸਾਡੇ ਵਾਪਸ ਆਉਂਦਿਆਂ ਨੂੰ ਥੱਪੜਾਂ ਦਾ ਪ੍ਰਸ਼ਾਦ ਤਿਆਰ ਸੀ। ਉਸਤਾਦ ਜੀ ਵਲੋਂ ਸਾਨੂੰ ਸਾਰਿਆਂ ਨੂੰ ਏਨਾਂ ਕੁ ਗੱਫਾ ਮਿਲ ਗਿਆ ਕਿ ਪੂਰੇ ਠੰਢੇ ਵਾਤਾਵਰਣ ਵਿੱਚ ਵੀ ਸਾਡੀਆਂ ਗੱਲ੍ਹਾਂ 'ਚੋਂ ਕਾਫੀ ਦੇਰ ਤੱਕ ਸੇਕ ਨਿਕਲਦਾ ਰਿਹਾ। ਪਰ ਕੁੱਝ ਸ਼ਰਾਰਤਾਂ ਅਸੀਂ ਐਸੀਆਂ ਵੀ ਕਰ ਜਾਂਦੇ ਸਾਂ ਜਿਹੜੀਆਂ ਥੱਪੜਾਂ ਤੋਂ ਵੀ ਅਗਾਂਹ ਲੰਘ ਜਾਂਦੀਆਂ ਸਨ। ਹੋ ਸਕਦਾ ਸੀ ਕਿ ਜੇ ਉਹ ਸ਼ਰਾਰਤਾਂ ਕਰਦੇ ਅਸੀਂ ਪਿੰਡ ਵਾਲਿਆਂ ਦੇ ਅੜਿੱਕੇ ਆ ਜਾਂਦੇ ਤਾਂ ਉਹ ਸਾਨੂੰ ਕੁੱਟ ਕੁੱਟ ਕੇ ਹੀ ਮਾਰ ਦੇਂਦੇ। ਕਿਸੇ ਅਦਿੱਖ ਸ਼ਕਤੀ ਨੇ ਹੀ ਉਸ ਸਮੇਂ ਸਾਡੀ ਰੱਖਿਆ ਕੀਤੀ ਸੀ। ਜਿਹੜਾ ਵੀ ਸਾਡੀਆਂ ਉਨ੍ਹਾਂ ਸ਼ਰਾਰਤਾਂ ਬਾਰੇ ਜਾਣਦਾ ਹੈ, ਉਹ ਮੇਰੀ ਇਹ ਲਿਖਤ ਪੜ੍ਹ ਕੇ ਜ਼ਰੂਰ ਵੱਖੀਆਂ ਫੜ ਕੇ ਹੱਸੇਗਾ। ਦਰਅਸਲ ਸਾਡੀਆਂ ਸ਼ਰਾਰਤਾਂ ਦਾ ਭੰਡਾਰ ਹੀ ਏਨਾਂ ਹੈ ਕਿ ਉਹ ਇੱਕ ਦੋ ਪੰਨਿਆਂ ਵਿੱਚ ਨਹੀਂ ਆ ਸਕਦਾ, ਇਸ ਲਈ ਮੈਂ ਉਹਨਾਂ ਸ਼ਰਾਰਤਾਂ ਨੂੰ ਆਪਣੀ ਸ੍ਵੈ ਜੀਵਨੀ 'ਏਹੁ ਹਮਾਰਾ ਜੀਵਣਾ' ਰਾਹੀਂ ਫੇਰ ਕਦੇ ਪਾਠਕਾਂ ਨਾਲ ਸਾਂਝੀਆਂ ਕਰਾਂਗਾ।

ਕਲਾ ਕੇਂਦਰ ਦਾ ਆਸ਼ਰਮ ਵਰਗਾ ਮਾਹੌਲ ਸਾਡੀਆਂ ਅਭੁੱਲ ਯਾਦਾਂ ਦਾ ਹਿੱਸਾ ਹੈ। ਹਰ ਰੋਜ਼ ਸਨੇਕੇਸੀਂ ਇਸ਼ਨਾਨ ਕਰਕੇ, ਸੁਨਹਿਰੀ ਭਾਅ ਮਾਰਦੇ ਖੁੱਲ੍ਹੇ ਕੇਸਾਂ ਨਾਲ ਉਸਤਾਦ ਹਰਭਜਨ ਸਿੰਘ ਜੀ ਜਦੋਂ ਤਾਨਪੁਰੇ ਨਾਲ ਰਿਆਜ਼ ਕਰਦੇ ਤਾਂ ਇੰਝ ਜਾਪਦਾ ਜਿਵੇਂ ਕੋਈ ਮਹਾਂਰਿਸ਼ੀ ਸੰਗੀਤ ਦੀ ਸਾਧਨਾ ਕਰ ਰਿਹਾ ਹੋਵੇ। ਸ੍ਰੀ ਸਤਿਗੁਰੂ ਜੀ ਦਾ ਅਚਾਨਕ ਕਲਾ ਕੇਂਦਰ ਆ ਜਾਣਾ, ਸੁਰਜੀਤ ਭਾਜੀ, ਰਾਜੇਸ਼ ਭਾਜੀ ਦੇ ਸਬਜ਼ੀਆਂ-ਦਾਲਾਂ ਨੂੰ ਲਾਏ ਹੋਏ ਤੜਕਿਆਂ ਦੀ ਖੁਸ਼ਬੂ, ਪਿੰਕੀ ਭਾਜੀ ਦੀਆਂ ਢਿੱਡੀਂ ਪੀੜਾਂ ਪਾ ਦੇਣ ਵਾਲੀਆਂ ਨਕਲਾਂ, ਮੋਹਨ ਭਾਜੀ ਦੀਆਂ ਭਰਵੀਆਂ ਗਾਲ੍ਹਾਂ, ਗ਼ਜ਼ਲ ਗਾਇਕ ਸੁਰਿੰਦਰ ਸਿੰਘ 'ਸੁਮਨ' ਦੀਆਂ ਮਹਿਫਲਾਂ, ਲਛਮਨ ਦੇ ਘੁਰਾੜਿਆਂ ਨੂੰ ਕੌਣ ਭੁੱਲ ਸਕਦਾ ਹੈ। ਅਸੀਂ ਸਾਰੇ ਮੁੰਡੇ ਰਲਕੇ ਕਲਾ ਕੇਂਦਰ ਦੀ ਸਾਫ ਸਫਾਈ ਕਰਦੇ, ਭਾਂਡੇ ਮਾਂਜਦੇ, ਲੋੜੀਂਦੀਆਂ ਵਸਤਾਂ ਦੀ ਢੋਆ ਢੁਆਈ ਕਰਦੇ ਰਹਿੰਦੇ। ਅਸੀਂ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ ਹਾਂ ਕਿ ਸਾਨੂੰ ਇਸ ਤਰ੍ਹਾਂ ਦੇ ਮਾਹੌਲ ਵਿੱਚ ਵਿਚਰਨ ਦਾ ਮੌਕਾ ਮਿਲਿਆ, ਜਿੱਥੇ ਤੁਸੀਂ ਆਪਣੇ ਵਿੱਦਿਆ ਗੁਰੂਆਂ ਦੇ ਅੱਗੇ ਸੰਪੂਰਨ ਸਮਰਪਿਤ ਹੋ ਕੇ ਸੇਵਾ ਕਰਦਿਆਂ ਵਿੱਦਿਆ ਦੀ ਪ੍ਰਾਪਤੀ ਕਰਦੇ ਹੋ।

ਅਧਿਆਤਮਿਕ ਮਾਰਗ ਦੇ ਪਾਂਧੀ ਸੰਤ ਬਲਬੀਰ ਸਿੰਘ ਜੀ ਇਨ੍ਹਾਂ ਦਿਨਾਂ ਵਿੱਚ ਹੀ ਸੰਗੀਤ ਸਿੱਖਣ ਲਈ ਕਲਾ ਕੇਂਦਰ ਆਏ ਸਨ। ਉਹ ਲੰਮਾ ਚੋਲਾ ਪਾ ਕੇ ਰੱਖਦੇ। ਅਸੀਂ ਬਾਂਦਰਾਂ ਵਾਂਗ ਉਹਨਾਂ ਨੂੰ ਚਿੰਬੜੇ ਰਹਿੰਦੇ ਪਰ 'ਕਬੀਰ ਸੰਤ ਨ ਛਾਡੈ ਸੰਤਈ' ਵਾਂਗ ਉਹ ਸਾਡੀਆਂ ਬਚਕਾਨਾਂ ਹਰਕਤਾਂ ਨੂੰ ਬੜੇ ਧੀਰਜ ਨਾਲ ਹੱਸ ਕੇ ਟਾਲ ਛੱਡਦੇ। ਬਿਲਕੁਲ ਸਧਾਰਨ ਤੌਰ ਤੇ ਵਿਚਰਦਿਆਂ ਉਹ ਸਾਡੇ ਨਾਲ ਹਰ ਤਰ੍ਹਾਂ ਦੀ ਸੇਵਾ ਵਿੱਚ ਹੱਥ ਵਟਾਉਂਦੇ। ਲੰਗਰ ਵਿੱਚੋਂ ਦੁੱਧ ਲਿਆਉਣ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਪੱਕੀ ਤਰ੍ਹਾਂ ਸੰਭਾਲੀ ਹੋਈ ਸੀ। ਬਾਅਦ ਵਿੱਚ ਜਦੋਂ ਸਾਨੂੰ ਉਨ੍ਹਾਂ ਦੀ ਮਹਾਨਤਾ ਦਾ ਗਿਆਨ ਹੋਇਆ ਤਾਂ ਸਾਨੂੰ ਆਪਣੀਆਂ ਹਰਕਤਾਂ ਉੱਤੇ ਬੜਾ ਅਫਸੋਸ ਹੋਇਆ। ਫਿਰ ਅਧਿਆਤਮਿਕ ਪੱਖ ਉੱਤੇ ਉਨ੍ਹਾਂ ਨਾਲ ਵਿਚਾਰ ਗੋਸ਼ਟੀਆਂ ਕਰਦਿਆਂ ਗੁਜ਼ਰਿਆ ਸਮਾਂ ਅਲੱਗ ਤੋਂ ਲਿਖਿਆ ਜਾਣ ਵਾਲਾ ਵਿਸਥਾਰ ਵਾਲਾ ਵਿਸ਼ਾ ਹੈ।

ਇੱਕ ਵਾਰ ਸੰਨ 1997 ਵਿੱਚ ਅਸੀਂ ਸਾਰੇ ਰਾਗੀਆਂ ਨੇ ਰਲ ਕੇ ਰਾਮ ਮੰਦਰ ਵਿੱਚ ਅਖੰਡ ਪਾਠ ਕੀਤਾ ਸੀ, ਜਿਸ ਵਿੱਚ ਪਿੰਕੀ ਭਾਜੀ ਧੂਪੀਏ ਦੀ ਰੋਲ ਲਾਉਂਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਰਾਗੀਆਂ ਦੇ ਇਸ ਯਤਨ ਉੱਤੇ ਬੇਹੱਦ ਪ੍ਰਸੰਨ ਹੋਏ ਸਨ। ਉਹਨਾਂ ਦਾ ਖੁਸ਼ੀ ਨਾਲ ਖਿੜਿਆ ਹੋਇਆ ਮੁੱਖ-ਮੰਡਲ ਅਜੇ ਤੱਕ ਵੀ ਅੱਖਾਂ ਦੇ ਸਾਹਮਣੇ ਆਉਂਦਾ ਹੈ। ਹੁਣ ਜਦੋਂ ਉਹ ਦਿਨ ਗੁਜ਼ਰ ਚੁੱਕੇ ਹਨ ਤਾਂ ਰਹਿ ਰਹਿ ਕੇ ਉਹਨਾਂ ਦਿਨਾਂ ਦੀ ਯਾਦ ਆਉਂਦੀ ਹੈ। ਚੰਗੀ ਤਰ੍ਹਾਂ ਪਤਾ ਹੈ ਕਿ ਸਮੇਂ ਦਾ ਚੱਕਰ ਕਦੀਂ ਵੀ ਪਿੱਛੇ ਨੂੰ ਨਹੀਂ ਘੁੰਮਦਾ ਪਰ ਦਿਲ ਵਿੱਚੋਂ ਚੀਸ ਉੱਠਦੀ ਹੈ ਕਿ ਕਾਸ਼! ਉਹ ਦਿਨ ਫਿਰ ਪਰਤ ਆਉਣ।

ਸੰਪ:94652-83803

ਕਹਾਣੀਆ ਸੰਮ੍ਰਥ ਕੰਤ ਕੀਆਹ

✍ -ਹਰਪਾਲ ਸਿੰਘ ਸੇਵਕ

ਅੰਧ ਲਖੈ ਬਧਰੋ ਸੁਨੈ...............

ਦਸਮ ਪਾਤਸ਼ਾਹ ਦਾ ਬਚਿਤ੍ਰ ਨਾਟਕ ਵਿੱਚ ਅੰਕਿਤ ਦੋਹਰਾ ਹੈ-

ਮੂਕ ਉਚਰੈ ਸਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ।
ਅੰਧ ਲਖੈ ਬਧਰੋ ਸੁਨੈ ਜੇ ਕਾਲ ਕ੍ਰਿਪਾ ਕਰਾਇ॥

ਜੇ ਪਰਮੇਸ਼ਰ ਦੀ ਕਿਰਪਾ ਹੋਵੇ ਤਾਂ ਗੂੰਗਾ ਵਿਅਕਤੀ ਸ਼ਾਸਤਰਾਂ ਦਾ ਉਚਾਰਨ ਕਰੇ, ਪਿੰਗਲਾ ਪਹਾੜ ਚੜ ਜਾਵੇ, ਅੰਨੇ ਵਿਅਕਤੀ ਨੂੰ ਨੇਤ੍ਰ ਜੋਤ ਮਿਲ ਜਾਵੇ ਅਤੇ ਬੋਲਾ ਵਿਅਕਤੀ ਉਣਨ ਲਗ ਜਾਵੇ।

ਸਾਕਾਰ ਰੂਪ ਵਿੱਚ, ਨਿਰਾਕਾਰ ਪਰਮੇਸ਼ਰ ਦੀ ਨੁਮਾਂਇੰਦਗੀ ਸਤਿਗੁਰੂ ਕਰਦਾ ਹੈ। ਸਤਿਗੁਰੂ ਹੀ ਭਗਵਾਨ ਦਾ ਪਰਤੱਖ ਰੂਪ ਹੈ। ਏਸੇ ਤਰ੍ਹਾਂ ਦੀ ਸਤਿਗੁਰੂ ਜਗਜੀਤ ਸਿੰਘ ਜੀ ਬਖਸ਼ਿਸ਼ ਦੀ ਇੱਕ ਘਟਨਾ ਗੁਰੂ ਪ੍ਰੇਮੀਂ ਸਿੱਖਾਂ ਦੇ ਦ੍ਰਿਸਟੀ ਗੋਚਰ ਹੈ।

8 ਅੱਸੂ 2065, 23 ਸਿਤੰਬਰ 2008, ਮੰਗਲਵਾਰ

ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਹਰੀ ਮੰਦਰ ਵਿੱਚ ਆਰੰਭ ਹੋਏ ਨਾਮ ਸਿਮਰਨ ਜਪ ਪ੍ਰਯੋਗ ਦੌਰਾਨ ਹੀ ਚਾਰ ਵਜੇ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਕੀਤਾ।

ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਆਪਣੇ ਤਪ ਅਸਥਾਨ ਤੇ ਨਿਤਨੇਮ ਕਰਕੇ ਸਾਢੇ ਪੰਜ ਆਸਾ ਦੀ ਵਾਰ ਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਗਤਾਂ ਨੇ ਚਰਨ ਪਰਸੇ। ਭੋਗ ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਦਿਨ ਦਾ ਪ੍ਰੋਗਰਾਮ ਦੱਸਿਆ ਸ੍ਰੀ ਸਤਿਗੁਰੂ ਜੀ ਕੋਠੀ ਵਿੱਚ ਆ ਗਏ। ਸੇਵਕ ਹਰਪਾਲ ਸਿੰਘ ਨੇ ਅੱਜ 'ਆਦਿ ਅੰਤ ਏਕੈ ਅਵਤਾਰਾ। ਸੋਈ ਗੁਰੂ ਸਮਝੀਅਹੁ ਹਮਾਰਾ" ਵਿਸ਼ੇ ਤੇ ਵਖਿਆਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸਬੰਧਿਤ ਸਾਖੀਆਂ ਸੁਣਾਈਆਂ। ਕਿਵੇਂ 39 ਵਰ੍ਹੇ ਵਰਤਮਾਨ ਸਤਿਗੁਰੂ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ 'ਚ ਵਿਚਰਦਿਆਂ ਪੂਰਨ ਗੁਰਸਿੱਖ ਵਾਂਗ ਬਿਤਾਏ। ਅਟੱਲ ਪ੍ਰਤਾਪੀ ਜੀ ਨੇ ਇੱਕ ਵੇਰ ਬੜੀ ਹੀ ਅਪਣੱਤ ਨਾਲ ਵਰਤਮਾਨ ਸਤਿਗੁਰੂ ਜੀ ਨਾਲ ਬਚਨ ਕੀਤਾ ਸੀ- 'ਕਾਕਾ ਤੂੰ ਮੇਰਾ ਪੁੱਤ੍ਰ ਵੀ ਹੈਂ ਅਤੇ ਮੇਰਾ ਯਾਰ ਵੀ ਹੈਂ' ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਉਪਰੰਤ ਕਿਸ ਕਿਸ ਸਿੱਖ ਨਾਲ ਕੀ ਕੀ ਕੌਤਕ ਵਾਪਰਿਆ ਕਿ ਉਨ੍ਹਾਂ ਦੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪ੍ਰਤੀਤ ਬਣੀ। ਇਸ ਪ੍ਰਸੰਗ ਨਾਲ ਸਬੰਧਿਤ ਸਾਖੀਆਂ ਦੀ ਲੜੀ ਕੱਲ੍ਹ ਨੂੰ ਪੂਰੀ ਕਰਨ ਲਈ ਆਖ ਕੇ ਸਮਾਪਤੀ ਕੀਤੀ। ਉਪਰੰਤ ਯੋਗ ਦੀ ਕਲਾਸ ਲੱਗੀ।

ਅੱਜ ਦੁਪਹਿਰ ਦੇ ਸਾਰੇ ਪ੍ਰੋਗਰਾਮ ਹਰੀ ਮੰਦਰ ਵਿੱਚ ਹੀ ਹੋਏ। 12 ਵਜੇ ਤੋਂ ਆਰੰਭ ਹੋ ਕੇ -ਕਥਾ ਹਨੂੰ ਨਾਟਕ ਦੀ ਸੰਤ ਨਿਸ਼ਾਨ ਸਿੰਘ ਜੀ ਨੇ, ਹੁਕਮਨਾਮੇ ਦਾ ਪਾਠ ਅਤੇ ਜੱਸ ਜੀਵਨ ਦੀ ਕਥਾ ਮਾ: ਦਰਸ਼ਨ ਸਿੰਘ ਜੀ ਨੇ ਕੀਤੀ। 2 ਤੋਂ 3 ਨਾਮ ਸਿਮਰਨ ਦੌਰਾਨ ਸਵਾ ਕੁ ਦੋ ਵਜੇ ਗ੍ਰੀਬ ਨਿਵਾਜ ਜੀ ਨੇ ਹਰੀ ਮੰਦਰ ਵਿੱਚ ਦਰਸ਼ਨ ਦਿੱਤੇ। ਉਪਰੰਤ 12 ਤੋਂ 18 ਸਾਲ ਦੇ ਰਾਗੀ ਜਥੇ ਨੇ ਰਾਗ ਮਾਲਕੌਂਸ ਤਿੰਨ ਤਾਲ ਵਿੱਚ 'ਬਿਸਰਿ ਗਈ ਸਭ ਤਾਤਿ ਪਰਾਈ' ਸ਼ਬਦ ਗਾਇਨ ਕੀਤਾ। ਸੰਤ ਮਹਿੰਦਰ ਸਿੰਘ 'ਪੂਰਬਾ' ਨੇ ਅਰਦਾਸ ਕੀਤੀ। ਗ੍ਰੀਬ ਨਿਵਾਜ ਸੱਚੇ ਪਾਤਸ਼ਾਹ ਜੀ ਕਲੱਬਕਾਰ ਵਿੱਚ ਬੈਠ ਕੋਠੀ 'ਚ ਆਉਣ ਲੱਗੇ ਤਾਂ ਕਾਨਪੁਰ ਤੋਂ ਜਸਬੀਰ ਸਿੰਘ, ਬੀਬੀ ਸੁਸ਼ੀਲ ਕੌਰ ਆਪਣੇ ਹੋਰ ਸਨਬੰਧੀਆਂ ਸਮੇਤ ਚਰਨੀਂ ਲੱਗੇ। ਰਛਪਾਲ ਸਿੰਘ ਸੇਵਕ ਨੇ ਅਰਜ ਕੀਤੀ, "ਗ੍ਰੀਬ ਨਿਵਾਜ ਜੀ ਇਨ੍ਹਾਂ ਦਾ ਕਾਕਾ ਦਲੀਪ ਸਿੰਘ 30 ਕੁ ਵਰ੍ਹਿਆਂ ਦਾ, ਦੋ ਮਹੀਨਿਆਂ ਤੋਂ ਪੀਲੀਏ ਕਰਕੇ ਬਹੁਤ ਬਿਮਾਰ ਸੀ ਅੱਜ ਝੜਾਈ ਕਰ ਗਿਆ। ਇਨ੍ਹਾਂ ਏਥੇ ਹੀ ਸਸਕਾਰ ਕੀਤਾ ਹੈ। ਆਪ ਜੀ ਦੀ ਕਿਰਪਾ ਨਾਲ ਕੋਈ ਜੀਅ ਰੋਇਆ ਨਹੀਂ। ਭੋਗ ਵੀ ਏਥੇ (ਸ੍ਰੀ ਭੈਣੀ ਸਾਹਿਬ) ਹੀ ਪਾਉਣ ਦੀ ਆਗਿਆ ਮੰਗਦੇ ਹਨ। ਸ੍ਰੀ ਸਤਿਗੁਰੂ ਜੀ ਨੇ ਸ਼ਾਬਾਸ਼ ਦਿੱਤੀ, ਏਥੇ ਹੀ (ਹਰੀ ਮੰਦਰ ਦੇ ਪਿੱਛੇ) ਇਕ 78 ਸਾਲਾ ਬਜ਼ੁਰਗ ਮਾਤਾ ਗੁਰਦੀਪ ਕੌਰ ਆਪਣੇ ਪੋਤਰੇ ਬਲਿਹਾਰ ਸਿੰਘ ਸਹਿਤ ਸੱਚੇ ਪਾਤਸ਼ਾਹ ਜੀ ਦੇ ਚਰਨੀਂ ਲੱਗੀ। ਖੁਸ਼ੀ ਨਾਲ ਨੱਕੋ ਨੱਕ ਭਰੀ ਮਾਤਾ, ਜਿਵੇਂ ਨਵਾਂ ਜਨਮ ਮਿਲਿਆ ਹੋਵੇ ਨੇ ਅਰਜ਼ ਕੀਤੀ -ਸੱਚੇ ਪਾਤਸ਼ਾਹ

Sri Satguru Jagjit Singh Ji Elibrary NamdhariElibrary@gmail.com

ਮੇਰੀਆਂ ਅੱਖਾਂ ਨੂੰ ਚਾਨਣ ਤੁਸੀਂ ਬਖਸ਼ਿਆ ਹੈ।

ਦਸ ਸਾਲ ਪਹਿਲੋਂ ਆਪ ਜੀ ਸੰਤ ਨਗਰ ਘਰ ਦਰਸ਼ਨ ਦਿੱਤੇ। ਮੇਰੀ ਸੇਹਤ ਬਾਰੇ ਪੁੱਛਿਆ ਤਾਂ ਅਰਜ਼ ਕੀਤੀ ਸੀ ਕਿ 20-25 ਸਾਲ ਤੋਂ ਨਿਗਾ ਬੰਦ ਹੋ ਗਈ ਹੈ। ਬੜੇ ਡਾਕਟਰਾਂ ਨੂੰ ਵਿਖਾਇਆ ਹੈ, ਉਹ ਕਹਿੰਦੇ ਹਨ ਕਿ ਨਿਗ੍ਹਾ ਪਿਛੋਂ ਹੀ ਖਤਮ ਹੈ। ਆਪ ਜੀ ਹੁਕਮ ਕੀਤਾ, "ਇਕ ਵੇਰ ਚੰਡੀਗੜ੍ਹ ਵਿਖਾ ਲਉ" ਪਰ ਅਣਗਹਿਲੀ ਕਰ ਛੱਡੀ ਕਿ ਜਦੋਂ ਡਾਕਟਰ ਜੁ ਕਹਿੰਦੇ ਹਨ ਕਿ ਨਿਗ੍ਹਾ ਨਹੀਂ ਬਣ ਸਕਦੀ। ਹੁਣ ਦਸ ਸਾਲ ਬਾਅਦ ਆਪ ਜੀ ਦਾ ਬਚਨ, ਮੈਂ ਆਪਣੇ ਪੋਤਰਿਆਂ ਨੂੰ ਯਾਦ ਕਰਾਇਆ। ਚੰਡੀਗੜ੍ਹ 8-9 ਸਿਤੰਬਰ ਨੂੰ ਗਰੇਵਾਲ ਹਸਪਤਾਲ ਇਲਾਜ ਕਰਾਇਆ ਤੇ ਨਿਗ੍ਹਾ ਪਰਤ ਆਈ। 30-35 ਸਾਲਾਂ ਬਾਅਦ ਆਪ ਜੀ ਦੇ ਦਰਸ਼ਨ ਕਰ ਰਹੀ ਹਾਂ। ਮੈਂ ਡਾਕਟਰ ਨੂੰ ਵੀ ਕਿਹਾ ਸੀ ਕਿ ਅਪ੍ਰੇਸ਼ਨ ਭਾਂਵੇਂ ਤੂੰ ਕੀਤਾ ਹੈ ਪਰ ਮੈਨੂੰ ਨਿਗ੍ਹਾ ਸਾਡੇ ਸਤਿਗੁਰਾਂ ਨੇ ਬਖਸ਼ੀ ਹੈ। ਧੰਨ ਹੋ ਆਪ ਜੀ-ਕਿਰਪਾ ਕਰੋ ਮੇਰਾ ਸਰੀਰ ਸਾਥ ਦੇਵੇ, ਮੈਂ ਪਿੰਡੋਂ-ਪਿੰਡੀ ਜਾ ਲੋਕਾਂ ਨੂੰ ਦੱਸਾਂ ਕਿ ਮੈਨੂੰ ਸੱਚੇ ਪਾਤਸ਼ਾਹ ਨੇ ਨਿਗਾਹ ਬਖਸ਼ੀ ਹੈ। ਸ੍ਰੀ ਸਤਿਗੁਰੂ ਜੀ ਬਜ਼ੁਰਗ ਮਾਤਾ ਨੂੰ ਵੇਖਕੇ ਬਹੁਤ ਪ੍ਰਸੰਨ ਹੋਏ।

ਉਪਰੰਤ ਗ਼ੀਬ ਨਿਵਾਜ ਨੇ ਬਾਗ ਵਾਲੀ ਕੋਠੀ 'ਚ ਜੋਟੀਆਂ ਵਾਲੇ ਸ਼ਬਦ ਗਾਇਨ ਸਮੇਂ ਦਰਸ਼ਨ ਦਿੱਤੇ। ਮੈਂ (ਹਰਪਾਲ ਸੇਵਕ) ਤੇ ਸੂਬਾ ਰੇਸ਼ਮ ਸਿੰਘ ਜੀ-ਮਾਤਾ ਗੁਰਦੀਪ ਕੌਰ ਨੂੰ ਮਿਲੇ। ਮਾਤਾ ਦੇ ਪਰਿਵਾਰ ਬਾਰੇ, ਪਿਛੋਕੜ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਬਾਰੇ ਕੁਝ ਹੋਰ ਜਾਣਕਾਰੀ ਪ੍ਰਾਪਤ ਕੀਤੀ।

"ਮਾਤਾ ਜੀ, ਤੁਹਾਡੇ ਪਿਤਾ ਮਾਤਾ ਦਾ ਨਾਮ, ਪਿੰਡ ਕੇਹੜਾ ਹੈ, ਕਦੋਂ ਤੋਂ ਨਾਮਧਾਰੀ ਹੋ?" ਆਦਿ ਕਿੰਨੇ ਸਾਰੇ ਸਵਾਲ ਮੈਂ ਇਕੱਠੇ ਹੀ ਪੁੱਛ ਲਏ।

ਮਾਤਾ ਗੁਰਦੀਪ ਕੌਰ ਨੇ ਦੱਸਿਆ, "ਮੇਰੇ ਪਿਤਾ ਦਸੌਂਧਾ ਸਿੰਘ ਮਾਤਾ ਰਤਨ ਕੌਰ ਸੀ। ਅਸੀਂ ਖੁੱਲ੍ਹੇ ਸਾਂ, ਏਸੇ ਲੁਧਿਆਣੇ ਜਿਲੇ ਦਾ ਪਿੰਡ ਦਲੇਅ ਹੈ। ਮੇਰੇ ਪਿਤਾ ਜੀ ਨੰਬਰਦਾਰ ਸਨ, ਬੱਚੇ ਨਹੀਂ ਸਨ ਬਚਦੇ। ਉਨ੍ਹਾਂ ਚਾਰ ਵਿਆਹ ਕਰਵਾਏ, 17 ਬੱਚੇ (ਭੈਣ-ਭਰਾ) ਹੋਏ ਤੇ ਝੜਾਈ ਕਰ ਗਏ। ਫੇਰ ਮੇਰੇ ਮਾਤਾ ਪਿਤਾ ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਰਾਹੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨੀਂ ਲੱਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਬੱਸ ਹੁਣ ਕਿਰਪਾ ਹੋ ਗਈ, ਜਾਉ।" ਉਸ ਤੋਂ ਬਾਅਦ ਸਾਡਾ ਦੋਵਾਂ (ਭੈਣ-ਭਰਾ) ਦਾ ਜਨਮ ਹੋਇਆ। ਮੇਰੇ ਭਰਾ ਦਾ ਨਾਮ ਹੈ ਸਾਧੂ ਸਿੰਘ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਮੁੱਖ ਸੇਵਕ ਭਾਈ ਵਜੀਰ ਸਿੰਘ ਸਾਡੇ ਸਕੇ ਮਾਮਾ ਜੀ ਸਨ। -ਮੇਰੀ ਸੱਸ (ਬੇਬੇ ਈਸ਼ਰ ਕੌਰ) ਸੂਬੇ ਵਰਿਆਮ ਸਿੰਘ ਹੋਰਾਂ ਦੀ ਸਕੀ ਭੈਣ ਸੀ। ਮੇਰੇ ਦੋ ਪੁਤਰ ਗੁਰਦੇਵ ਸਿੰਘ, ਸੁਖਦੇਵ ਸਿੰਘ ਅਜੇ ਛੋਟੇ ਹੀ ਸਨ ਕਿ ਇਨ੍ਹਾਂ ਦੇ ਪਿਤਾ (ਸ.ਅਵਤਾਰ ਸਿੰਘ) ਝੜਾਈ ਕਰ ਗਏ। 30-35 ਸਾਲ ਪਹਿਲੋਂ ਮੇਰੀ ਨਿਗ੍ਹਾਂ ਘਟਦੀ ਘਟਦੀ ਬਿਲਕੁਲ ਬੰਦ ਹੋ ਗਈ। ਲੁਧਿਆਣੇ ਦਇਆਨੰਦ, ਅੰਮ੍ਰਿਤਸਰ ਅਤੇ ਹੋਰ ਕਈ ਡਾਕਟਰਾਂ ਨੂੰ ਵਿਖਾਇਆ। ਸਭ ਜਗ੍ਹਾ ਡਾਕਟਰਾਂ ਇਕੋ ਹੀ ਜੁਆਬ ਦਿੱਤਾ ਕਿ ਮਾਈ ਤੇਰੀ ਨਿਗਾਹ ਨਹੀਂ ਬਣ ਸਕਦੀ। -ਮਾਤਾ ਦੇ ਨਾਲ ਖੜੇ ਪੋਤਰੇ ਬਲਿਹਾਰ ਸਿੰਘ ਸਪੁਤਰ ਗੁਰਦੇਵ ਸਿੰਘ ਨੰਬਰਦਾਰ ਨੇ ਦੱਸਿਆ ਕਿ ਸਾਡੇ ਪਿੰਡ ਅੱਖਾਂ ਦਾ ਕੈਂਪ ਲੱਗਿਆ। ਚਾਰ ਵੱਡੇ ਡਾਕਟਰਾਂ ਦਾ ਡੇਰਾ ਸਾਡੇ ਘਰ ਹੀ ਸੀ ਉਨ੍ਹਾਂ ਕਿਹਾ ਕਿ ਵੱਡੀ ਬੇਬੇ (ਈਸ਼ਰ ਕੌਰ ਸਾਡੀ ਪੜਦਾਦੀ ਜਿਸਦੀ ਉਮਰ 100 ਸਾਲ ਦੀ ਸੀ ਕ਼ੀਬ) ਦੀ ਨਿਗ੍ਹਾਂ ਤਾਂ ਬਣ ਸਕਦੀ ਹੈ ਪਰ ਇਨ੍ਹਾਂ ਦੀ ਨਹੀਂ ਬਣ ਸਕਦੀ। ਅਕਤੂਬਰ 1998 ਈ: 'ਚ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਘਰ ਚਰਨ ਪਾਏ। ਬੇਬੇ ਬਾਰੇ ਪੁੱਛਿਆ ਤਾਂ ਹੁਕਮ ਕੀਤਾ,-"ਇਕ ਵਾਰ ਚੰਡੀਗੜ ਵਿਖਾ ਕੇ ਵੇਖੋ"-ਪਰ ਅਣਗਹਿਲੀ ਕਰ ਛੱਡੀ। ਬੇਬੇ ਨੇ ਸਗੋਂ ਕਹਿਣਾ ਕਿ ਹੁਕਮ ਹੋਇਆ ਹੈ ਚੰਡੀਗੜ ਵਿਖਾਉਣ ਦਾ ਸ਼ਾਇਦ ਕਿਰਪਾ ਹੋ ਜਾਵੇ। -ਹੁਣ ਦਸ ਸਾਲ ਬੀਤਣ ਤੇ ਬੇਬੇ ਨੇ ਫੇਰ ਕਿਹਾ ਤਾਂ ਅਸੀਂ ਹੁਣ ਸਿਤੰਬਰ 2008 ਦੇ ਪਹਿਲੇ ਹਫਤੇ ਗਰੇਵਾਲ ਹਸਪਤਾਲ (ਚੰਡੀਗੜ੍ਹ) ਵਿਖਾਇਆ। ਉਨ੍ਹਾਂ ਡਾਕਟਰਾਂ ਵੀ ਕਿਹਾ ਕਿ ਤੁਸੀਂ ਕਹਿੰਦੇ ਹੋ ਤੇ ਅਪ੍ਰੇਸ਼ਨ ਕਰਕੇ ਵੇਖ ਲੈਂਦੇ ਹਾਂ, ਵੈਸੇ ਉਮੀਦ ਕੋਈ ਨਹੀਂ। -ਇਹ ਤੇ ਕਰਾਮਾਤ ਹੀ ਹੋਈ ਕਿ ਬੇਬੇ ਦੀ ਨਿਗ੍ਹਾ ਬਣ ਗਈ। 30-35 ਸਾਲਾਂ ਬਾਅਦ ਬੇਬੇ ਨੇ ਫੇਰ ਜਹਾਨ ਵੇਖ ਲਿਆ। ਇਹ ਸਭ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਹੀ ਹੈ।

"ਬੇਬੇ ਤੁਹਾਡੇ ਭਰਾ ਦਾ ਪਰਿਵਾਰ ਬੱਚੇ ਕਿੰਨੇ ਹਨ ਤੇ ਕਿੱਥੇ ਰਹਿੰਦੇ ਹਨ?-ਮੈਂ ਬੇਬੇ ਨੂੰ ਪੁੱਛਿਆ! ਬੇਬੇ ਨੇ ਪੇਕੇ ਪਰਿਵਾਰ ਤੇ ਆਪਣੇ ਪ੍ਰਵਾਰ ਬਾਰੇ ਦੱਸਣਾ ਸ਼ੁਰੂ ਕੀਤਾ।

"ਅਸੀਂ ਦੋਵੇਂ (ਭੈਣ-ਭਰਾ) ਹੀ ਬਚੇ ਸਾਂ। ਮੇਰੇ ਭਰਾ ਸਾਧੂ ਸਿੰਘ ਦਾ ਪੁਤਰ ਹਰਬੰਸ ਸਿੰਘ ਪੋਤਰਾ ਗੁਰਬੂਟਾ ਸਿੰਘ ਤੇ ਪੋਤਰੀਆਂ ਦਲਬੀਰ ਕੌਰ ਤੇ ਦਿਲਰਾਜ ਕੌਰ ਹਨ। ਪਰਿਵਾਰ ਸਿੱਖੀ ਚ ਕਾਇਮ ਹੈ ਪਿੰਡ ਦਲੇਅ ਹੀ ਰਹਿੰਦੇ ਹਨ ਅਤੇ ਮੇਰੇ ਪੁੱਤਰ ਗੁਰਦੇਵ ਸਿੰਘ ਨੰਬਰਦਾਰ ਤੇ ਸੁਖਦੇਵ ਸਿੰਘ

ਹੈਨ। ਗੁਰਦੇਵ ਸਿੰਘ ਦਾ ਕਾਕਾ ਬਲਿਹਾਰ ਸਿੰਘ ਬੱਚੀਆਂ ਪ੍ਰਕਾਸ਼ ਕੌਰ, ਬੇਅੰਤ ਕੌਰ, ਸੁਖਵਿੰਦਰ ਕੌਰ ਤੇ ਵੀਰ ਕੌਰ ਹਨ। ਸੁਖਦੇਵ ਸਿੰਘ ਦਾ ਕਾਕਾ ਰਜਿੰਦਰ ਸਿੰਘ ਲੜਕੀਆਂ ਰਾਜ ਕੌਰ, ਪਰਮਜੀਤ ਕੌਰ ਅਤੇ ਅਮਨ ਕੌਰ ਹਨ। ਸੰਤ ਨਗਰ ਰਹਿੰਦੇ ਹਾਂ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੀ ਸਾਡੇ ਪਰਿਵਾਰ ਤੇ ਅਪਾਰ ਬਖਸ਼ਿਸ਼ ਹੈ।

ਅੱਜ ਸ਼ਾਮੀ 5:30 ਤੋਂ 7:30 ਵਜੇ ਤੱਕ ਹਰੀ ਮੰਦਰ 'ਚ ਸੰਗੀਤ ਸਭਾ ਹੋਈ। ਸ੍ਰੀ ਸਤਿਗੁਰੂ ਜੀ ਪਾਲਿਕੀ 'ਚ ਬਿਰਾਜ਼ਮਾਨ ਹੋ ਗਏ। ਬੰਸਰੀ ਵਾਦਕ ਸ੍ਰੀ ਸੁਸ਼ੀਲ ਕਾਂਤ ਗੁਪਤਾ ਜੀ, ਜਗਦੀਸ਼ ਵਰਿਆਮ ਜੀ ਨਾਲ ਆਏ, ਸ੍ਰੀ ਸਤਿਗੁਰੂ ਜੀ ਦੇ ਚਰਨ ਪਰਸਕੇ ਬੰਸਰੀ ਵਾਦਨ ਦੀ ਆਗਿਆ ਲਈ। ਸੁਸ਼ੀਲ ਕਾਂਤ ਜੀ ਨੇ ਸਤਿਗੁਰੂ ਜੀ ਦੇ ਸਨਮੁੱਖ ਬੰਸਰੀ ਤੇ ਅਲਾਪ ਅਰੰਭਿਆ। ਤਬਲੇ ਤੇ ਸੰਗਤ ਕਰਨ ਲਈ ਸ੍ਰੀ ਹਰਪ੍ਰੀਤ ਸਿੰਘ ਸੋਨੂੰ ਮੰਚ ਤੇ ਹਾਜ਼ਰ ਹੋਏ। ਹਰੀ ਮੰਦਰ ਵਿੱਚ ਸੰਗਤ ਪਹਿਲੋਂ ਹੀ ਸੰਗੀਤ ਦਾ ਆਨੰਦ ਮਾਨਣ ਅਤੇ ਸਤਿਗੁਰੂ ਦਰਸ਼ਨ ਦਾ ਲਾਹਾ ਲੈਣ ਲਈ ਹਾਜ਼ਰ ਸੀ। ਸ੍ਰੀ ਸੁਸ਼ੀਲ ਕਾਂਤ ਜੀ ਨੇ ਪੂਰਬੀ ਠਾਟ ਦਾ ਗਾਉੜੀ ਰਾਗ ਇਕ ਤਾਲ ਵਿਲੰਭਿਤ 'ਚ ਪੇਸ਼ ਕੀਤਾ ਫੇਰ ਸ੍ਰੀ ਭਾਤਖੰਡੇ ਜੀ ਦੀ ਤਿੰਨ ਤਾਲ ਦੀ ਬੰਦਿਸ਼, ਰਾਗ ਮੇਘ ਝੱਪਤਾਲ 'ਚ ਸ੍ਰੀ ਹਜ਼ੂਰ ਦੇ ਸਨਮੁਖ ਪੇਸ਼ ਕੀਤਾ। ਸ੍ਰੀ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਸ੍ਰੀ ਸੁਸ਼ੀਲ ਕਾਂਤ ਜੀ ਨੂੰ ਖੁਸ਼ੀਆਂ ਬਖਸ਼ੀਆਂ, ਸਿਰੋਪਾਉ ਨਾਲ ਨਿਵਾਜਿਆ।

ਬੰਸਰੀ ਵਾਦਕ ਨਾਲ ਅਜਿਹਾ ਸੰਗੀਤ ਮਈ ਵਾਤਾਵਰਣ ਸਿਰਜਿਆ ਗਿਆ ਕਿ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨਿਰ ਸ਼ਬਦ ਸਮਾਧੀ (ਚੁੱਪ ਰਹਿਣ ਵਾਲੀ ਨਰ ਲੀਲਾ) ਤੋਂ ਉਪਰਾਮ ਹੋ ਕੇ ਆਪਣੇ ਸ੍ਰੀ ਮੁੱਖ ਤੋਂ ਬੰਦਿਸ਼ਾਂ ਗਾਉਣ ਦੀ ਕਿਰਪਾ ਕੀਤੀ। ਜਿਉਂ ਹੀ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਜਿੰਦਰ ਸਿੰਘ ਨੇ ਗਾਉਣਾਂ ਸ਼ੁਰੂ ਕੀਤਾ ਤਾਂ ਸੰਗਤ ਦੀ ਖੁਸ਼ੀ ਦੀ ਸੀਮਾਂ ਨਾ ਰਹੀ। ਜਦੋਂ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਇੱਕ ਤੋਂ ਬਾਅਦ ਇੱਕ ਕਰਕੇ ਦਸ ਬੰਦਿਸ਼ਾਂ ਗਾਉਣ ਦੀ ਕਿਰਪਾ ਕੀਤੀ। ਕਈ ਵਾਰ ਤਾਂ ਐਉਂ ਜਾਪਦਾ ਸੀ ਕਿ ਅਸੀਂ ਬਹੁਤ ਵਧੀਆ ਸੁਪਨਾਂ ਵੇਖ ਰਹੇ ਹਾਂ। ਅੱਜ ਤੋਂ ਅੱਠ ਦੱਸ-ਸਾਲ ਪਹਿਲੋਂ ਸ੍ਰੀ ਹਜ਼ੂਰ ਦੀ ਹਜ਼ੂਰੀ 'ਚ ਹੋ ਰਹੀ ਸੰਗੀਤ ਸਭਾ ਦਾ ਅਨੰਦ ਮਾਣ ਰਹੇ ਹਾਂ। ਹਰਪ੍ਰੀਤ ਸੋਨੂੰ ਤਬਲੇ ਤੇ ਸੰਗਤ ਕਰਦੇ ਰਹੇ। ਜਿਨ੍ਹਾਂ ਸੰਗਤਾਂ ਨੇ ਅੱਜ ਦੀ ਸੰਗੀਤ ਸਭਾ ਦਾ ਅਨੰਦ ਮਾਣਿਆ, ਕਈ ਕਹਿ ਰਹੇ ਸਨ ਸਾਡਾ ਤੇ ਮੇਲਾ ਸਫਲ ਹੋ ਗਿਆ ਕਿ ਸਾਨੂੰ ਸੱਚੇ ਪਾਤਸ਼ਾਹ ਦੀ ਰਸਨਾ ਤੋਂ ਰਾਗ ਸੁਣਨ ਦਾ ਸੁਭਾਗ ਪ੍ਰਾਪਤ ਹੋ ਗਿਆ।- ਬੰਸਰੀ ਵਾਦਕ ਗੁਪਤਾ ਜੀ ਬੰਦਿਸ਼ਾਂ ਸੁਣ ਕੇ ਜਿਵੇਂ ਮਸਤਾਨੇ ਹੀ ਹੋ ਗਏ। ਸ੍ਰੀ ਹਜ਼ੂਰ ਦੇ ਸਨਮੁੱਖ ਕਹਿਣ ਲੱਗੇ-ਕੈਸੀ ਅਨਮੋਲ ਬੰਦਿਸ਼ੇ ਹੈਂ, ਔਰ ਕੈਸੇ ਅੱਛੇ ਅੰਦਾਜ਼ ਸੇ ਆਪ ਨੇ ਯੇ ਬੱਚੋਂ ਕੋ ਸਿਖਾਈ ਹੈਂ। ਅੱਜ ਦੀ ਸੰਗੀਤ ਸਭਾ ਦੀ ਵਿਆਖਿਆ ਸ਼ਬਦਾਂ ਦੇ ਬੰਧਨ ਵਿੱਚ ਨਹੀਂ ਆ ਸਕਦੀ-ਦੇਖਾ ਹੀ ਪ੍ਰਵਾਨ ਕਿਹਾ ਜਾ ਸਕਦਾ ਹੈ।

ਸੰਪ: 94176-01321

ਵੱਡੇ ਸਾਹਿਬਜ਼ਾਦੇ (ਸਤਿਗੁਰੂ ਜਗਜੀਤ ਸਿੰਘ ਜੀ) ਦਾ ਪ੍ਰਕਾਸ਼

1977 ਬਿ: 8 ਮਘਰ ਸੋਮਵਾਰ, ਕੱਤਕ ਸੁਦੀ ਇਕਾਦਸ਼ੀ ਅੰਮ੍ਰਿਤ ਵੇਲੇ ਸ੍ਰੀ ਭੈਣੀ ਸਾਹਿਬ ਮਾਤਾ ਭੁਪਿੰਦਰ ਕੌਰ ਦੀ ਕੁੱਖੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿ ਵਿਖੇ ਸਾਹਿਬਜ਼ਾਦੇ ਦਾ ਜਨਮ ਹੋਇਆ। ਮਾਤਾ ਰਾਮ ਕੌਰ ਜੀ ਗੁਰੂਸਰ ਵਾਲਿਆਂ ਉਸ ਵਕਤ ਕੰਨ ਵਿਚ ਭਜਨ ਦੱਸ ਧੰਨ ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਕਹਿ, ਬਾਅਦ ਆਪਣੇ ਹੱਥੀਂ ਗੁੜ ਦੀ ਗੁੜਤੀ ਦਿੱਤੀ ਤੇ ਰਾਮਸਰ ਦਾ ਜਲ ਮੰਗਾ, ਦੁੱਧੀ ਧੋ ਮੁੱਖ ਪਾਈ। ਬੇਅੰਤ ਖੁਸ਼ੀਆਂ ਸੰਗਤ ਨੂੰ ਹੋਈਆਂ ਤੇ ਸਭ ਸਾਹਿਬਜ਼ਾਦੇ ਦਾ ਨਾਮ ਬੇਅੰਤ ਜੀ, ਬੇਅੰਤ ਜੀ ਹੀ ਕਹਿਣ।

25 ਦਿਨੀਂ ਰਾਮਸਰ ਕੰਢੇ, ਪਵਿੱਤਰ ਜਲ ਉਸੇ ਦੇ ਨਾਲ ਇਸ਼ਨਾਨ ਕਰਾ, ਸਮੇਤ ਮਾਤਾ ਜੀ ਦੇ ਅੰਮ੍ਰਿਤ ਸੰਤ ਆਲਾ ਸਿੰਘ ਜੀ ਨੇ ਛਕਾਇਆ। ਕੰਨ ਵਿਚ ਭਜਨ ਸਾਹਿਬਜ਼ਾਦੇ ਦੇ ਦਿੱਤਾ। ਗ੍ਰੰਥ ਸਾਹਿਬ ਦਾ ਭੋਗ ਪਾਇਆ। ਅਰਦਾਸਾ ਕਰ ਕੜਾਹ ਪ੍ਰਸ਼ਾਦ ਵਰਤਾਇਆ। ਮਾਤਾ ਰਾਮ ਕੌਰ ਜੀ ਦੇ ਮਤੇ ਅਨੁਸਾਰ ਸਤਿਗੁਰੂ ਜੀ ਦੇ ਹਜ਼ੂਰ ਜਗਜੀਤ ਸਿੰਘ ਨਾਮ ਰੱਖਿਆ। ਸਤਿਜੁਗ ਅਖ਼ਬਾਰ 'ਚ ਭੀ ਛਪਿਆ ਜੋ ਲਹੌਰੋਂ ਨਿਕਲਦਾ ਸੀ।

(ਜੱਸ ਜਵਿਨ ਭਾਗ-1, ਪੰਨਾ-273)

...ਕਿਰਪਾ ਕਰਨਾ ਮੇਰਾ ਫਰਜ਼ ਰਿਹਾ

✍ -ਸੁਖਦੇਵ ਸਿੰਘ 'ਸੁੱਖੀ' ਤਬਲਾਵਾਦਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਿਰਪਾ ਕੀਤੀ 1985 ਈ. ਵਿਚ ਮੈਨੂੰ (ਸੁਖਦੇਵ ਸਿੰਘ) ਪੰ: ਦੁਰਗਾ ਲਾਲ ਜੀ ਕੋਲ ਪਖਾਵਜ ਸਿੱਖਣ ਲਈ ਭੇਜਿਆ। ਦਿੱਲੀ ਸੇਠ ਤ੍ਰਲੋਕ ਸਿੰਘ ਜੀ ਦੀ ਕੋਠੀ ਪੂਸਾ ਰੋਡ ਵਿਖੇ ਉਸਤਾਦੀ ਸ਼ਗਿਰਦੀ ਕਰਵਾਈ। ਮੇਰੀ ਲੈ-ਤਾਲ ਨਾ ਠੀਕ ਹੋਣ ਕਰਕੇ, ਮੈਨੂੰ ਸਿੱਖਣ ਵਿਚ ਬਹੁਤ ਹੀ ਮੁਸ਼ਕਲ ਔਂਦੀ ਸੀ। ਕਿਉਂਕਿ ਉਹ ਕੱਥਕ (ਨ੍ਰਿਤੱਕਾਰੀ) ਤੇ ਮਰਦੰਗ ਦੇ ਬਹੁਤ ਵੱਡੇ ਉਸਤਾਦ ਸਨ। ਜਦੋਂ ਮੈਂ ਉਹਨਾਂ ਤੋਂ ਜੋ ਵੀ ਸਿਖਿਆ ਹੁੰਦਾ ਸੀ ਤਾਂ ਸੁਨਾਉਣਾ, ਮੇਰੀ ਲੈ-ਤਾਲ ਠੀਕ ਨਾ ਹੋਣ ਕਰਕੇ ਮੈਂ ਕਦੀ ਠੀਕ ਤੇ ਕਦੀ ਗਲਤ ਹੋ ਜਾਣਾ। ਮੈਨੂੰ ਆਪਣੇ ਆਪ ਨੂੰ ਬਹੁਤ ਸ਼ਰਮ ਔਣੀ। ਪਰ ਗੁਰੂ ਜੀ (ਪੰ: ਦੁਰਗਾ ਲਾਲ ਜੀ) ਮੈਨੂੰ ਬਹੁਤਾ ਕੁਝ ਨਾ ਕਹਿੰਦੇ ਕਿਉਂਕਿ ਮੈਨੂੰ ਸੱਚੇ ਪਤਾਸ਼ਾਹ ਜੀ ਨੇ ਸਿੱਖਣ ਲਈ ਭੇਜਿਆ ਸੀ।

ਮੇਰੇ ਉਸਤਾਦ (ਗੁਰੂ ਜੀ) ਦਾ ਜੀਅ ਕਰਦਾ ਸੀ ਕਿ ਮੈਨੂੰ ਛੇਤੀ-ਛੇਤੀ ਸਿਖਾਕੇ ਸੱਚੇ ਪਾਤਸ਼ਾਹ ਜੀ ਕੋਲ ਪੇਸ਼ ਕਰਨ ਤਾਂ ਕਿ ਸੱਚੇ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਸੱਕਣ। ਇਸ ਤਰ੍ਹਾਂ ਕਰੀਬ ਇਕ ਸਾਲ ਬਤੀਤ ਹੋ ਗਿਆ।

ਕਈ ਵਾਰ ਗੁਰੂ ਜੀ ਨੇ ਮੈਨੂੰ ਆਪਣੇ ਨਾਲ ਕੱਥਕ ਕੇਂਦਰ ਵੀ ਨਾਲ ਲੈ ਜਾਣਾ। ਓਥੇ ਹੋਰ ਸ਼ਗਿਰਦਾਂ ਵਿਚ ਜਾ ਕੇ ਮੈਨੂੰ ਆਪਣੇ ਆਪ ਵਿਚ ਬਹੁਤ ਸ਼ਰਮ ਆਉਣੀ।

ਹੋਰ ਮੈਂ ਕੀ ਕਰ ਸੱਕਦਾ ਸੀ। ਮੇਰੇ ਕੋਲ ਇਕ ਹੀ ਹੱਲ ਸੀ ਕਿ ਮੈਂ ਸੱਚੇ ਪਾਤਸ਼ਾਹ ਜੀ ਨੂੰ ਬਹੁਤ ਹੀ ਡਿਟੇਲ ਵਿਚ 6-7 ਪੇਜਾਂ ਦੀ ਇਕ ਚਿੱਠੀ ਲਿਖੀ, ਕਿ ਮੈਂ ਦਿੱਲੀ ਸਿੱਖਣ ਲਈ ਨਹੀਂ ਜਾਣਾ ਕਿਉਂਕਿ ਮੈਨੂੰ ਕੁਝ ਪੱਲੇ ਨਹੀਂ ਪੈਂਦਾ। ਕਿਰਪਾ ਕਰੋ ਕਿ ਮੈਂ ਕੁਝ ਹੋਰ ਕੰਮ ਕਰ ਲਵਾਂ। ਸੱਚੇ ਪਾਤਸ਼ਾਹ ਜੀ ਚਿੱਠੀ ਪੜ੍ਹ ਕੇ ਬਲਜੀਤ ਸਿੰਘ ਨੂੰ ਹੁਕਮ ਕੀਤਾ ਕਿ ਸੁਖਦੇਵ ਨੂੰ ਕਹਿ ਦੇ ਕਿ ਤੇਰੀ ਚਿੱਠੀ ਦਾ ਮੇਰੇ ਤੇ ਕੋਈ ਅਸਰ ਨਹੀਂ ਹੈ। ਸੱਚੇ ਪਾਤਸ਼ਾਹ ਜੀ ਨੇ ਸ਼ਾਮ ਨੂੰ ਮੈਨੂੰ ਕੋਠੀ ਬੁਲਾਕੇ ਹੁਕਮ ਕੀਤਾ ਕਿ ਮੈਂ ਤੈਨੂੰ ਹੋਰ ਕੋਈ ਕੰਮ ਨਹੀਂ ਕਰਨ ਦੇਣਾ, ਤੇਰੇ ਕੋਲੋਂ ਤਬਲਾ ਹੀ ਵਜਵਾਉਣਾ ਹੈ। ਮੈਂ ਫਿਰ ਇਹੋ ਹੀ ਅਰਜ਼ ਕਰ ਦਿੱਤੀ ਕਿ ਮੈਨੂੰ ਤਬਲਾ ਸਿਖਣਾ ਬਹੁਤ ਹੀ ਆਉਖਾ ਹੈ, ਮੈਂ ਨਹੀਂ ਸਿੱਖ ਸੱਕਦਾ। ਜਦੋਂ 2-3 ਵਾਰੀ ਇਸ ਤਰ੍ਹਾਂ ਹੀ ਅਰਜ ਕਰੀ ਗਿਆ ਤਾਂ ਕੋਲੋ ਸੰਤ ਤਰਸੇਮ ਸਿੰਘ ਜੀ ਨੇ ਮੈਨੂੰ ਆਖਿਆ ਕਿ ਤੂੰ ਅਰਜ ਕਰ, ਆਪ ਜੀ ਕਿਰਪਾ ਕਰੋ ਕਿ ਮੈਨੂੰ ਤਬਲਾ ਵਜਾਉਣਾ ਆ ਜਾਏ, ਕਿਉਂ ਜਿਦ ਕਰਦਾ ਹੈਂ। ਪਤਾ ਨਹੀਂ ਮੈਂ ਕਿਉਂ ਜਿਦ ਕਰੀ ਜਾਂਦਾ ਸਾਂ ਤੇ ਕ੍ਰਿਪਾ ਕਰਨ ਵਾਸਤੇ ਕਿਉਂ ਨਹੀਂ ਸੀ ਅਰਜ ਕਰਦਾ। ਪਰ ਜਦੋਂ ਮੈਂ ਸੰਤਾਂ ਦੇ ਕਹਿਣ ਤੇ ਅਰਜ ਕੀਤੀ ਕਿ ਆਪ ਜੀ ਕਿਰਪਾ ਕਰੋ ਮੈਨੂੰ ਤਬਲਾ ਆ ਜਾਏ।

ਸੱਚੇ ਪਾਤਸ਼ਾਹ ਜੀ ਇਕ ਦੱਮ ਹੁਕਮ ਕੀਤਾ ਕਿ ਤੂੰ ਸਿੱਖਣ ਲਈ ਦਿੱਲੀ ਜਾਹ, ਕਿਰਪਾ ਕਰਨਾ ਮੇਰਾ ਫਰਜ਼ ਰਿਹਾ। ਸਾਧ ਸੰਗਤ ਜੀ ਉਸਤੋਂ ਬਾਅਦ ਸੱਚੇ ਪਾਤਸ਼ਾਹ ਜੀ ਐਸੀ ਬਖਸ਼ਿਸ਼ ਕੀਤੀ ਕਿ ਜਿਹੜਾ ਮੈਨੂੰ ਆਸਾ ਦੀ ਵਾਰ ਵਿਚ ਛੱਕਿਆਂ ਨਾਲ ਵੀ ਤਬਲਾ ਵਜਾਉਣਾ ਔਖਾ ਸੀ। ਸੱਚੇ ਪਾਤਸ਼ਾਹ ਜੀ ਦੇ ਹੁਕਮ ਕਰਨ ਤੋਂ ਬਾਦ ਝੱਪ ਤਾਲ, ਚਾਰ ਤਾਲ ਅਤੇ ਧਮਾਰ ਆਦਿ ਤਾਲਾਂ ਵਿਚ ਵਜਾਉਣ ਲੱਗ ਪਿਆ।

ਵਿਦਿਅਕ ਸੰਮੇਲਨ ਵਿੱਚ ਸਾਰੇ ਤਬਲਾ ਵਾਦਕਾਂ ਦਾ ਮੁਕਾਬਲਾ ਹੋਇਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਬਚਨ ਦੀ ਕਰਾਮਾਤ ਹੀ ਆਖ ਸੱਕਦੇ ਹਾਂ ਕਿ ਤਬਲਾ ਮੁਕਾਬਲੇ ਵਿੱਚ ਪਹਿਲੇ ਨੰਬਰ ਤੇ ਸੁਖਵਿੰਦਰ ਸਿੰਘ ਪਿੰਕੀ ਅਤੇ ਦੂਸਰੇ ਤੇ ਮੈਂ ਰਿਹਾ। ਤੀਸਰੇ ਤੇ ਸੁਖਦੇਵ ਸਿੰਘ ਜਲੰਧਰ ਵਾਲੇ।

'ਨਾਨਕ ਨਿਰਗੁਣਿ ਗੁਣੁ ਕਰੇ....' ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਵਰਗੇ ਨਿਰਗੁਣਾਂ ਨੂੰ ਧੱਕੇ ਨਾਲ ਗੁਣ ਬਖਸ਼ਿਆ- 'ਢਾਅ ਕੇ ਖੀਰ ਖਵਾਉਣ ਵਾਂਗ।' ਧੰਨ ਭਾਗ ਹਨ ਸਾਡੇ ਜਿਨ੍ਹਾਂ ਨੂੰ ਐਸੇ ਦਇਆਲੂ ਸਤਿਗੁਰੂ ਸੱਚੇ ਪਾਤਸ਼ਾਹ ਦੀ ਚਰਨ ਛੂਹ ਪ੍ਰਾਪਤ ਹੋਈ।

ਜਦੋਂ ਯਾਦ ਕਰੇਂਗਾ ਮਨਾ ਮੇਰਿਆ, ਸਤਿਗੁਰ ਆਵਣਗੇ॥

✍ -ਸੂਬਾ ਹਰਭਜਨ ਸਿੰਘ ਲੁਧਿਆਣਾ

ਨਾਮਧਾਰੀ ਸਿੱਖ ਸਮਾਜ ਤੇ ਹੋਰ ਗੈਰ ਨਾਮਧਾਰੀ ਸੱਜਣ ਵੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਲੂ ਜਿਨ੍ਹਾਂ ਨੂੰ ਕਦੇ ਨਾ ਕਦੇ ਸਤਿਗੁਰੂ ਜੀ ਪਾਸੋਂ ਕਿਰਪਾ ਨਸੀਬ ਹੋਈ, ਮਿਹਰ ਨਜ਼ਰ ਸ਼ੇਹਤ, ਆਰਥਿਕ, ਪ੍ਰਮਾਰਥ ਜਾਂ ਕੁਝ ਭੀ ਹੋਰ, ਸਤਿਗੁਰੂ ਜੀ ਨੂੰ ਸਰਬ ਕਲਾ ਸਮਰੱਥ, ਅੰਤਰਜਾਮੀ, ਅਣਬੋਲਤ ਹੀ ਬ੍ਰਿਥਾ ਜਾਨਣ ਵਾਲੇ ਕਹਿਕੇ ਸ਼ਰਧਾ ਭੇਟ ਕਰਦੇ ਹਨ। 1985 ਦੀ ਸਰਦੀ ਦੇ ਦਿਨ ਸਨ ਬਾਰਿਸ਼ ਹੋ ਰਹੀ ਸੀ ਥੋੜ੍ਹੀ ਥੋੜ੍ਹੀ। ਪੰਜਾਬ ਦੇ ਹਲਾਤ ਸੁਖਾਵੇਂ ਨਹੀਂ ਸਨ। ਸਤਿਗੁਰੂ ਜੀ ਦੇ ਨਾਲ CRPF ਦੀ ਟੁਕੜੀ ਵੀ ਤਾਇਨਾਤ ਸੀ। ਪੰਜਾਬ ਦੇ ਇਸ ਹਾਲਾਤ ਵਿੱਚ ਕਰੀਬ 8 ਵਜੇ ਸਭ ਸੜਕਾਂ ਤੇ ਸੁੰਨ ਵਰਤ ਜਾਂਦੀ ਸੀ। ਜਿਨ੍ਹਾਂ ਨੇ ਉਹ ਹਾਲਾਤ ਦੇਖੇ ਹਨ ਅੱਜ ਭੀ ਮਨ ਉਦਾਸ ਹੋ ਜਾਂਦਾ ਹੈ। ਅੱਜ ਦੀ ਪੀੜੀ ਨੂੰ ਸ਼ਾਇਦ ਨਹੀਂ ਪਤਾ। ਉਨ੍ਹਾਂ ਦਿਨਾਂ 'ਚ ਸਤਿਗੁਰੂ ਜੀ ਕਿਰਪਾ ਕਰਕੇ ਹਰੇਕ ਪਿੰਡ ਸ਼ਹਿਰ ਜਿੱਥੇ ਇੱਕ ਤੋਂ ਵੱਧ ਨਾਮਧਾਰੀ ਪਰਿਵਾਰ ਵੱਸਦੇ ਸਨ। ਹਫਤੇ 'ਚ ਇਕ ਦਿਨ ਸਭ ਨੂੰ ਇਕੱਤਰ ਹੋਕੇ ਨਾਮ ਸਿਮਰਨ ਕਰਨ ਲਈ ਪ੍ਰੇਰਦੇ ਤੇ ਹੁਕਮ ਕਰਦੇ ਸਨ। ਸੰਗਤੀ ਰੂਪ ਦਾ ਹੁਕਮ ਸੀ ਬੈਠ ਨਾਮ ਸਿਮਰਨ ਕਰਨ ਦਾ, ਕਿਤੇ-ਕਿਤੇ ਕੀਰਤਨ ਵੀ ਹੁੰਦਾ, ਲੁਧਿਆਣੇ ਦੇ ਵੱਖੋ-ਵੱਖ ਮੁਹੱਲਿਆਂ 'ਚ ਕਿਤੇ ਵੀਰਵਾਰ, ਕਿਤੇ ਐਤਵਾਰ, ਆਪਣੀ ਸਹੂਲਤ ਅਨੁਸਾਰ, ਸਾਧ ਸੰਗਤ ਇਕੱਤਰ ਹੁੰਦੀ। ਸਤਿਗੁਰੂ ਜੀ ਪੁੱਛ ਪੜਤਾਲ ਵੀ ਰੱਖਦੇ, ਕਿੱਥੇ ਕਿੰਨੀ ਸੰਗਤ ਜੁੜਦੀ ਹੈ। ਕਿਸ ਮੁਹੱਲੇ ਸ਼ਹਿਰ ਤੇ ਪਿੰਡ ਚ ਕਿਵੇਂ ਨਾਮ ਸਿਮਰਨ ਚਲ ਰਿਹੈ।

ਲੁਧਿਆਣੇ ਸ਼ਹਿਰ ਚ ਇਕ ਮੁਹੱਲਾ ਹੈ, ਜੰਮੂ ਕਲੋਨੀ। ਇਸ ਵਿੱਚ ਚਾਰ ਪੰਜ ਘਰ ਨਾਮਧਾਰੀ ਪਰਿਵਾਰਾਂ ਦੇ ਸਨ। ਇਨ੍ਹਾਂ 'ਚ ਹੀ ਇਕ ਸਾਡਾ (ਸੰਤ ਸਰਦਾਰਾ ਸਿੰਘ ਦਾ) ਪਰਿਵਾਰ ਵੀ ਉਸੇ ਮੁਹੱਲੇ 'ਚ ਵੱਸਦਾ। ਵਾਰੀ ਨਾਲ ਘਰੋਂ-ਘਰੀਂ ਨਾਮ-ਸਿਮਰਨ ਹੁੰਦਾ। ਐਤਵਾਰ ਦਾ ਦਿਨ, ਸੰਗਤੀ ਰੂਪ ਚ ਇਕੱਠੇ ਹੋ ਕੇ ਨਾਮ ਸਿਮਰਨ ਕਰਨ ਦਾ ਹੁੰਦਾ।

ਉਸ ਐਤਵਾਰ, ਜਿਸ ਦਾ ਮੈਂ ਜਿਕਰ ਕਰਨ ਲੱਗਿਆ ਹਾਂ, ਥੋੜੀ ਬਰਸਾਤ ਪੈ ਰਹੀ ਸੀ, ਸਰਦੀ ਵੀ ਸੀ, ਉਸ ਦਿਨ ਬਾਬਾ ਜੈਮਲ ਸਿੰਘ ਦੇ ਘਰ ਵਾਰੀ ਸੀ। ਬਾਬਾ ਜੀ ਦਾ ਘਰ ਪਹਿਲਾਂ ਇੱਥੇ ਭੱਠਾ ਹੋਣ ਕਰਕੇ ਨੀਵੀਂ ਜ਼ਮੀਨ 'ਚ ਬਣਿਆ ਤੇ ਬਾਅਦ 'ਚ ਗਲੀਆਂ ਉਚੀਆਂ ਹੁੰਦੀਆਂ ਗਈਆਂ ਤੇ ਬਾਬਾ ਜੀ ਦੇ ਘਰ ਦੀਆਂ ਦੋ ਛੱਤਾਂ ਭੋਰਾ ਹੀ ਬਣ ਗਈਆਂ। ਜ਼ਮੀਨ ਬਰਾਬਰ ਗਲੀ ਚ ਤੀਸਰੀ ਛੱਤ ਹੋ ਗਈ।

ਉਸ ਐਤਵਾਰ ਬਾਬਾ ਜੀ ਨੇ ਸਭ ਤੋਂ ਥੱਲੇ ਭੋਰੇ 'ਚ ਨਿਤਨੇਮ ਰੱਖ ਲਿਆ। ਕਰੀਬ 7:45 ਵੱਡੇ ਭਰਾ ਜਗਮੋਹਨ ਸਿੰਘ ਜੋ ਹੁਣ ਇਸ ਦੁਨੀਆਂ ਚ ਨਹੀਂ ਹਨ ਆ ਬੈਠਾ ਦੋ ਪੌੜੀਆਂ ਥਲੇ ਉੱਤਰ ਕੇ ਆਲੇ ਦੁਆਲੇ ਦੇਖ ਕਹਿਣ ਲੱਗੇ, ਵਾਹ ਬਾਬਾ ਜੀ, ਜੇਕਰ ਸਤਿਗੁਰੂ ਜੀ ਆ ਜਾਣ ਤੇ ਦੇਖ ਕੇ ਕਹਿਣ, ਵਾਹ! ਕਿੱਥੇ ਭੋਰੇ 'ਚ ਬੈਠ ਕੇ ਭਜਨ ਕਰਦੇ ਹੋ ਤੇ ਖੁਸ਼ ਹੋ ਜਾਣ। ਸੁਭਾਵਿਕ ਹੀ ਏਹੋ ਜੇਹੇ ਹੋਰ ਬਚਨ ਹੋਏ। 8 ਵਜੇ ਜੋਤ ਜਗਾ, ਸਤਿਗੁਰੂ ਜੀ ਦਾ ਆਸਣ ਵਿਛਾ, ਅਰਦਾਸ ਕਰ, ਲਾਈਟ ਬੰਦ ਕਰ, ਦਾ ਸਾਧ ਸੰਗਤ ਨਾਮ ਸਿਮਰਨ ਕਰਨ ਲੱਗੀ।

ਬਾਬਾ ਜੈਮਲ ਸਿੰਘ ਦੇ ਘਰੋਂ ਮਾਤਾ ਜੀ ਬਜ਼ੁਰਗ ਤੇ ਕੁਝ ਹੋਰ ਕੁੱਬੇ ਹੋ ਕੇ ਤੁਰਦੇ ਸਨ। ਉਨ੍ਹਾਂ ਦਾ ਅੰਤਿਮ ਸਮਾਂ ਭੀ ਸਤਿਗੁਰੂ ਜੀ ਦੇ ਚਰਨਾਂ 'ਚ ਸ੍ਰੀ ਭੈਣੀ ਸਾਹਿਬ ਬਤੀਤ ਹੋਇਆ। ਇਨ੍ਹਾਂ ਦੇ ਦਾਮਾਦ ਵੀ ਸਤਿਗੁਰੂ ਜੀ ਦੇ ਸੇਵਕ ਸਨ। ਉਹ ਉੱਪਰ ਦਰਵਾਜ਼ਾ ਬੰਦ ਕਰ ਬੈਠੇ ਤੇ ਹੋਰ ਸੰਗਤ ਦੇ ਆਉਣ ਤੇ ਦਰਵਾਜ਼ਾ ਖੋਲਣ ਲਈ ਬੈਠ ਗਏ।

ਵਾਹ! ਸਤਿਗੁਰੂ ਜਗਜੀਤ ਸਿੰਘ ਜੀ, ਧੰਨ ਹੋ। ਐਨੀ ਛੇਤੀ ਭੀ ਅਰਜ਼ ਸੁਣ ਲੈਂਦੇ ਹੋ। ਅਜੇ ਕਰੀਬ 8:16 ਦਾ ਵਕਤ ਹੀ ਹੋਇਆ ਸੀ ਕਿ ਸਤਿਗੁਰੂ ਜੀ ਦੇ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਮੋਢੇ ਤੇ ਅੰਡੀ ਦੀ ਰੇਸ਼ਮੀ ਚਾਦਰ ਰੱਖੀ ਪੌੜੀਆਂ ਉੱਤਰ ਹੇਠਾਂ ਭੋਰੇ ਚ ਆ ਗਏ। ਸਭ ਨੇ ਹੈਰਾਨ ਹੋ ਦੇਖਿਆ। ਉਨ੍ਹਾਂ ਆਖਿਆ ਸਾਧ ਸੰਗਤ ਜੀ ਸਤਿਗੁਰੂ ਜੀ ਆ ਗਏ ਹਨ। ਆਸਣ ਵਿਛਿਆ ਹੀ ਸੀ ਤੇ ਸੰਤਾਂ ਨੇ ਉੱਪਰ ਅੰਡੀ ਦੀ ਚਾਦਰ ਵਿਛਾ ਦਿੱਤੀ, ਲਾਈਟ ਜਗ ਗਈ। ਮਨਮੋਹਣੀ ਮੂਰਤ ਮਿਹਰਬਾਨ ਸਤਿਗੁਰੂ ਜੀ ਆ ਆਸਣ ਤੇ ਬਿਰਾਜੇ। ਸਭ ਹੈਰਾਨ, ਖੁਸ਼ ਤੇ ਮਸਤਾਨੇ ਹੀ ਹੋ ਗਏ।

ਸਭ ਨੇ ਚਰਨ ਪਰਸੇ, ਨਾਮ ਸਿਮਰਨ ਦਾ ਇਕ ਘੰਟਾ ਪੂਰਾ ਹੋਣ ਤੇ ਸਮਾਪਤੀ ਦੀ ਅਰਦਾਸ ਹੋਈ। ਉਪਰੰਤ ਸਤਿਗੁਰੂ ਜੀ ਦੱਸਿਆ ਕਿ ਪੌਣੇ ਕੁ ਅੱਠ ਵਜੇ, ਮੈਂ ਸੋਚਿਆ ਅੱਜ ਲੁਧਿਆਣੇ ਜਾ ਕੇ ਦੇਖਦੇ ਹਾਂ ਸਾਧ ਸੰਗਤ ਕਿੱਥੇ ਭਜਨ ਕਰਦੀ ਹੈ। ਪਹਿਲਾਂ ਉਸ ਘਰ ਗਏ (ਸੰਤ ਸਰਦਾਰਾ ਸਿੰਘ ਦੇ), ਘਰ ਪੁੱਛਿਆ ਬੀਬੀ ਰਘੁਬੀਰ ਕੌਰ ਹੀ ਘਰ ਸਨ, ਉਨ੍ਹਾਂ ਨੂੰ ਨਾਲ ਲੈ 5 ਗਲੀਆਂ ਪੈਦਲ ਹੀ ਚਲ ਕੇ ਆਏ-ਹਾਂ। ਸਤਿਗੁਰੂ ਜੀ ਸਭ ਪੁੱਛ ਕੀਤੀ ਕਿ ਕਿੰਨੇ ਸਰੀਰ ਹੁੰਦੇ ਹਨ, ਬੱਚੇ ਕਿੰਨੇ ਆਉਂਦੇ ਹਨ, ਘਰ ਕਿੰਨੇ ਹਨ। ਸਭ ਦੀ ਹਾਜ਼ਰੀ ਲਾਉਣ ਤੇ ਸ੍ਰੀ ਭੈਣੀ ਸਾਹਿਬ ਦੱਸਣ ਦਾ ਹੁਕਮ ਕਰ ਖੁਸ਼ੀਆਂ ਬਖਸ਼ ਪੈਦਲ ਹੀ ਆਪਣੀਆਂ ਕਾਰਾਂ ਕੋਲ ਆਏ ਤੇ ਸ੍ਰੀ ਭੈਣੀ ਸਾਹਿਬ ਵੱਲ ਰਵਾਨਾ ਹੋਏ।

ਅਸੀਂ ਸਭ ਦਰਸ਼ਨਾਂ ਨਾਲ ਸਰਸ਼ਾਰ ਹੋਏ ਇਕ ਦੂਜੇ ਨੂੰ ਮੁਬਾਰਕ ਦਿੰਦੇ ਤੇ ਸ੍ਰੀ ਜਗਮੋਹਨ ਸਿੰਘ ਨੂੰ ਆਖਣ ਲੱਗੇ ਤੁਹਾਡੀ ਅਰਦਾਸ ਪਹੁੰਚ ਗਈ ਹੈ, ਤੁਸੀਂ ਆਖਿਆ ਸੀ ਕਿ ਜੇ ਸਤਿਗੁਰੂ ਜੀ ਆ ਜਾਣ ਤੇ ਹੈਰਾਨ ਹੋਣ ਕਿੱਥੇ ਥੱਲੇ ਭੋਰੇ 'ਚ ਬੈਠ ਸਿਮਰਨ ਕਰਦੇ ਹੋ।

"ਜਾਣੀ ਜਾਣ ਦਿਲਾਂ ਦੀਆਂ ਜਾਣਦਾ ਏ" ਸਾਡੀ ਮੰਗ ਅਰਦਾਸ ਤੇ ਵੇਦਨਾਂ ਸਭ ਉਸ ਦੇ ਚਰਨਾਂ 'ਚ ਪਹੁੰਚ ਜਾਂਦੀ ਹੈ ਤੇ ਮੰਗ ਦਰਸ਼ਨਾਂ ਦੀ ਪੂਰੀ ਭੀ ਹੁੰਦੀ ਹੈ। ਸਭ ਧੰਨ ਕਹੋ, ਸਭ ਧੰਨ ਕਹੋ, ਧੰਨ ਸਤਿਗੁਰੂ ਜਗਜੀਤ ਸਿੰਘ ਜੀ, ਹੁਣ ਭੀ ਸਤਿਗੁਰੂ ਉਦੇ ਸਿੰਘ ਜੀ ਦੇ ਰੂਪ ਵਿੱਚ ਉਸੇ ਤਰ੍ਹਾਂ ਜੀ ਕ੍ਰਿਪਾ ਕਰਦੇ ਹਨ।

ਆਉ ਅਰਦਾਸ ਕਰੀਏ, ਹੇ ਸੱਚੇ ਪਾਤਸ਼ਾਹ, ਤੇਰੇ ਨਾਲ ਬਣੀ ਰਹੇ,ਤੇਰੀ ਸਾਧ ਸੰਗਤ ਨਾਲ ਬਣੀ ਰਹੇ ਕਦੇ ਨਾ ਵਿਸਰਿਉ, ਨਾ ਵਿਸਾਰਿਉ। ਚੰਗੇ ਹਾਂ ਮੰਦੇ ਹਾਂ ਤੇਰੇ ਹੀ ਤੇ ਹਾਂ।

Sri Satguru Jagjit Singh Ji Elibrary NamdhariElibrary@gmail.com

ਬਾਹ ਪਕਰਿ ਕਢਿ ਲੀਨੇ ਅਪੁਨੇ

✍-ਹਰਪਾਲ ਸਿੰਘ ਸੇਵਕ

ਚੌਰਾਸੀ ਲੱਖ ਜੂਨ ਵਿੱਚੋਂ ਮਨੁੱਖਾ ਜਨਮ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ ਕਿਉਂਕਿ ਬਾਕੀ ਜੂਨੀਆਂ ਵਿੱਚ ਗਿਆਨ ਨਹੀਂ ਪ੍ਰਾਪਤ ਕੀਤਾ ਜਾ ਸਕਦਾ, ਨਾਮ ਨਹੀਂ ਜੱਪਿਆ ਜਾਂਦਾ, ਸੇਵਾ-ਸਿਮਰਨ ਨਹੀ ਕੀਤਾ ਜਾ ਸਕਦਾ। ਗੁਰਬਾਣੀ ਦਾ ਫੁਰਮਾਣ ਹੈ

'ਚਾਰਿ ਪਾਵ, ਦੁਇ ਸਿੰਗ,
ਗੁੰਗ ਮੁਖ ਤਬ ਕੈਸੇ ਗੁਨ ਗਈ ਹੈ।'

ਪਰ ਜੇਕਰ ਜੀਵ, ਮਨੁੱਖਾ ਜਨਮ ਪ੍ਰਾਪਤ ਹੋਣ ਤੇ ਵੀ ਸਤਿਗੁਰੂ ਨੂੰ ਨਹੀਂ ਮਿਲਿਆ, ਪਰ ਉਪਕਾਰ, ਸੇਵਾ-ਸਿਮਰਨ ਜਹੇ ਗੁਣ ਗ੍ਰਹਿਣ ਨਹੀਂ ਕੀਤੇ ਤਾਂ 'ਗਿਆਨ ਬਿਨਾ ਪਸੁ ਜਾਣ।' - ਮਨੁੱਖ ਪਸ਼ੂਆਂ ਦੀ ਨਿਆਈ ਹੈ। ਨਾਮ ਦੀ ਅਮੋਲਕ ਦਾਤ ਪ੍ਰਾਪਤ ਹੁੰਦੀ ਹੈ, ਗਿਆਨ ਮਿਲਦਾ ਹੈ ਪੂਰੇ ਸਤਿਗੁਰੂ ਤੋਂ, ਪੂਰਾ ਸਤਿਗੁਰੂ ਮਿਲਦਾ ਹੈ, ਪੂਰਬਲੇ ਉੱਤਮ ਭਾਗ ਹੋਣ। 'ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ' ਪਸ਼ੂਆਂ, ਪ੍ਰੇਤਾਂ, ਰਾਕਸ਼ਾਂ, ਵਰਗੀ ਬੁੱਧੀ ਵਾਲੇ ਮਨੁੱਖਾਂ ਨੂੰ ਦੇਵਤੇ ਬਣਾ ਦੇਣਾ, ਸੰਤ ਬਣਾ ਦੇਣਾ, ਠੱਗਾਂ ਨੂੰ ਸੱਜਣ ਬਣਾ ਦੇਣਾ ਪੂਰੇ ਸਤਿਗੁਰੂ ਦੀ ਵਡਿਆਈ ਹੈ।

'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ'- ਗੁਰਵਾਕ ਅਨੁਸਾਰ ਸਤਿਗੁਰੂ ਦੀ ਸਰਨ ਜਾ ਕੇ ਨਵਾਂ ਜਨਮ ਹੁੰਦਾ ਹੈ, ਮਨੁੱਖਾ ਜਨਮ ਵਿੱਚ ਹੀ ਐਸੀ ਤਬਦੀਲੀ ਆ ਜਾਂਦੀ ਹੈ ਕਿ "ਗਵਨੁ ਮਿਟਾਇਆ, - ਆਵਾਗਵਨ ਮਿਟ ਜਾਂਦਾ ਹੈ, ਜਨਮ-ਮਰਨ ਕੱਟਿਆ ਜਾਂਦਾ ਹੈ, ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਪਰ ਪੂਰੇ ਸਤਿਗੁਰੂ ਨੂੰ ਮਿਲਿਆ ਕਿਵੇਂ ਜਾਵੇ? ਇਹ ਵੀ ਸਤਿਗੁਰੂ ਆਪ ਹੀ ਕਿਰਪਾ ਕਰਦਾ ਹੈ, ਜਦੋਂ ਭਾਗ ਜਾਗਦੇ ਹਨ। -"ਪੂਰਬ ਕਰਮ ਅੰਕੁਰ ਜਬ ਪ੍ਰਗਟੇ, ਭੇਟਿਓ ਪੁਰਖੁ ਰਸਿਕ ਬੈਰਾਗੀ।" ਦੁਨੀਆਂਦਾਰੀ ਦੇ ਝਮੇਲਿਆਂ ਵਿੱਚ ਉਲਝੇ ਮਨੁੱਖ ਨੂੰ ਸਤਿਗੁਰੂ ਆਪ ਕਿਰਪਾ ਕਰਕੇ ਕੱਢ ਲਿਆਉਂਦਾ ਹੈ। ਗੁਰਵਾਕ ਹੈ -

"ਬਾਹੁ ਪਕਰਿ ਕਢਿ ਲੀਨੇ ਅਪੁਨੇ,
ਗ੍ਰਿਹ ਅੰਧ ਕੂਪ ਤੇ ਮਾਇਆ।"

ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਲਹਿਣਾ ਜੀ ਨੂੰ ਦੇਵੀ ਦੀ ਪੂਜਾ ਕਰਨ ਜਾਂਦਿਆ ਨੂੰ ਕੱਢ ਲਿਆ। ਆਪਣੇ ਅੰਗ ਨਾਲ ਲਾ, ਅੰਗਦ ਬਣਾ ਦਿੱਤਾ, ਆਪਣਾ ਸਰੂਪ 'ਗੁਰੂ ਸਿਖ ਕਉ ਸਮ ਆਪ ਬਨਾਵੈ।' -ਸੈਦ ਖਾਂ ਮੁਗਲ ਫੌਜ ਦਾ ਕਮਾਂਡਰ, ਸਾਹਿਬ ਕਲਗੀਧਰ ਪਾਤਸ਼ਾਹ ਨੂੰ ਮਾਰਨ ਆਇਆ- ਗੁਰੂ ਸਾਹਿਬ ਨੇ ਐਸਾ ਅਲੌਕਿਕ ਦਰਸ਼ਨ ਦਿੱਤਾ ਕਿ 'ਨਦਰੀ ਨਦਰਿ ਨਿਹਾਲ' ਕਰ ਦਿੱਤਾ, ਫਕੀਰ ਹੋ ਗਿਆ। ਜਦੋਂ ਜਿਸ ਤੇ ਕਿਰਪਾ ਕਰੇ -ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕਿੰਨਿਆਂ ਤੇ ਹੀ ਕਿਰਪਾ ਕੀਤੀ -ਭਾਈ ਰਾਇ ਸਿੰਘ ਜੀ ਅੰਮ੍ਰਿਤਸਰ ਗੁਰਮਤਿ ਵਿਦਿਆ ਗ੍ਰਹਿਣ ਕਰ ਰਹੇ ਸਨ- ਦਰਸ਼ਨ ਦੇ ਕੇ ਹੁਕਮ ਕੀਤਾ ਮੈਨੂੰ ਮਿਲਣਾ ਹੈ ਤੇ ਭੈਣੀ ਸਾਹਿਬ ਆ ਕੇ ਮਿਲ, ਇਸੇ ਤਰ੍ਹਾਂ ਬਾਬਾ ਬੁੱਢਾ ਸਿੰਘ ਵਾਂਅ ਵਾਲੇ ਤੇ ਅਤੇ ਹੋਰ ਵੀ ਕਿੰਨਿਆ ਤੇ ਹੀ, ਕਿਸੇ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ, ਆਪਣੇ ਪਾਸ ਬੁਲਾ ਲਿਆ।

18 ਅਗਸਤ 2009 ਸ੍ਰੀ ਭੈਣੀ ਸਾਹਿਬ ਵਿਖੇ ਸੰਗਤਾਂ ਸਤਿਗੁਰੂ-ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਰਹੀਆਂ ਸਨ। ਇਕ ਨੌਜਵਾਨ 30-32 ਸਾਲ ਦਾ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਕੇ ਸਾਹਿਬ ਸਿੰਘ 'ਨਿਹੰਗ' ਨਾਲ ਮੈਨੂੰ ਮਿਲਿਆ। ਨਿਹੰਗ ਸਿੰਘ ਨੇ ਦੱਸਿਆ ਕਿ ਇਹ ਸੱਜਣ ਦੋ ਮਹੀਨੇ ਪਹਿਲੋਂ ਵੀ ਆਏ ਸਨ ਪਰ ਉਦੋਂ ਦਰਸ਼ਨ ਨਹੀਂ ਹੋ ਸੱਕੇ, (ਗ੍ਰੀਬ ਨਿਵਾਜ ਉਦੋਂ ਹਸਪਤਾਲ ਵਿਚ ਸਨ)। ਇਨ੍ਹਾਂ ਨੇ ਨਾਮ ਲੈ ਲਿਆ ਹੈ, ਸਤਿਗੁਰੂ-ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਲਏ ਹਨ। ਇਹ ਆਪ ਬੀਤੀ ਤੁਹਾਨੂੰ ਸੁਣਾਉਣ ਆਏ ਹਨ ਕਿ ਕਿਵੇਂ ਸਤਿਗੁਰੂ-ਸੱਚੇ ਪਾਤਸ਼ਾਹ ਜੀ ਨੇ ਇਨ੍ਹਾਂ ਨੂੰ ਆਪਣੇ ਚਰਨੀਂ ਲਾਇਆ ਹੈ।

ਨਿਹੰਗ ਸਿੰਘ ਨਾਲ ਆਏ ਨੌਜਵਾਨ ਨੇ ਦੱਸਿਆ ਕਿ ਮੇਰਾ ਨਾਮ ਸੁਖਜੀਤ ਸਿੰਘ ਹੈ। ਮੇਰੇ ਪਿਤਾ ਜੀ ਸ. ਨਿਰਮਲ ਸਿੰਘ ਹਨ। ਜ਼ਿਲ੍ਹਾ ਫਤਹਿਗੜ੍ਹ ਵਿਚ ਮਾਲੋਵਾਲ ਟਿੱਬੀ ਸਾਡਾ ਪਿੰਡ ਹੈ ਪਰ ਅੱਜ ਕੱਲ ਖੰਨੇ ਰਹਿੰਦੇ ਹਾਂ। ਮੈਂ ਫੌਜ ਵਿਚ ਕਾਂਸਟੇਬਲ ਹਾਂ। ਨਵੰਬਰ 2008 ਵਿਚ ਮੈਨੂੰ ਸੁਪਨੇ ਵਿਚ ਸਫੈਦ ਕੱਪੜਿਆਂ ਵਾਲੇ ਮਹਾਂਪੁਰਸ਼ਾਂ ਦੇ ਦਰਸ਼ਨ ਹੋਏ, ਕਈ ਵੇਰ ਦਰਸ਼ਨ ਹੋਏ, ਪਰ ਮੈਂ ਹੈਰਾਨ ਕਿ ਇਹ ਕੌਣ ਹਨ, ਮੈਂ ਇਨਾਂ ਨੂੰ ਜਾਣਦਾ ਨਹੀਂ । ਸਾਡਾ ਫੌਜ ਵਿਚ ਇਕ ਲਾਂਗਰੀ ਹੈ, ਅਸੀਂ ਉਸ ਨੂੰ ਗਿਆਨੀ ਆਖਦੇ ਹਾਂ, ਨਿਤਨੇਮੀ ਸਿੰਘ

Sri Satguru Jagjit Singh Ji Elibrary NamdhariElibrary@gmail.com

ਹੈ, ਇੱਕ ਦਿਨ ਮੈਨੂੰ ਆਖਣ ਲੱਗਾ ਕਿ ਤੇਰੇ ਨਾਲ ਇਕ ਮਹਾਂਪੁਰਸ਼ ਕਈ ਵਾਰ ਮੈਨੂੰ ਦਿਸੇ ਹਨ, ਪਰ ਘਬਰਾਈਂ ਨਾ, ਉਹ ਤੇਰੀ ਰੱਖਿਆ ਕਰਦੇ ਹਨ। ਉਨ੍ਹਾਂ ਕਰਕੇ ਹੀ ਤੂੰ ਬਚਿਆ ਹੈਂ, ਨਹੀਂ ਤੇ ਜਿਵੇਂ ਨਕਸਲਾਈਟਾਂ ਨਾਲ ਮੁਕਾਬਲੇ ਵਿਚ ਆਪਣੇ ਦੋ ਤਿੰਨ ਫੌਜੀ ਰੋਜ਼ਾਨਾ ਹੀ ਮਾਰੇ ਜਾ ਰਹੇ ਹਨ, ਤੂੰ ਵੀ ਮਰ ਜਾਣਾ ਸੀ, ਉਸ ਲਾਂਗਰੀ ਨੇ ਮੈਨੂੰ ਪੁੱਛਿਆ ਕਿ ਤੂੰ ਕੋਈ ਪਾਠ ਪੂਜਾ ਵੀ ਕਰਦਾ ਹੈਂ ਕਿ ਨਹੀਂ-? ਮੈਂ ਕਿਹਾ - 'ਮੇਰੀ ਘਰਵਾਲੀ ਤਾਂ ਪਾਠ ਕਰਦੀ ਹੈ ਪਰ ਮੈਂ ਨਹੀਂ ਕਰਦਾ। ਉਸ ਕਿਹਾ, ਕਰਿਆ ਕਰ।' ਤਦ ਤੋਂ ਮੈਂ ਸੁਖਮਣੀ ਸਾਹਿਬ ਦਾ ਪਾਠ ਕਰਨ ਲਗ ਗਿਆ। ਏਸੇ ਦੌਰਾਨ ਸਬੱਬੀਂ ਮੈਂ ਇਕ ਫੋਟੋ ਵੇਖੀ। ਮੈਂ ਹੈਰਾਨ ਹੋ ਗਿਆ ਕਿ ਜਿਨ੍ਹਾਂ ਮਹਾਂਪੁਰਸ਼ਾਂ ਦੇ ਮੈਨੂੰ ਦਰਸ਼ਨ ਹੁੰਦੇ ਹਨ, ਇਹ ਤੇ ਉਹੀ ਹਨ। ਫੋਟੋ ਹੇਠ ਨਾਮ ਲਿਖਿਆ ਸੀ -'ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ।'

ਫੇਰ ਮੈਂ ਪਤਾ ਕਰਨਾ ਸ਼ੁਰੂ ਕੀਤਾ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੌਣ ਹਨ, ਕਿਥੇ ਰਹਿੰਦੇ ਹਨ? -ਸਾਡੀ ਡਿਊਟੀ ਝਾਰਖੰਡ ਏਰੀਏ ਵਿਚ ਸੀ। ਕਈਆਂ ਨੂੰ ਪੁੱਛਿਆ ਪਰ ਕੋਈ ਪਤਾ ਨਾ ਲੱਗੇ। ਅਖੀਰ ਜਦੋਂ ਭਾਗ ਜਾਗੇ, ਮੈਂ ਛੁੱਟੀ ਘਰ ਆਇਆ ਏਥੋਂ ਪੁਛਦਿਆਂ- ਪੁਛਾਉਂਦਿਆਂ ਪਤਾ ਲੱਗਾ ਕਿ ਇਹ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਭੈਣੀ ਸਾਹਿਬ ਵਾਲੇ ਹਨ -ਨਾਮਧਾਰੀ ਸਿੱਖਾਂ ਦੇ ਗੁਰੂ । ਫੇਰ ਮੈਂ ਸ੍ਰੀ ਭੈਣੀ ਸਾਹਿਬ ਆਇਆ, ਪਰ ਉਦੋਂ ਦਰਸ਼ਨ ਨਹੀਂ ਹੋਏ। ਅੱਜ ਦਰਸ਼ਨ ਹੋਏ ਹਨ, ਮੇਰਾ ਜਨਮ ਸਫਲ ਹੋ ਗਿਆ ਹੈ।

ਮੈਂ (ਹਰਪਾਲ ਸੇਵਕ) ਸੁਖਜੀਤ ਸਿੰਘ ਨੂੰ ਦੱਸਿਆ ਕਿ ਇਹ ਸਿਰਫ ਤੇਰੇ ਨਾਲ ਹੀ ਇਵੇਂ ਨਹੀ ਹੋਇਆ। ਜਿਸ ਤੇ ਵੀ ਸੱਚੇ-ਪਾਤਸ਼ਾਹ ਜੀ ਕਿਰਪਾ ਕਰਦੇ ਹਨ ਉਸ ਨੂੰ ਆਪ ਕਿਸੇ ਤਰ੍ਹਾਂ ਕੱਢ ਲਿਆਉਂਦੇ ਹਨ। ਐਸੀਆਂ ਅਨੇਕਾਂ ਸਾਖੀਆਂ ਹਨ। ਤੇਰੇ ਧੰਨ ਭਾਗ ਹਨ ਜੋ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਤੈਨੂੰ ਦਰਸ਼ਨ ਦੇ ਕੇ ਆਪਣੇ ਚਰਨੀਂ ਲਾ ਲਿਆ -ਤੂੰ ਵੀ ਕੋਈ ਪੁਰਾਣਾ ਸਿੱਖ ਹੋਵੇਂਗਾ, ਕਿਸੇ ਕਾਰਣ ਵਿਛੜ ਗਿਆ ਸੈਂ। ਇਹ ਪੂਰਾ ਸਤਿਗੁਰੂ ਹੀ ਕਿਰਪਾ ਕਰਦਾ ਹੈ-

ਬਾਹ ਪਕਰਿ ਕਢਿ ਲੀਨੇ ਅਪੁਨੇ
ਗ੍ਰਿਹ ਅੰਧ ਕੂਪ ਤੇ ਮਾਇਆ॥

ਸੰਪ: 94176-01321

ਗੁਰ ਜਗਜੀਤ ਸਿੰਘ

ਹੈ ਸਿੱਖੀ ਦੀ ਆਨ ਗੁਰ ਜਗਜੀਤ ਸਿੰਘ
ਤੇ ਸਿੱਖੀ ਦੀ ਸ਼ਾਨ ਗੁਰ ਜਗਜੀਤ ਸਿੰਘ।
ਬੋਲ ਮਿੱਠੇ ਵਾਂਗ ਮਿਸ਼ਰੀ ਮਾਖਿਓਂ
ਵਾਹ ਤੇਰੀ ਮੁਸਕਾਨ ਗੁਰ ਜਗਜੀਤ ਸਿੰਘ।
ਵੰਡਦਾ ਏ ਬੁੱਕ ਭਰ ਭਰ ਰਹਿਮਤਾਂ
ਬਹੁ ਕਰੇ ਅਹਿਸਾਨ ਗੁਰ ਜਗਜੀਤ ਸਿੰਘ।
ਪ੍ਰੇਮ ਵਿਚ ਨਹੀਂ ਨੇਮ ਕੋਈ ਜਾਣਦਾ
ਭੀਲਣੀ ਲਈ ਰਾਮ ਗੁਰ ਜਗਜੀਤ ਸਿੰਘ।
ਰਾਗ ਇਹਦੀ ਬੁੱਲੀਆਂ ਤੇ ਖੇਡਦਾ
ਸੰਗੀਤ ਦੀ ਹੈ ਤਾਨ ਗੁਰ ਜਗਜੀਤ ਸਿੰਘ।
ਪਿਆਰ ਨਹੀ ! ਇਹ ਤਾਂ ਏ ਸੋਮਾਂ ਪਿਆਰ ਦਾ
ਮੋਹ ਦੀ ਹੈ ਖ਼ਾਨ ਗੁਰ ਜਗਜੀਤ ਸਿੰਘ ।
ਛੂਹ ਅੱਗੇ ਤੁੱਛ ਸੁੱਖ ਸੰਸਾਰ ਦੇ
ਜਾ ਦੁੱਖਾਂ ਦਾ ਘਾਣ ਗੁਰ ਜਗਜੀਤ ਸਿੰਘ।
ਰਹਿਨੁਮਾ ਰਹਿਬਰ ਤੇ ਪੂਰਾ ਸਤਿਗੁਰੂ
ਧਰਮ ਤੇ ਇਮਾਨ ਗੁਰ ਜਗਜੀਤ ਸਿੰਘ।
ਜੋ ਅਸੰਭਵ ਨੂੰ ਤੁਰਤ ਸੰਭਵ ਕਰੇ
ਓਸ ਦੀ ਪਹਿਚਾਣ ਗੁਰ ਜਗਜੀਤ ਸਿੰਘ।
ਪਾਤਰ ਹੈ ਹਰ ਜੀਵ ਦੇ ਸਤਿਕਾਰ ਦਾ ।
ਰਾਮ ਤੇ ਰਹਿਮਾਨ ਗੁਰ ਜਗਜੀਤ ਸਿੰਘ।
ਜਹਿਮਤਾਂ ਨੂੰ ਰਹਿਮਤਾਂ ਨਾਲ ਕੱਟਦਾ
ਹਰ ਸਿੱਖ ਦਾ ਨਿਗਰਾਨ ਗੁਰ ਜਗਜੀਤ ਸਿੰਘ

-ਅਜੀਤ ਸਿੰਘ ਲਾਇਲ

ਬਾਬਾਣੀਆ-ਕਹਾਣੀਆਂ (ਵਿੱਚੋਂ)

ਡ-ਸਵ. ਪੰ:ਰਜਿੰਦਰ ਸਿੰਘ

ਯੁਗ ਪੁਰਸ਼ ਦਾ ਜਨਮ

ਪੂਰੇ ਛੇ ਸਾਲ ਪਿਛੋਂ 8 ਮਘਰ ਸੋਮਵਾਰ ਸੰਮਤ 1977 (1920 ਈ.) ਕੱਤਕ ਸੁਦੀ ਇਕਾਦਸ਼ੀ ਨੂੰ ਮਾਤਾ ਭੁਪਿੰਦਰ ਕੌਰ ਜੀ ਦੀ ਕੁੱਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਵਤਾਰ ਧਾਰਿਆ। ਮਾਤਾ ਰਾਮ ਕੌਰ ਜੀ ਗੁਰੂ ਸਰ ਵਾਲਿਆਂ ਆਪਣੇ ਦੋਹਤੇ ਦੇ ਕੰਨ ਵਿਚ ਭਜਨ ਦਸ ਦਿੱਤਾ ਅਤੇ ਆਪਣੇ ਹੱਥ ਨਾਲ ਹੀ ਰਾਮ ਸਰ ਤੋਂ ਪਾਣੀ ਮੰਗਵਾ ਕੇ ਗੁੜ ਦੀ ਗੁੜ੍ਹਤੀ ਦਿੱਤੀ। ਤੇ ਤਲਾਅ ਰਾਮਸਰ ਦੇ ਜਲ ਨਾਲ ਦੁਧੀਆਂ ਧੋ ਮੁੱਖ ਪਾਈਆਂ। ਸੰਗਤਾਂ ਵਿਚ ਜਦੋਂ ਇਹ ਖਬਰ ਪਹੁੰਚੀ, ਜੈਕਾਰੇ ਛੁੱਟ ਗਏ ਅਤੇ ਲੱਗੇ ਮਾਤਾ ਜੀਵਨ ਕੌਰ ਜੀ ਦੇ ਦਰਬਾਰ ਵਿਚ ਜੈਕਾਰੇ ਛੁੱਟਣ। ਜਨਮ ਦਾ ਉਤਸ਼ਾਹ ਤੇ ਉਮਾਹ ਏਸ ਤਰ੍ਹਾਂ ਭੈਣੀ ਸਾਹਿਬ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ, ਉੱਛਲਿਆ ਜਿਵੇਂ ਸਮੁੰਦਰ ਵਿਚ ਜਵਾਰ ਭਾਟਾ ਅਤੇ ਸੰਤਾਂ ਭਗਤਾਂ ਨੇ ਸ਼ਬਦਾਂ ਦੇ ਸੁਰ ਉੱਚੇ ਕਰ ਕੇ ਕਿਹਾ -

ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥੧॥

ਅਤੇ ਸਾਧ ਸੰਗਤ ਨੇ ਆਪਣੇ ਆਪ ਹੀ ਸਾਹਿਬਜ਼ਾਦੇ ਦਾ ਨਾਮ ਫਰਮਾ ਲਿਆ - ਬੇਅੰਤ ਜੀ

ਮਾਤਾ ਜੀ, ਬੇਅੰਤ ਜੀ ਦੀ ਦਾਦੀ ਨੇ ਹੱਟੀ ਦੇ ਬੂਹੇ ਖੋਲ ਦਿੱਤੇ। ਭੰਡਾਰੇ ਤਾਂ ਪਹਿਲਾਂ ਵੀ ਖੁੱਲ੍ਹੇ ਹੀ ਵਰਤਦੇ ਸਨ। ਪਰ ਅੱਜ ਮਾਤਾ ਜੀਵਨ ਕੌਰ ਜੀ ਤੋਂ ਬਿਨਾਂ ਸਾਧ ਸੰਗਤ ਦਾ ਆਪਣਾ ਅਧਿਕਾਰ ਵੀ ਸੀ। ਸੋ, ਜੋ ਕਿਸੇ ਨੇ ਚਾਹਿਆ ਓਹੋ ਪਾਇਆ। ਕੜਾਹ ਪ੍ਰਸ਼ਾਦ ਤੇ ਸ਼ਹੀਦੀ ਦੇਗਾਂ ਦੇ ਕੜਾਹੇ ਭਰ ਦਿੱਤੇ ਗਏ। ਰੁੱਸੇ ਹੋਇਆਂ ਨੂੰ ਮਨਾ ਕੇ ਓਹਨਾਂ ਦੇ ਘਰੀ ਵੀ ਪ੍ਰਸ਼ਾਦ ਦੇ ਥਾਲ ਭਰ ਭਰ ਕੇ ਭੇਜੇ ਗਏ। ਅੱਜ ਖੁੱਲ੍ਹੇ ਤੇ ਬੱਝੇ ਸਭ ਇੱਕ ਮਿੱਕ ਹੋ ਕੇ ਗੱਫੇ ਛਕ ਰਹੇ ਸਨ ਅਤੇ ਕਹਿ ਰਹੇ ਸਨ -

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ
ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥

ਗੰਗਾ ਦੇ ਕੁੰਭ ਦੀ ਤਰ੍ਹਾਂ ਦੂਰੋਂ ਨੇੜਿਓ ਸੰਗਤਾਂ ਦਾ ਤਾਂਤਾ ਰਾਤ ਦਿਨ ਲੱਗਾ ਰਹਿੰਦਾ। ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਸੰਗਤਾਂ ਵਿਚ ਵੱਡਾ ਉਤਸ਼ਾਹ ਜਨਮ ਲੈਂਦਾ। ਕਿਉਕਿ ਤੀਹਾਂ ਬੱਤੀਆਂ ਸਾਲਾਂ ਪਿੱਛੋਂ ਅਜੇਹੀਆਂ ਰੌਣਕਾਂ ਭੈਣੀ ਸਾਹਿਬ ਮੁੜ ਆਈਆਂ ਸਨ। ਕਿਸੇ ਪਾਸੇ ਤੋਂ ਰੰਗ ਬਰੰਗੇ ਖਿਡੌਣੇ ਤੁਰੇ ਔਂਦੇ। ਕਿਸੇ ਪਾਸੇ ਤੋਂ ਦੋਹਾਂ ਮਾਤਾਵਾਂ ਤੇ ਨੂੰਹ ਰਾਣੀ ਵਾਸਤੇ ਕੱਪੜੇ-ਲੀੜੇ, ਫਲ-ਫਰੂਟ ਤੇ ਖਾਣ ਪੀਣ ਦੀਆਂ ਹੋਰ ਸੁਗਾਤਾਂ ਤੁਰੀਆਂ ਔਂਦੀਆਂ ਸਨ।

ਰਿਵਾਜ ਦੇ ਤੌਰ ਉਤੇ ਕੋਈ ਵੀ ਸਾਧੂ ਮਹਾਤਮਾਂ, ਗ੍ਰਿਸਤੀ ਪੁਰਸ਼ ਤੇ ਬੀਬੀਆਂ ਖਾਲੀ ਹੱਥੀਂ ਮੱਥਾ ਨਹੀਂ ਸਨ ਟੇਕਦੀਆਂ। ਪੈਸਿਆਂ ਦੇ ਨਾਲ ਜ਼ਰੂਰ ਕੁਝ ਨਾ ਕੁਝ ਹੋਰ ਹੁੰਦਾ।

ਓਹ ਚਾਹੇ ਪਤਾਸੇ ਜਾਂ ਮਿਸਰੀ ਹੁੰਦੀ ਜਾਂ ਫਲ ਤੇ ਫੁੱਲ। ਅਤੇ ਮਾਤਾ ਭੁਪਿੰਦਰ ਕੌਰ ਜੀ ਨੂੰ ਬੀਬੀਆਂ ਨੇ ਉਨ ਦੀਆਂ ਸਫੈਦ ਮਾਲਾਵਾਂ ਪਹਿਨਾ ਕੇ ਤੇ ਰੇਸ਼ਮੀ ਥਾਨਾਂ ਦੇ ਢੇਰ ਲਾ ਦਿੱਤੇ। ਏਹ ਖੁਸ਼ੀਆਂ ਭਰੇ ਦਿਨ ਵਧਦੇ ਹੀ ਚਲੇ ਗਏ - ਮਾਘੀ ਦੇ ਮੇਲੇ ਤੱਕ।

ਠੀਕ ਪੰਝੀ ਦਿਨਾਂ ਪਿਛੋਂ ਨਵੇਂ ਜਸ਼ਨ ਦੀ ਤਿਆਰੀ ਸੀ ਅੱਜ। ਬੀਬੀ ਜੀ ਨੂੰ ਤੇ ਬੇਅੰਤ ਜੀ ਨੂੰ ਤਲਾਅ ਰਾਮ ਸਰੋਵਰ ਦੇ ਕੰਢੇ ਤੇ ਲਿਆਕੇ ਇਸ਼ਨਾਨ ਕਰਾਇਆ ਗਿਆ ਤੇ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਭਜਨ ਦੱਸਿਆ ਕੰਨ ਵਿਚ ਅਤੇ ਦਰਬਾਰ ਸਾਹਿਬ ਦਾ ਭੋਗ ਪਾ ਕੇ ਮਾਤਾ ਰਾਮ ਕੌਰ ਜੀ ਨੇ ਸਾਹਿਬਜ਼ਾਦੇ ਦਾ ਨਾਮ ਰੱਖ ਦਿੱਤਾ ਜਗਜੀਤ ਸਿੰਘ ।

ਅੱਜ ਫੇਰ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ ਅਤੇ ਸ਼ਹੀਦੀ ਦੇਗਾਂ ਦੇ ਕੜਾਹੇ ਭਰ ਦਿਤੇ ਗਏ। ਅਸਲ ਵਿਚ ਰੋਜ਼ ਵਧਾਈਆਂ ਤੇ ਰੋਜ਼ ਹੀ ਰੋਜ਼ੇ ਖੁੱਲ੍ਹਦੇ ਸਨ ਸੰਗਤ ਦੇ। ਲਾਹੌਰੋਂ ਛਪਦੇ 'ਸਤਿਜੁਗ ਵਿਚ ਜਦੋਂ ਜਨਮ ਦਿਵਸ ਦੀਆਂ ਖਬਰਾਂ ਛਪੀਆਂ ਫੇਰ ਤਾਂ ਘਰ ਘਰ ਅੰਦਰ ਵਧਾਈਆਂ ਵੰਡਣੀਆਂ ਸ਼ੁਰੂ ਹੋ ਗਈਆਂ।

ਓਸ ਵੇਲੇ ਅੱਜ ਕਲ ਦੀ ਤਰਾਂ ਰੇਡੀਓ, ਟੈਲੀਵੀਜ਼ਨ ਤੇ ਅਖਬਾਰ ਕੰਮ ਨਹੀਂ ਸਨ ਕਰਦੇ। ਪਿੰਡਾਂ ਵਿਚ ਤਾਂ ਡਾਕ ਵੀ ਕਿਤੇ ਮਹੀਨੇ ਪਿਛੋਂ ਤੇ ਕਿਤੇ ਪੰਦਰੀਂ ਦਿਨੀ ਪਹੁੰਚਦੀ ਸੀ

Sri Satguru Jagjit Singh Ji Elibrary NamdhariElibrary@gmail.com

ਅਤੇ ਏਸੇ ਤਰ੍ਹਾਂ ਹੀ ਅਖਬਾਰ ਵੀ ਰੁਲ ਖੁਲ ਕੇ ਹੀ ਸਿਰੇ ਲਗਦੇ ਸਨ। ਕਿੱਥੇ ਲਾਹੌਰ, ਸਰਗੋਧਾ ਤੇ ਪਿਸ਼ੌਰ, ਕਿੱਥੇ ਭੈਣੀ ਸਾਹਿਬ। ਦਰਿਆ ਟੱਪਣਾ ਹੀ ਓਸ ਵੇਲੇ ਦੂਸਰੇ ਮੁਲਕ ਵਿਚ ਜਾਣ ਵਾਲਾ ਕੰਮ ਹੁੰਦਾ ਤੇ ਸੂਬੇ ਨੂੰ ਪਾਰ ਕਰਨਾ ਤਾਂ ਸਮੁੰਦਰੋਂ ਪਾਰ ਜਾਣ ਵਾਲੀ ਗਲ ਹੁੰਦੀ। ਪਰ ਅਜੇਹੀਆਂ ਖਬਰਾਂ ਨੂੰ ਖੰਭ ਲੱਗ ਜਾਂਦੇ ਹਨ ਤੇ ਏਹ ਕਬੂਤਰਾਂ ਦੀ ਤਰ੍ਹਾਂ ਉੱਡ ਉੱਡ ਕੇ ਦੇਸ਼ ਵਿਦੇਸ਼ ਪਹੁੰਚ ਜਾਂਦੀਆਂ ਹਨ।

ਨਾਮ ਕਰਨ

ਬੇਅੰਤ ਜੀ ਅਜੇ ਬਹੁਤ ਛੋਟੇ ਸਨ - ਅਸਲੋਂ ਛੋਟੇ - ਉਮਰ ਵਿਚ ਮੇਰੇ ਤੋਂ ਵੀ ਛੋਟੇ। ਓਸ ਵੇਲੇ ਕਿਸੇ ਸੰਤ ਮਹਾਂਪੁਰਸ਼ ਨੇ ਆਪ ਜੀ ਤੋਂ ਪੁੱਛਿਆ।

ਕਾਕਾ ਜੀ! ਤੁਹਾਡਾ ਸ਼ੁਭ ਨਾਮ ਕੀ ਹੈ?

ਆਪ ਜੀ ਨੇ ਉਤਰ ਦਿੱਤਾ-

ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ।
ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ।

ਉਸਤਾਦ ਹਰਨਾਮ ਸਿੰਘ ਜੀ ਕਹਿਣ ਲੱਗੇ - ਬਿਅੰਤ ਜੀ ਦੀ ਹਾਜ਼ਰ ਜੁਆਬੀ ਸੁਣ ਕੇ ਉਹ ਸੰਤ ਜੀ ਅਤੇ ਮੈਂ ਬਹੁਤ ਪ੍ਰਭਾਵਤ ਹੋਏ। ਓਸ ਵੇਲੇ ਬੇਅੰਤ ਜੀ ਉਸਤਾਦ ਹਰਨਾਮ ਸਿੰਘ ਜੀ ਤੋਂ ਸੰਗੀਤ ਦੀ ਸਿੱਖਿਆ ਲੈ ਰਹੇ ਸਨ।

ਬਾਲ ਲੀਲਾ ਬੇਅੰਤ ਜੀ ਦੀ

ਪਤਾ ਨਹੀਂ ਕਿਉਂ

ਭਗਵਾਨ ਸਾਡੀ ਪ੍ਰਾਰਥਨਾ ਤੇ ਏਨਾਂ ਰੀਝਿਆ ਸੀ- ਕਿ ਮਾਸਟਰ ਬਲਵੰਤ ਸਿੰਘ ਜੀ ਅਜੇ ਲੰਗਰ ਵਿਚ ਪ੍ਰਸ਼ਾਦਾ ਛਕ ਰਹੇ ਸਨ ਤੇ ਅਸੀਂ ਝੁਕ ਕੇ-ਨਿਕੀ ਜੇਹੀ ਅਰਦਾਸ ਕੀਤੀ- ਅੱਜ ਛੁੱਟੀ ਮਿਲੇ ਫੇਰ ਠਾਠ ਔਂਦਾ ਹੈ। ਏਹ ਮੈਨੂੰ ਯਾਦ ਨਹੀਂ ਕਿ ਓਹ ਅਰਦਾਸ ਕੇਹੋ ਜੇਹੀ ਸੀ। ਤੇ ਅਸੀਂ ਬਿਨਾਂ ਅਰਦਾਸਾ ਯਾਦ ਕੀਤਿਆਂ ਹੀ ਅਰਦਾਸ ਕਿਵੇਂ ਕਰਦੇ ਸਾਂ। ਤੇ ਏਹ ਵੀ ਹੁਣ ਯਾਦ ਨਹੀਂ ਕਿ ਅਰਦਾਸ ਮੈਂ ਕੀਤੀ ਸੀ ਕਿ ਬੇਅੰਤ ਜੀ ਨੇ ਜਾਂ ਅਸੀਂ ਦੋਹਾਂ ਨੇ। ਅਰਦਾਸ ਕੀ ਸੀ? ਬਸ ਅਰਦਾਸ ਹੀ ਸੀ। ਸਾਨੂੰ ਦੋ ਤਿੰਨਾਂ ਤੋਂ ਬਿਨਾਂ ਹੋਰ ਕਿਸੇ ਗੁਰੂ ਦਾ ਨਾਮ ਉਦੋਂ ਨਹੀਂ ਸੀ ਔਂਦਾ। ਛੋਟੇ ਛੋਟੇ ਤਾਂ ਅਸੀ ਸਾਂ ਹੀ ਅਤੇ ਛੋਟੀ ਹੀ ਸੀ ਸਾਡੀ ਪੜ੍ਹਾਈ ਅਤੇ ਫੱਟੀ ਜਹੀ ਅਰਦਾਸ। ਨਿਕੇ ਮੋਟੇ, ਚੰਗੇ ਮੰਦੇ ਅੱਖਰ। ਇਕ ਤੋਂ ਦੂਸਰੀ ਅਤੇ ਦੂਸਰੀ ਤੋਂ ਤੀਸਰੀ ਸਤਰ। ਸਾਡਾ ਵੱਡਾ ਕੰਮ ਫੱਟੀਆਂ ਭਰਨਾ ਹੀ ਸੀ। ਤੇ ਬੱਸ!

ਅਮਰੂਦਾਂ ਦੀ ਤਿਤਰ-ਬਿਤਰੀ ਛਾਂ। ਉੱਤੇ ਹਰੇ ਚਿੱਟੇ ਕੱਚੇ, ਅਧਪੱਕੇ ਅਮਰੂਦ। ਮਾਸਟਰ ਜੀ ਦੀ ਲਿਖਤ ਬਹੁਤ ਸੁੰਦਰ ਸੀ ਅਤੇ ਉਹ ਚਾਹੁੰਦੇ ਸਨ ਕਿ ਅਸੀਂ ਵੀ ਠੀਕ, ਉਹਨਾਂ ਦੇ ਪੂਰਨਿਆਂ ਉੱਤੇ ਚੱਲ ਕੇ ਬੇਹੱਦ ਖ਼ੂਬਸੂਰਤ ਅੱਖਰ ਪਾਉਣੇ ਸਿੱਖ ਜਾਈਏ। ਏਸਤਰ੍ਹਾਂ ਰੋਜ਼ਾਨਾ ਉਹ ਪਹਿਲਾਂ ਪੂਰਨਿਆਂ ਨਾਲ ਫੱਟੀ ਭਰ ਦਿੰਦੇ ਤੇ ਅਸੀਂ ਬੜੀ ਬੇ-ਰਹਿਮੀ ਨਾਲ ਫੱਟੀਆਂ ਕਾਲੀਆਂ ਕਰ ਦਿੰਦੇ। ਮਾਸਟਰ ਜੀ ਡਾਂਟ ਡਪਟ ਤਾਂ ਬੜੀ ਕਰਦੇ ਪਰ ਸਾਡੀ ਗੱਲ ਤਾਂ ਏਹ ਸੀ-

ਦੋ ਪਈਆਂ ਵਿਸਰ ਗਈਆਂ ਸਦਕੇ ਸਾਡੇ ਹੱਥਾਂ ਦੇ।

ਮਾਸਟਰ ਜੀ ਪਤਲੀ ਜੇਹੀ ਛਮਕ ਕਿਤੋਂ ਲਭ ਲਿਆਉਂਦੇ, ਤੇ ਗਲਤੀਆਂ ਦੀ ਸਜ਼ਾ ਸਾਡੇ ਹੱਥਾਂ ਤੇ ਅਤਾ ਕਰਦੇ। ਜਿਸ ਤਰ੍ਹਾਂ ਭਾਈ ਜੀ! ਭੋਗ ਦਾ ਪ੍ਰਸ਼ਾਦ-ਹੱਥ ਘੁਟ ਕੇ ਵਰਤੌਂਦਾ ਹੈ- ਠੀਕ ਓਸੇ ਤਰ੍ਹਾਂ ਨਿੱਕੇ ਨਿੱਕੇ ਹੱਥਾਂ ਉਤੇ ਨਿਕੀ ਨਿਕੀ ਸਜ਼ਾ ਮਾਸਟਰ ਜੀ ਦਿੰਦੇ, ਸਾਡੇ ਹੱਥਾਂ ਉਤੇ ਮਾਰ ਦੇ ਨਿਸ਼ਾਨ ਕਦੇ ਨਹੀਂ ਸਨ ਪੈਂਦੇ। ਬੱਸ! ਇਕ ਸਕਿੰਟ ਦੀ ਪੀੜ ਫੇਰ:

ਓਹੋ ਬਾਹਾਂ ਤੇ - ਓਹੋ ਕੁਹਾੜੀ।

ਮਾਸਟਰ ਜੀ ਬੜੇ ਧਿਆਨ ਨਾਲ, ਗਿੱਲੀ ਫ਼ਟੀ ਉਤੇ, ਪੂਰਨੇ ਪਾ ਰਹੇ ਸਨ ਤੇ ਮੈਂ ਸਿਰ ਤੇ ਬੈਠੀ ਕਾਟੋ ਦੀਆਂ ਟੋਕਾਂ ਚਕ ਚਕ ਕੇ ਖਾ ਰਿਹਾ ਸਾਂ।

ਤੂੰ ਮੇਰੇ ਵਲ ਧਿਆਨ ਰੱਖ, ਗਾਲੜ ਵਲ ਨਾ ਵੇਖ! ਮਾਸਟਰ ਜੀ ਕਿਹਾ।

ਪਰ ਪੱਕੇ ਅਮਰੂਦ ਦੀਆਂ ਟੋਕਾਂ ਏਨੀਆਂ ਮਿਠੀਆਂ ਸਨ, ਕਿ ਪੂਰਨੇ ਓਹਨਾਂ ਸਾਹਮਣੇ ਕਾਲੇ ਕਾਲੇ ਤੇ ਫਿੱਕੇ ਫਿੱਕੇ ਲਗ ਰਹੇ ਸਨ। ਮਾਸਟਰ ਜੀ ਨੇ, ਪੈਨਸਲ ਮੇਰੇ ਕੰਨ ਤੇ ਮਾਰੀ, ਤੇ ਬੇਅੰਤ ਜੀ ਖਿੜ ਖਿੜਾ ਕੇ ਹੱਸ ਪਏ।

ਠਹਿਰੋ ਤੁਹਾਨੂੰ ਵੀ ਦਿੰਦਾ ਹਾਂ ਮੱਤ! ਮਾਸਟਰ ਜੀ ਕਿਹਾ - ਤੇ ਓਹ ਲਾਜਵੰਤੀ ਦੀ ਤਰ੍ਹਾਂ ਵਾਪਸ ਗਏ। ਪੜ੍ਹਾਈ ਵਿਚ ਬੇਅੰਤ ਜੀ ਮੇਰੇ ਤੋਂ ਕੁਝ ਅੱਗੇ ਸਨ। ਉਹਨਾਂ ਨੂੰ ਹੁਣ ਪੂਰਨਿਆਂ ਦੀ ਲੋੜ ਨਹੀਂ ਸੀ। ਤੇ ਉਹ ਵਰਾਂਡੇ ਵਿਚ ਸਫ ਤੇ ਬੈਠ ਕੇ ਫੱਟੀ ਲਿਖ ਰਹੇ ਸਨ। ਮੇਰੇ ਸਾਹਮਣੇ ਤੇ

ਮਾਸਟਰ ਜੀ ਤੋਂ, ਥੋੜਾ ਉਹਲੇ।

ਕਾਟੋ ਅਜੇ ਵੀ ਟੋਕਾਂ ਸਿਟ ਰਹੀ ਸੀ ਤੇ ਮੈਂ ਹੁਣ ਕੰਨ ਮਲ ਰਿਹਾ ਸੀ। ਕਿਉਂਕਿ ਟੋਕਾਂ ਹੁਣ ਗਾਲੜ ਦੀਆਂ ਜੂਠੀਆਂ ਹੋ ਚੁੱਕੀਆਂ ਸਨ।

ਮਾਸਟਰ ਜੀ, ਅਜੇ ਵੀ ਪੂਰਨੇ ਲਿਖ ਰਹੇ ਸਨ ਫੱਟੀ ਉਤੇ। ਜਦੋਂ ਮੇਰਾ ਧਿਆਨ ਬੇਅੰਤ ਜੀ ਵਲ ਜਾਂਦਾ ਓਹ ਕੰਨ ਖੁਰਕਣ ਲਗ ਪੈਂਦੇ, ਤੇ ਮੇਰੀ ਪੀੜ ਹੋਰ ਵਧ ਜਾਂਦੀ। ਅਚਾਨਕ ਮਾਸਟਰ ਜੀ ਨੇ ਛੁੱਟੀ ਦਾ ਐਲਾਨ ਕਰ ਦਿੱਤਾ ਤੇ ਅਸੀਂ ਫੱਟੀਆਂ ਚੁੱਕ ਕੇ ਦੌੜ ਗਏ।

ਕੋਠੀ ਦੇ ਪਿਛਲੇ ਪਾਸੇ ਖੇਡ ਰਹੇ ਸਾਂ ਕਿ ਅਚਨਚੇਤ ਜੈਕਾਰਾ ਛੁਟਿਆ। ਤੇ ਅਸੀਂ ਸੈਨਤਾਂ ਨਾਲ ਹੀ ਸਮਝ ਗਏ ਕਿ ਛੁੱਟੀ ਕਿਉਂ ਹੋਈ ਸੀ।

ਦੌੜਕੇ ਅਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਇਕ ਚਰਨ ਤੇ ਜਾ ਮੱਥਾ ਟੇਕਿਆ। ਓਹਨਾਂ ਪਿਆਰ ਨਾਲ ਸਾਨੂੰ ਇਕ ਇਕ ਥਪਕੀ ਦਿੱਤੀ, ਤੇ ਅਸੀਂ ਫੇਰ ਬੂਟਿਆਂ ਵਿਚ ਜਾ ਲੁਕੇ।

ਉਡੀਕਾਂ

ਅਸੀਂ ਭਾਵੇਂ ਅਜੇ ਬਹੁਤ ਹੀ ਛੋਟੇ ਸਾਂ। ਪਰ ਏਨੀ ਔੜ ਅੱਜ ਤੱਕ ਨਹੀਂ ਸੀ ਵੇਖੀ। ਪੂਰੇ ਛੇ ਮਹੀਨੇ ਪਿੱਛੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਪਰਤੇ ਸਨ। ਘੋੜਿਆਂ ਤੇ ਦੌਰਾ ਅਤੀ ਲੰਮਾ ਸਫਰ। ਕਿੱਥੇ ਲਾਇਲਪੁਰ ਤੇ ਸਰਗੋਧਾ, ਕਿੱਥੇ ਭੈਣੀ ਸਾਹਿਬ। ਓਸ ਵੇਲੇ ਜੀਪਾਂ ਨੂੰ ਤਾਂ ਕੋਈ ਜਾਣਦਾ ਵੀ ਨਹੀਂ ਸੀ। ਕੇਵਲ ਖੁੱਲ੍ਹੀ ਛੱਤ ਦੀਆਂ ਕਾਰਾਂ। ਸ਼ਹਿਰ ਤੋਂ ਸ਼ਹਿਰ ਤੱਕ ਔਣ ਜਾਣ ਵਾਸਤੇ। ਪਿੰਡਾਂ ਲਈ ਤਾਂ ਕਾਰਾਂ ਇਉਂ ਹੀ ਸਨ, ਜਿਵੇਂ ਸਾਡੇ ਵਾਸਤੇ ਅੱਜ ਸਪੂਤਨਿਕ। ਬਿਕ੍ਰਮੀ ਸੰਮਤ ਦੀ 1980 ਜਾਂ 1982 (1925– 1926 ਈ.) ਦੀ ਹੀ ਗੱਲ ਹੋਣੀ ਏਂ। ਅਸੀਂ ਵੀ ਤਰਸ ਗਏ ਸਾਂ ਦਰਸ਼ਨਾਂ ਨੂੰ। ਸਤਿਗੁਰੂ ਦਰਸ਼ਨ ਸਾਡੇ ਲਈ ਤਾਂ ਹੋਰ ਵੀ ਕਈ ਤਰ੍ਹਾਂ ਦੀ ਅਹਿਮੀਅਤ ਰੱਖਦੇ ਸਨ।

ਮੋਟੇ, ਪਤਲੇ, ਉਚੇ ਨੀਵੇਂ ਅਨੇਕਾਂ ਸੰਤਾਂ ਮਹੰਤਾਂ ਦੇ ਦਰਸ਼ਨ। ਜਿੰਨੇ ਦਿਨ, ਸਤਿਗੁਰੂ ਜੀ ਭੈਣੀ ਸਾਹਿਬ ਦਰਸ਼ਨ ਦੇਣ, ਉਤਨੇ ਦਿਨ ਮਾਸਟਰ ਜੀ ਨੂੰ ਹੋਰ ਬਹੁਤੇ ਕੰਮ। ਯਾਰਾਂ ਨੂੰ ਬਹਾਰਾਂ। ਖਾਣ ਵਾਸਤੇ ਵੰਨ ਸੁਵੰਨੇ ਮੇਵੇ, ਬਾਦਾਮ, ਮਿਸ਼ਰੀ, ਸੌਂਗੀ, ਪਿਸਤੇ ਅਤੇ ਚਿਲਗੋਜ਼ੇ। ਅੰਬ, ਅਨਾਰ, ਸੇਬ ਆਦਿ ਤਾਂ ਕਿਸਦੇ ਯਾਦ। ਏਸ ਤੋਂ ਬਿਨਾਂ, ਕਿਰਪਾ ਸਿੰਘ ਦੇ ਮਠਿਆਈਆਂ ਦੇ ਭੰਡਾਰੇ। ਦੌਰੇ ਦੀ ਅਗਲੀ ਤਿਆਰੀ ਵਾਸਤੇ ਕਿਧਰੇ ਸ਼ਰਬਤ ਬਣਦੇ, ਖੋਏ ਨਿਕਲਨੇ, ਦੇਸੀ ਮਿਸ਼ਰੀ– ਜੋ ਓਦੋਂ ਦੀ ਹੀ ਖਾਧੀ ਹੋਈ ਹੈ– ਓਸ ਦੀ ਮਿਠਾਸ ਨਾਲ ਅੱਜ ਵੀ ਮੂੰਹ ਸੁਆਦ ਸੁਆਦ ਹੋ ਜਾਂਦਾ ਹੈ। ਕਿਸੇ ਪਾਸੇ ਕੜਾਹ ਪ੍ਰਸ਼ਾਦ ਦੇ ਜੈਕਾਰੇ ਅਤੇ ਕਿਸੇ ਪਾਸੇ ਸ਼ਹੀਦੀ ਦੇਗਾਂ ਦੇ ਮਾਰੇ ਬੁਕਾਰੇ। ਅਸੀਂ ਤਾਂ ਏਥੇ ਇਉਂ ਹੀ ਸਾਂ ਜਿਵੇਂ ਨੰਦ ਮਹਾਰਾਜ ਦੀ ਰਾਜਧਾਨੀ ਵਿਚ ਕ੍ਰਿਸ਼ਨ–ਸੁਦਾਮਾ।

ਸ਼ਾਮ ਨੂੰ ਜਿਵੇਂ ਕਥਾ ਕੀਰਤਨ ਜ਼ਰੂਰੀ ਸੀ, ਓਸੇ ਤਰ੍ਹਾਂ ਹੀ - ਦੀਵਾਨ ਵਿਚ – ਸਾਡਾ ਹਾਜ਼ਰ ਹੋਣਾ ਵੀ ਲਾਜ਼ਮੀ ਸੀ। ਜਿੱਥੇ ਬੈਠਣਾ ਹੁੰਦਾ - ਅਸੀਂ ਪਹਿਲਾਂ ਹੀ ਓਹ ਥਾਂ ਤਕਾ ਲੈਣੀ। ਆਮ ਕਰਕੇ ਅਸੀਂ ਸਤਿਗੁਰੂ ਜੀ ਦੇ ਪਿਛੇ ਜਾਂ ਕਿਸੇ ਮੋਟੇ ਸੰਤ ਦੀ ਆੜ ਵਿਚ ਬੈਠਦੇ। ਜਿਥੇ ਅਸੀਂ ਲੋੜ ਪੈਣ ਉਤੇ ਹੱਸ ਲਈਏ ਤੇ ਗੱਲਾਂ ਵੀ ਕਰ ਲਈਏ। ਸਾਡੀਆਂ ਗੱਲਾਂ ਨੂੰ ਅਸੀਂ ਹੀ ਜਾਣਦੇ ਸਾਂ ਜਾਂ ਮਾਸਟਰ ਬਲਵੰਤ ਸਿੰਘ ਜੀ।

ਦੀਵਾਨ ਵਿਚ ਸਾਡੇ ਲਈ ਸਭ ਤੋਂ ਵਡਾ ਆਕਰਸ਼ਨ, ਸਤਿਗੁਰਾਂ ਦੀ ਆਵਾਜ਼ ਤੇ ਉਹਨਾਂ ਦਾ ਤਾਊਸ਼ ਹੁੰਦੇ ਸਨ। ਅਰਦਾਸ ਪਿੱਛੋਂ ਜਦੋਂ ਸੰਗਤ ਤੇ ਸਤਿਗੁਰੂ ਜੀ ਬਚਨ ਬਿਲਾਸ ਵਿਚ ਰੁਝ ਜਾਂਦੇ ਤਾਂ ਅਸੀਂ ਹੌਲੀ ਦੇ ਕੇ ਖਿਸਕ ਜਾਂਦੇ। ਫੇਰ ਵੀ ਅਸੀਂ ਭਾਈ ਵਜੀਰ ਸਿੰਘ ਜੀ ਨੂੰ ਛੇੜੇ ਬਿਨਾਂ ਨਾ ਰਹਿੰਦੇ। ਭਾਈ ਜੀ ਦੀ ਸਭ ਤੋਂ ਵੱਡੀ ਕਮਜ਼ੋਰੀ ਦਾ ਸਾਨੂੰ ਪਤਾ ਸੀ। ਇਕ ਪਾਸੇ ਬੇਅੰਤ ਜੀ ਨੇ ਜਾ ਬਹਿਣਾ ਤੇ ਦੂਸਰੇ ਪਾਸੇ ਮੈਂ। ਸਾਨੂੰ ਦੂਰੋਂ ਹੀ ਵੇਖਕੇ ਭਾਈ ਸਾਹਿਬ ਨੇ ਆਲੇ ਦੁਆਲੇ ਬੈਠੀ ਸੰਗਤ ਨੂੰ ਕਹਿਣਾ–ਤੁਸੀਂ ਹੁਣ ਪਰ੍ਹੇ ਹੋ ਜਾਓ। ਤੇ ਮੈਨੂੰ ਏਹਨਾਂ ਨਾਲ ਨਿਬੜ ਲੈਣ ਦਿਓ। ਸਫ ਉਤੇ ਲੰਮੇ ਪਏ ਹੀ ਭਾਈ ਜੀ ਸਾਡੇ ਕਾਬੂ ਔਂਦੇ। ਜੇ ਬੇਅੰਤ ਜੀ ਵਲ ਮੂੰਹ ਕਰਦੇ ਤਾਂ ਮੈਂ ਕਛ ਵਿਚ ਉਂਗਲੀ ਲਾ ਦੇਣੀ ਤੇ ਜੇ ਮੇਰੇ ਵੱਲ ਮੂੰਹ ਕਰਦੇ ਤਾਂ ਬੇਅੰਤ ਜੀ ਨੇ ਕੁਤ ਕੁਤਾਰੀ ਕੱਢ ਦੇਣੀ। ਭਾਈ ਜੀ ਨੇ ਕੇਸੂ ਦੇ ਫੁੱਲ ਵਾਂਗ ਖਿੜ ਪੈਣਾ।

ਤੁਹਾਨੂੰ ਕਿਹਾ ਸੀ ਨਾ, ਏਹ ਜ਼ਰੂਰ ਛੇੜਨਗੇ। ਮੈਨੂੰ ਉਠਾਏ ਬਿਨਾਂ ਨਹੀਂ ਜਾਣਾ ਏਹਨਾਂ ਨੇ। ਤੇ ਸੱਚ-ਮੁਚ ਹੀ ਜਦੋਂ ਭਾਈ ਹੁਰੀਂ ਉਠ ਬਹਿੰਦੇ, ਅਸੀਂ ਅੱਗੇ ਵਧ ਜਾਂਦੇ।

ਅੱਜ ਮਾਸਟਰ ਜੀ ਨੇ ਸਾਨੂੰ ਦਸ ਦਿੱਤਾ ਸੀ ਕਿ ਸਵੇਰੇ ਤੁਹਾਡਾ ਇਮਤਿਹਾਨ ਹੈ। ਤੂੰ ਸਵਖਤੇ ਆਈਂ। ਮੈਂ ਓਸ ਵੇਲੇ ਆਪਦੀ ਦਾਦੀ ਜੀ ਕੋਲ ਹੀ ਭੈਣੀ ਸਾਹਿਬ ਜਾ ਕੇ ਸੌਂਦਾ ਸਾਂ। ਵਿਦਿਆਲੇ ਦੀ ਨੀਂਹ ਓਸ ਤੋਂ ਕਾਫੀ ਪਿੱਛੋਂ ਜਾ ਕੇ ਟਿਕੀ ਸੀ। ਸੁਬਹ ਚੰਡੀ ਦੀ ਵਾਰ ਦਾ ਪਾਠ ਕਰਨ ਪਿਛੋਂ, ਸਤਿਗੁਰੂ ਜੀ ਫੁਰਮਾਇਆ :

ਆਓ ਸੁਣਾਓ ਖਾਂ ਤੁਸੀਂ ਕੀ ਪੜ੍ਹਿਆ ਹੈ। ਸਤਿਗੁਰੂ ਜੀ ਦਾ ਇਸ਼ਾਰਾ ਬੇਅੰਤ ਜੀ ਵੱਲ ਸੀ।

ਜਾਗ ਜਿਨਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।
ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਬਿਖਿਆਤੀ।
ਪਾਏ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।
ਜਪੁਜੀ ਨਾ ਰਹੁਰਾਸ, ਪੜ੍ਹੈ ਸੁਣੇ ਕਭੀ ਖਾਸ
ਔਰ ਜੋ ਪੜ੍ਹਤ ਪਾਸ ਹਾਸ ਤਿਨ ਯੌਂ ਰਰੈਂ।
ਕਹਾਂ ਰਬ ਬਹਿਰਾ ਹੈ ? ਗਹਿਰਾ ਪੁਕਾਰੈ ਯੌਂ ਤੂੰ ....

ਬੇਅੰਤੇ ਜੀ, ਬੜੇ ਠਰ੍ਹੰਮੇ ਨਾਲ, ਜਿਵੇਂ ਗੱਲਾਂ ਕਰ ਰਹੇ ਹੋਣ, ਗੱਡੇ ਹੋਏ ਕਾਨਿਆਂ ਨੂੰ ਸੰਬੋਧਨ ਕਰਦੇ ਹੋਏ, ਗਿਆਨੀ ਗਿਆਨ ਸਿੰਘ ਜੀ ਦੇ ਏਸ ਕਥਨ ਨੂੰ ਅੱਗੇ ਵਧੌਂਦੇ ਚਲੇ ਜਾ ਰਹੇ ਸਨ - ਜਿਵੇਂ ਬਾਂਸਾਂ ਦੇ ਜੰਗਲ ਵਿਚੋਂ ਹੌਲੀ ਹੌਲੀ ਰਸਤਾ ਬਣੌਂਦਾ- ਬਨਰਾਜ (ਸ਼ੇਰ)-ਪਾਣੀ ਦੇ ਚਸ਼ਮੇ ਵਲ ਵਧ ਰਿਹਾ ਹੋਵੇ।

ਹੱਛਾ ਬਈ ਤੂੰ. . . . . .

ਮੈਂ ...... ਮੈਂ ਜੀ ਅਜੇ ਫੱਟੀ ਹੀ ਲਿਖਦਾ ਹਾਂ।

"ਚੰਗਾ, ਮਿਹਨਤ ਨਾਲ ਪੜ੍ਹਿਆ ਕਰੋ" ਕਹਿਕੇ ਸਤਿਗੁਰੂ ਜੀ ਘੋੜਿਆਂ ਵਲ ਚਲੇ ਗਏ। ਤੇ ਅਸੀਂ ਹੁਣ ਵਿਹਲੇ ਸਾਂ।

ਮੈਂ ਅੱਜ ਵੀ ਸੋਚਦਾ ਹਾਂ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਅੱਜ ਦਾ ਆਕਰਸ਼ਕ ਉਪਦੇਸ਼ ਜਾਗ ਜਿਨ ਕੇ ਬਡੇਰੇ ਦੀ ਹੀ ਉਪਜ ਹੈ ਜਾਂ.......

ਦਇਆਲੰ ਸਰੂਪੇ: ਦਾਨੀ-ਸਤਿਗੁਰੂ

ਛੋਟੇ ਹੁੰਦੇ ਵੀ ਬੇਅੰਤ ਜੀ ਵੱਧ ਤੋਂ ਵੱਧ ਖਰਚ ਕਰਦੇ ਸਨ। ਓਸ ਜ਼ਮਾਨੇ ਵਿਚ ਇਕ ਵਾਰ ਏਹਨਾਂ ਸਿਰ ਉਧਾਰ ਦਾ 30 ਹਜ਼ਾਰ ਹੋ ਗਿਆ ਸੀ ਜੋ ਏਹਨਾਂ ਹੌਲੀ ਹੌਲੀ ਲਾਹ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵਾਰ ਕਿਹਾ ਸੀ - ਵੱਡਾ ਕਾਕਾ ਬਹੁਤ ਖਰਚੀਲਾ ਹੈ। ਖਰਚ ਬਹੁਤ ਕਰਦਾ ਹੈ। ਏਹ ਗੱਲ ਓਸ ਵੇਲੇ ਦੀ ਹੈ ਜਦੋਂ ਸਾਰੇ ਭੈਣੀ ਸਾਹਿਬ ਦਾ ਖਰਚ ਕੇਵਲ ਤਿੰਨ ਹਜ਼ਾਰ ਰੁਪਏ ਮਹੀਨਾ ਸੀ। ਲੋਹ ਲੰਗਰ ਸਮੇਤ।

ਲਉ ਇਕ ਹੋਰ ਗੱਲ ਸੁਣਾ ਲਵਾਂ। ਕੀ ਕਰਾਂ ਗੱਲ ਰਾਹ ਰੋਕ ਖਲੋ ਜਾਂਦੀ ਹੈ, ਫੇਰ ਕਰਨੀ ਹੀ ਪੈਂਦੀ ਹੈ। ਖਰਚ ਦੀ ਗੱਲ ਤਾਂ ਹੋਰ ਹੈ। ਸਤਿਗੁਰੂ ਜੀ ਨੇ ਇਹ ਵੀ ਮੁਸਕਰਾ ਕੇ ਆਖ ਦਿੱਤਾ ਸੀ ਕਿ ਇਹ ਤਾਂ ਸਾਡੇ ਗਲਾਂ ਦੇ ਕੱਪੜੇ ਵੀ ਵੰਢ ਦੇਵੇਗਾ। ਗੱਲ ਇਉਂ ਹੋਈ ਕਿ 1947 ਈਸਵੀ ਵਿੱਚ ਦੇਸ਼ ਦੀ ਵੰਢ ਸਮੇਂ ਉੱਜੜ ਕੇ ਆਏ ਸਿੱਖਾਂ ਨੂੰ ਕੋਠੀ ਚੁਚਾਲ (ਸ੍ਰੀ ਜੀਵਨ ਨਗਰ) ਤੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਾਣੇ ਤੇ ਕੱਪੜਾ ਮਿਲਦਾ ਸੀ। ਦਾਣੇ ਫੌਜਾ ਸਿੰਘ ਗੀਗੇਵਾਲੀ ਦਾ, ਵਰਤਾਉਂਦਾ ਸੀ ਤੇ ਕੱਪੜਾ ਮਾਸਟਰ ਬਲਵੰਤ ਸਿੰਘ ਜੀ। ਸਿੱਖਾਂ ਦੀ ਘੁਸਰ ਮੁਸਰ ਤੋਂ ਫੌਜਾ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸਿੱਖ ਆਖਦੇ ਹਨ ਕਿ ਮਾਸਟਰ ਜੀ ਆਪ ਦੇ ਹੁਕਮ ਦੇ ਉਲਟ ਹੱਥ ਘੁੱਟ ਕੇ ਕੱਪੜਾ ਦੇਂਦੇ ਨੇ। ਉਹਨਾਂ ਦੇ ਕਹਿਣ ਤੇ ਸਤਿਗੁਰੂ ਜੀ ਨੇ ਬੇਅੰਤ ਜੀ ਨੂੰ ਲਾ ਦਿੱਤਾ। ਕੱਪੜਾ ਤਾਂ ਇਹ ਵਰਤਾਉਣ, ਪਰ ਹੌਲ ਪੈਣ ਲੱਗਾ ਮਾਸਟਰ ਜੀ ਨੂੰ। ਹੈਂ ! ਏਨ੍ਹਾਂ ਖੁੱਲ੍ਹਾ ਕਪੜਾ। ਜਦ ਉਹਨਾਂ ਅੰਦਰ ਗੱਲ ਹਜ਼ਮ ਨਾ ਹੋਈ ਤਾਂ ਉਹਨਾਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇੰਝ ਵਰਤਾਇਆਂ ਕਪੜੇ ਦੀ ਤੋਟ ਆ ਗਈ ਤਾਂ ਫਿਰ ਕੀ ਕਰਾਂਗੇ। ਸਤਿਗੁਰੂ ਜੀ ਨੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੂੰ ਸਦ ਕੇ ਮਾਸਟਰ ਦੀ ਗੱਲ ਦੱਸੀ ਤੇ ਕਿਹਾ, ਉਹ ਕਹਿੰਦਾ ਹੈ ਸੰਕੋਚ ਵਰਤੋ। ਇਹਨਾਂ ਨੇ ਨਿਰਮਤਾ ਨਾਲ ਕਿਹਾ, ਸੱਚੇ ਪਾਤਸ਼ਾਹ ਜੀ, ਕੱਪੜੇ ਨਹੀਂ ਘਟਦੇ, ਅਜੇ ਤਾਂ ਸਿਆਮੋਂ ਆਂਦੇ ਸੰਦੂਕ ਭਰੇ ਪਏ ਨੇ। ਤਾਂ ਸਤਿਗੁਰੂ ਜੀ ਨੇ ਮਾਸਟਰ ਜੀ ਨੂੰ ਕਿਹਾ ਇਹ ਤਾਂ ਸਾਡੇ ਗਲਾਂ ਦੇ ਕਪੜੇ ਵੀ ਵੰਡੇਗਾ, ਤੇਰਾ ਚੇਲਾ ਇਸ ਪੱਖੋਂ ਨਿੱਕਾ ਹੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਦੇਸ਼ ਦੌਰੇ ਦਾ ਇਕ ਦਿਨ
ਇਕ ਸੰਗੀਤ ਗੋਸ਼ਟਿ

✍-ਰਛਪਾਲ ਸਿੰਘ ਸੇਵਕ

30 ਅਗਸਤ 1993 ਅਮਰੀਕਾ

ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।
ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ॥

ਭਗਤ ਕਬੀਰ ਜੀ ਦੇ ਕਥਨ ਅਨੁਸਾਰ ਹਰੀ ਦੀ, ਪ੍ਰਭੂ ਦੀ ਉਪਮਾ, ਸਤਿਗੁਰੂ ਦਾ ਜਸ, ਉਸ ਦੀ ਸਿਫਤ ਸਾਲਾਹ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਧਰਤਿ ਲੋਕਾਈ ਨੂੰ ਸੋਧਣ ਲਈ ਕੀਤੀਆਂ ਬਖਸ਼ਿਸ਼ਾਂ ਦੇ ਸਾਗਰ ਚੋਂ ਕੁਝ ਬੂੰਦਾਂ, ਕੇਵਲ ਇਕ ਦਿਨ ਦੀ ਗੁਰ-ਗਾਥਾ ਸੰਗਤਾਂ ਦੇ ਦ੍ਰਿਸ਼ਟੀ-ਗੋਚਰ ਹੈ। ਅਮਰੀਕਾ ਦੀ ਨਾਰਥ ਕੈਰੋਲੀਨਾ ਸਟੇਟ 'ਚ ਗ੍ਰੀਨਜ਼ ਬੋਰੋ ਸ਼ਹਿਰ ਦੇ ਨੇੜੇ ਪੈਂਦੇ ਐਸ਼ਬੋਰੋ ਪਿੰਡ 'ਚ ਡਾ. ਪ੍ਰਿਥੀਪਾਲ ਸਿੰਘ ਹੰਸਪਾਲ ਦੇ ਘਰ ਬੀਤੀ ਰਾਤ ਡੇਰਾ ਕੀਤਾ ਸੀ। ਨਿੱਤ-ਕ੍ਰਮ ਅਨੁਸਾਰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਸਾ ਦੀ ਵਾਰ 'ਚ ਦਰਸ਼ਨ ਦਿੱਤੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ, ਸ਼ੇਰ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸੂਰਜ ਦੀ ਟਿੱਕੀ ਨਿਕਲਦੇ ਨਾਲ ਹੀ ਗ੍ਰੀਬ ਨਿਵਾਜ ਚੰਡੀ ਦੀ ਵਾਰ ਦਾ ਪਾਠ ਕੀਤਾ। ਕੁਝ ਸਮਾ ਏਥੇ ਹੀ ਡਾ. ਪ੍ਰਿਥੀਪਾਲ ਸਿੰਘ, ਉ. ਹਰਭਜਨ ਸਿੰਘ, ਹਰਬੰਸ ਸਿੰਘ ਤੇ ਕੁਝ ਹੋਰ ਸਿੰਘਾਂ ਨਾਲ ਬਚਨ ਬਿਲਾਸ ਕਰਦੇ ਰਹੇ, ਠੀਕ 8.30 ਵਜੇ ਏਥੋਂ ਚਲਕੇ ਏਸੇ ਪਿੰਡ ਵਿਚ ਹੀ ਰਹਿੰਦੇ ਡਾ. ਸਾਹਿਬ ਦੇ ਭਰਾ ਸ. ਯਸ਼ਪਾਲ ਸਿੰਘ ਦੇ ਘਰ ਚਰਨ ਪਾਏ। ਪਰਿਵਾਰ ਨੇ ਭੇਟਾ ਸੁਕੇ ਮੇਵੇ ਰੱਖ ਕੇ ਨਮਸਕਾਰ ਕੀਤੀ। ਗ੍ਰੀਬ ਨਿਵਾਜ ਜੀ ਨੇ ਉਨ੍ਹਾਂ ਦੇ ਲੜਕੇ ਨੂੰ ਹੁਕਮ ਕੀਤਾ ਤੂੰ ਇਕੱਲਾ ਹੀ ਲੜਕਾ ਹੈ? ਉਸ ਅਰਜ ਕੀਤੀ "ਹਾਂ ਜੀ"। ਫੇਰ ਗ੍ਰੀਬ ਨਿਵਾਜ ਨੇ ਬੜੇ ਹੀ ਪਿਆਰ ਨਾਲ ਲੜਕੇ ਨੂੰ ਸਮਝਾਇਆ ਕਿ ਵੇਖ ਤੂੰ ਕਿਸ ਖਾਨਦਾਨ ਵਿਚੋਂ ਹੈਂ। ਹੁਣ ਮੇਰੀ ਗੱਲ ਮੰਨ ਕੇ ਅੱਜ ਤੋਂ ਦਾੜੀ ਕੱਟਣੀ ਬੰਦ ਕਰ ਦੇ। ਉਸ ਸਤ ਬਚਨ ਕਰਕੇ ਨਮਸਕਾਰ ਕੀਤੀ। ਇਥੋਂ ਚੱਲਕੇ ਸਿੱਧਾ ਗ੍ਰੀਨਜ਼ਬੋਰੋ ਏਅਰਪੋਰਟ ਪੁੱਜੇ, ਏਥੋਂ US AIR ਦੇ 36 ਸੀਟਾਂ ਵਾਲੇ ਜਹਾਜ 'ਚ ਆਪਣੇ ਸੇਵਕਾਂ (ਸ. ਸੁਰਿੰਦਰ ਸਿੰਘ ਮਨਚੰਦਾ, ਉਸਤਾਦ ਹਰਭਜਨ ਸਿੰਘ ਤੇ ਰਛਪਾਲ ਸਿੰਘ) ਸਹਿਤ ਬਰਾਜਮਾਨ ਹਨ। ਜਹਾਜ ਨੇ ਠੀਕ 10.25 ਵਜੇ ਟੇਕ ਆਫ ਕਰਕੇ ਵਸ਼ਿਗੰਟਨ DC ਵਿਖੇ ਇੰਟਰਨੈਸ਼ਨਲ ਏਅਰਪੋਰਟ ਤੇ 11.35 ਵਜੇ ਲੈਂਡ ਕੀਤਾ। ਏਅਰਪੋਰਟ ਤੇ ਸਵਾਗਤ ਲਈ ਸ. ਜਗਜੀਤ ਸਿੰਘ ਚਾਨਾ ਆਪਣੀਆਂ ਤਿੰਨੇ ਬੇਟੀਆਂ (ਗੁਰਸ਼ਰਨ ਕੌਰ, ਉਪਕਾਰ ਕੌਰ, ਗੁਰਪ੍ਰੀਤ ਕੌਰ) ਸਹਿਤ ਪੁੱਜੇ ਹੋਏ ਸਨ। ਸਭ ਨੇ ਚਰਨ ਪਰਸ, ਸਵਾਗਤ ਕੀਤਾ। ਇਥੋਂ ਉਨ੍ਹਾਂ ਦੀ ਵੈਨ 'ਚ ਬਰਾਜਮਾਨ ਹੋ ਕੇ ਸਿੱਧਾ ਬਾਲਟੀ ਮੋਰ ਸ਼ਹਿਰ 'ਚ ਉਸਤਾਦ ਵਲਾਇਤ ਹੁਸੈਨ ਖਾਂ ਸਾਹਿਬ ਦੇ ਘਰ ਦਰਸ਼ਨ ਦਿੱਤੇ। ਅੰਦਰ ਗ੍ਰੀਬ ਨਿਵਾਜ ਜੀ ਨੂੰ ਕੁਰਸੀ ਤੇ ਬੈਠਣ ਲਈ ਬੇਨਤੀ ਕੀਤੀ, ਤੇ ਫੇਰ ਕਹਿਣ ਲੱਗੇ "ਮੇਰਾ ਘਰ ਪਵਿੱਤਰ ਹੂਆ ਆਪਕੇ ਚਰਨ ਪੜਨੇ ਸੇ"। ਇਥੇ ਹੀ ਬੈਠਿਆਂ ਕਾਫੀ ਚਿਰ ਬਚਨ ਬਲਾਸ ਹੁੰਦੇ ਰਹੇ।

ਬਚਨ ਬਿਲਾਸ:

ਸ੍ਰੀ ਸਤਿਗੁਰੂ ਜੀ– ਮੈਨੇ ਏਕ ਬਾਰ ਜੁਲਾਈ ਮੇਂ ਆਨਾ ਥਾ, ਤੋਂ ਦੂਸਰੀ ਬਾਰ ਅਬ।

ਉਸਤਾਦ ਵਿਲਾਇਤ ਖਾਂ ਸਾਹਿਬ: ਹਮ ਤੋਂ ਜੂਨ ਜੁਲਾਈ ਸੇ ਸੁਨ ਰਹੇ ਹੈਂ।

ਸ੍ਰੀ ਸਤਿਗੁਰੂ ਜੀ: ਅਬ ਭੀ ਬੜੀ ਮੁਸ਼ਕਲ ਸੇ ਯਹਾਂ ਆ ਸਕਾ ਹੂੰ। ਪਰਸੋਂ ਰਾਤ ਮਿਲਵਾਕੀ ਮੇਂ ਥੇ ਹਮ ਲੋਗ ਔਰ ਕੱਲ ਵਹਾਂ ਐਸ਼ਬੋਰੋ ਮੇਂ ਅਪਨੇ ਨਾਮਧਾਰੀ ਡਾ. ਪ੍ਰਿਥੀਪਾਲ ਸਿੰਘ ਹੰਸਪਾਲ ਹੈਂ, ਉਸਨੇ ਬਹੁਤ ਬੜਾ ਘਰ ਬਣਾਇਆ ਹੈ, 7 ਏਕੜ ਮੇਂ ਹੈ। 2 ਏਕੜ ਮੇ ਘਰ ਔਰ 5 ਏਕੜ ਮੇਂ ਗਾਰਡਨ ਹੈ। ਫਿਰ ਦੂਸਰੀ ਬਾਰ ਆਏਂਗੇ ਤੋਂ ਆਪਕੋ ਭੀ ਸਾਥ ਲੇ ਚਲੇਂਗੇ। ਇਕੱਠੇ ਰਹੇਂਗੇ। ਖਾਂ ਸਾਹਿਬ ਜੀਅ ਚਾਹਤਾ ਹੈ, ਪਤਾ ਨਹੀਂ ਐਸਾ ਹੋ ਸਕਤਾ ਹੈ ਕਿ ਨਹੀਂ, ਅਬ ਹਮਾਰੇ ਪਾਸ ਹੀ ਆਪ ਆ ਜਾਈਏ।

ਉਸਤਾਦ ਵਿਲਾਇਤ ਖਾਂ ਸਾਹਿਬ– ਜ਼ਰੂਰ, ਜ਼ਰੂਰ.. ਯੇ ਤੋ... ਆਪ ਪੀਰ ਹੈਂ, ਆਪ ਔਲੀਆ ਹੈਂ ਅੱਲਾ ਕਾ ਹੁਕਮ ਹੋਤਾ ਹੈ। ਹਮੇ ਉਠਾ ਕੇ ਅਮਰੀਕਾ ਡਾਲ ਦੋ, ਚਾਹੇ ਘਰ ਬੁਲਾ ਲੋ, ਜੋ ਯਾਰ ਕੀ ਮਰਜੀ। ਆਜ ਐਸੇ ਵਾਤਾਵਰਨ ਬਨ ਰਹੇ ਹੈਂ ਆਪਣੇ ਮੁਲਕ ਕੇ, ਕਿ ਸਾਂਸ ਲੇਨਾ ਮੁਸ਼ਕਲ ਹੈ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ
ਸੁਲਤਾਨਪੁਰ ਲੋਧੀ ਦੀ ਗੁਰਧਾਮ ਯਾਤਰਾ

1-11-201



Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੁਲਤਾਨਪੁਰ ਲੋਧੀ ਵਿਖੇ ਉਦਘਾਟਨ ਸਮਾਰੋਹ ਸਮੇਂ ਦਰਸ਼ਨ ਦਿੱਤੇ।

5-11-2019

550 साला प्रकाश पर्व को समर्पित सुल्तानपुर लोधी गुरु धाम के लिए पैदल यात्रा निकाली

सद्‌गुरु उदय सिंह सुल्तानपुर लोधी में हुए नतमस्तक

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਫਲਸਫੇ 'ਤੇ ਪਹਿਰਾ ਦੇਣ ਦੀ ਲੋੜ : ਨਾਮਧਾਰੀ ਮੁਖੀ

ਸ੍ਰੀ ਭੈਣੀ ਸਾਹਿਬ ਵਿਖੇ 550 ਸਾਲਾ ਪ੍ਰਕਾਸ਼ ਪੁਰਬ 9-10 ਨਵੰਬਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਵੇਗਾ

550 ਰਬਾਬੀ ਕੀਰਤਨੀਆਂ ਵਲੋਂ ਸਜਾਏ ਨਗਰ ਕੀਰਤਨ ਨਾਲ

ਨਾਮਧਾਰੀ ਸੰਪ੍ਰਦਾਇ ਵਲੋਂ ਕੱਢਿਆ ਗਿਆ ਮਾਰਚ

ਸੁਲਤਾਨਪੁਰ ਲੋਧੀ ਪੈਦਲ ਯਾਤਰਾ 'ਚ 50 ਹਜ਼ਾਰ ਤੋਂ ਵੱਧ ਨਾਮਧਾਰੀ ਸੰਗਤਾਂ ਨੇ ਲਿਆ ਹਿੱਸਾ

ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਦੋ ਰੋਜ਼ਾ-ਸ਼ਤਾਬਦੀ ਸਮਾਗਮ ਸਮੇਂ ਸ੍ਰੀ ਸਤਿਗੁਰੂ ਜੀ ਆਏ ਹੋਏ ਪਤਵੰਤਿਆਂ ਨੂੰ ਨਿਵਾਜਦੇ 9-10 ਨਵੰਬਰ 2019

ਡਾ. ਹਸਨ ਅੱਬਾਸ ਜੀ ਜੰਮੂ

ਡਾ.ਕੁਲਦੀਪ ਸਿੰਘ ਜੀ

ਸ੍ਰੀ ਅਬਦੁਰ ਰਸ਼ੀਦ ਮਲਿਕ ਮਲੇਰਕੋਟਲਾ

ਮੌਲਾਨਾ ਰਹਿਮਾਨ ਉਸਮਾਨੀ ਜੀ ਲੁਧਿਆਣਾ

ਡਾ.ਹਰਿਮੋਹਿੰਦਰ ਸਿੰਘ ਬੇਦੀ

ਡਾ.ਸੁਰਜੀਤ ਸਿੰਘ ਭੱਟੀ

ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲੇ

ਡਾ.ਹਰਪਾਲ ਸਿੰਘ ਪੰਨੂ

Sri Satguru Jagjit Singh Ji Elibrary NamdhariElibrary@gmail.com

ਗਿਆਨੀ ਹਰਦੀਪ ਸਿੰਘ ਮੁਖੀ ਹਜੂਰੀ ਟਕਸਾਲ ਹਜੂਰ ਸਾਹਿਬ



ਡਾ.ਲਖਵੀਰ ਸਿੰਘ ਸਤਿਗੁਰੂ ਜੀ ਨੂੰ ਪੁਸਤਕਾਂ ਭੇਟ ਕਰਦੇ ਹੋਏ



ਗਿਆਨੀ ਗੁਰਵਿੰਦਰ ਸਿੰਘ ਜੀ ਤਰਨਾ ਦਲ

ਸ੍ਰੀ ਤਨਵੀਰ ਖ਼ਾਦਿਮ ਕਾਦੀਆਂ (ਗੁਰਦਾਸਪੁਰ)

ਸ੍ਰੀ ਮਹੰਤ ਰੇਸ਼ਮ ਸਿੰਘ ਜੀ ਨਿਰਮਲ ਅਖਾੜਾ

ਬਾਬਾ ਹਰਚਰਨ ਸਿੰਘ ਜੀ ਪਟਿਆਲੇ ਵਾਲੇ

ਨਿਸ਼ਾਨ ਸਿੰਘ ਜੀ ਸਤਿਜੁਗ ਦਾ ਗੁਰੂ ਨਾਨਕ ਵਿਸ਼ੇਸ਼ ਅੰਕ ਭੇਟ ਕਰਦੇ ਹੋਏ

ਮਹੰਤ ਹਰਪਾਲ ਦਾਸ ਜੀ ਅਮਾਮਗੜ੍ਹ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ: ਠੀਕ ਹੈ।

ਉਸਤਾਦ ਵਿਲਾਇਤ ਖਾਂ ਸਾਹਿਬ– ਹਮ ਤੋਂ ਆਪਣੇ ਗੁਰੂ ਕਾ, ਪੀਰ ਕਾ, ਔਲੀਆ ਕਾ ਧਿਆਨ ਕੀਏ ਬੈਠੇ ਰਹਤੇ ਹੈਂ। ਆਜ ਜੀਅ ਭੀ ਰਹੇ ਹੈ, ਵਰਨਾ ਵਹਾਂ ਤੋਂ ਜੀਨਾ ਭੀ ਮੁਸ਼ਕਲ ਹੈ। ਅਬ ਯੇ ਭੀ ਔਲੀਆ ਪੀਰ ਕੀ ਮਰਜੀ ਹੈ। ਕਿ ਯਹਾਂ ਰਹਿ ਲੇ, ਵਹਾਂ ਆ ਜਾਏਂ। ਹਮ ਹੈਂ ਜੋ ਆਪ ਕੀ ਉਂਗਲੀ ਕੇ ਇਸ਼ਾਰੇ ਪੇ ਨਾਚ ਰਹੇ ਹੈਂ। ਜੈਸੇ ਬਤਾਇਆ ਵੈਸਾ ਹੀ ਹੋਗਾ।

ਸ੍ਰੀ ਸਤਿਗੁਰੂ ਜੀ: ਖਾਂ ਸਾਹਿਬ ਬਹੁਤ ਧਰਮ ਕੋ ਮਾਨਣੇ ਵਾਲੇ ਹੈਂ (ਉਸਤਾਦ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ)

ਉਸਤਾਦ ਵਿਲਾਇਤ ਖਾਂ ਸਾਹਿਬ– ਮੇਰਾ ਅਸਲ ਧਰਮ ਹੈ, ਬਜੁਰਗੀ ਕੀ ਇਜ਼ਤ ਕਰਨਾ। ਔਰ ਉਸ ਕੀ ਇਜ਼ਤ ਦਿਲ ਮੇਂ ਰਖੋ ਤੋ ਫਿਰ ਸੰਗੀਤ ਕਾ ਸ਼ੌਕ ਇਤਨਾ ਉਭਰ ਆਤਾ ਹੈ, ਸਵਰਗ ਕੀ ਜੈਸਾ ਖਿਲ ਜਾਤਾ ਹੈ।

ਸ੍ਰੀ ਸਤਿਗੁਰੂ ਜੀ: ਏਕ ਬਾਰ ਖਾਂ ਸਾਹਿਬ ਬੀਅਰ ਹੋ ਗਏ। ਦੇਹਲੀ ਮੇਂ, ਸਪਰੂ ਹਾਊਸ ਕੇ ਨਜਦੀਕ ਮੈਂ ਔਰ ਹੰਸਪਾਲ ਜੀ, ਸੁਰਿੰਦਰ ਔਰ ਏਕ ਤਰਸੇਮ ਸਿੰਘ ਕੁਝ ਹਮਾਰੇ ਆਦਮੀ ਸਾਥ ਥੇ। ਖਾਂ ਸਾਹਿਬ ਕਾ ਪਤਾ ਲੇਨੇ ਕੇ ਲੀਏ ਗਏ। ਖਾਂ ਸਾਹਿਬ ਸਾਡੀ ਲੇਕੇ ਆਏ ਥੇ, ਵੋ ਗਾਡੀ ਕਸਟਮ ਮੇਂ ਫਸ ਗਈ। ਮੈਂਨੇ ਕਹਾ ਖਾਂ ਸਾਹਿਬ ਵੋ ਗਾਡੀ ਕੇ ਪੇਪਰ ਵਗੈਰਾ ਕੈਸੇ ਹੈ ਹਮ ਮਦਦ ਕਰੇਂਗੇ। ਉਠ ਕਰ ਕੁਰਸੀ ਸੇ ਖਲੋ ਗਏ ਔਰ ਕਹਿਨੇ ਲਗੇ ਮੇਰੇ ਪਰ ਯੇ ਮੇਹਰ ਬਾਨੀ ਕਰੋ ਕਿ ਮੇਰਾ ਜੋ ਦਿਲ ਚਾਹਤਾ ਹੈ ਮੇਰੇ ਪਾਸ ਫਲਾਣੀ ਗਾਡੀ ਹੋ, ਫਲਾਣੀ ਹੋ ਯੇ ਮੇਰਾ ਦਿਲ, ਮੇਰੀ ਚਾਹਣਾ ਹਟ ਜਾਏ। ਯੇ ਕਿਤਨੀ ਬੜੀ ਬਾਤ ਹੈ। ਯੇ ਸਮਝਨੇ ਕੀ ਬਾਤ ਹੈ ਜੋ ਸਮਝਤਾ ਹੈ ਉਸ ਕੋ, ਉਸਕੇ ਲੀਏ ਤੋ ਸੰਗੀਤ ਹੈ, ਦੂਸਰੇ ਕੇ ਲੀਏ ਤੋ ਕੁਝ ਨਈਂ ਹੈ। ਬੜੀ ਬਾਤ ਯੇ ਨਹੀ ਕਿ ਮੇਰੇ ਪਾਸ ਬਹੁਤ ਬੜਾ ਮਹੱਲ ਹੋ ਬਹੁਤ ਬੜੀ ਗਾਡੀਆਂ ਹੋਂ। ਬੜੀ ਬਾਤ ਯੇ ਹੈ ਕਿ ਇਨਕਾ ਮੇਰੇ ਮਨ ਕੇ ਉਪਰ ਕੋਈ ਅਸਰ ਨਹੀਂ ਹੋਣਾ ਚਾਈਏ।

ਉਸਤਾਦ ਵਿਲਾਇਤ ਖਾਂ ਸਾਹਿਬ– ਸਵਾਲ ਹੋਤਾ ਹੈ ਕਿ ਆਪ ਕਾ ਧਿਆਨ ਅੱਛੀ ਬਾਤੋਂ ਪੇ ਜਾਏਗਾ ਕਬ? ਆਪ ਕੇ ਉੱਪਰ ਅਸਰ ਕਿਸ ਕਾ ਹੈ। ਅਗਰ ਸਚੇ ਪੀਰ ਕਾ ਅਸਰ ਹੈ ਤੋਂ ਧਿਆਨ ਅੱਛੀ ਤਰਫ ਜਾਨੇ ਲਗੇਗਾ। ਸਚਮੁਚ ਹੀ ਮੇਰੇ ਮਾਂ ਬਾਪ ਕੀ ਕੋਈ ਅੱਛੀ ਕਰਨੀ ਹੋਗੀ, ਜੋ ਆਪ ਜੈਸੇ ਪੀਰ ਮੇਰੇ ਅੰਦਰ ਬਸੇ ਹੂਏ ਹੈਂ। ਹਮ ਨਹੀਂ ਹੂਏ ਉਨਕੇ ਮੁਰੀਦ ਹਮ ਤੋਂ ਇਨਕੇ (ਸੱਚੇ ਪਾਤਸ਼ਾਹ ਜੀ ਵਲ ਇਸ਼ਾਰਾ ਕਰਕੇ ਕਿਹਾ) ਮੁਰੀਦ ਹੋ ਗਏ। ਹਜ਼ੂਰ, ਗੁਲਾਮ ਮਸ਼ੂਕ, ਮੁਰੀਦ ਆਪਣੇ ਪੀਰ ਕੀ ਤਾਰੀਫ ਕਰਤਾ ਰਹੇ ਬਸ। ਉਸੀ ਮੇਂ ਉਸਕਾ ਭਲਾ ਹੈ। ਮੇਰਾ ਪੀਰ ਐਸਾ ਹੈ ਮੇਰਾ ਗੁਰੂ ਐਸਾ ਹੈ, ਮੇਰਾ ਬਜ਼ੁਰਗ ਐਸਾ ਹੈ। ਹਮ ਤੋਂ ਬਸ ਯੇ ਹੀ ਬੋਲਤੇ ਰਹੇਂ, ਅਪਨਾ ਵਕਤ ਗੁਜ਼ਾਰ ਦੇਂ।

ਹਜ਼ੂਰ ਕੁਝ ਰਹੇਂਗੇ ਏਕ ਆਧ ਦਿਨ ਯਹਾਂ ਬਾਲਟੀ ਮੋਰ ਮੇਂ?

ਸ੍ਰੀ ਸਤਿਗੁਰੂ ਜੀ: ਨਹੀਂ ਬਸ ਅਭੀ ਆਜ ਆਪਕੋ ਹੀ ਮਿਲਨੇ ਕੇ ਲੀਏ ਆਇਆ ਥਾ। ਯੇ ਭੀ (ਚਾਨਾ ਜੀ) ਆਏ ਥੇ ਇਨਕੋ ਭੀ ਮਿਲ ਗਿਆ ਆਜ ਸ਼ਾਮ ਕੋ ਨਿਊਯਾਰਕ ਚਲੇ ਜਾਏ ਗੇ।

ਉਸਤਾਦ ਵਿਲਾਇਤ ਖਾਂ ਸਾਹਿਬ– ਠੀਕ ਹੈ, ਮੇਰੇ ਕੋ ਔਰ ਭੀ ਜਿਆਦਾ ਪਤਾ ਲਗ ਰਹਾ ਹੈ ਯੇ ਮੇਰੀ ਖਾਤਿਰ ਹੈਂ। 'ਤੁਮਕੇ ਖਰੀਦ ਕੇ ਮੁਝੇ ਅਨਮੋਲ ਕਰ ਦੀਆ' ਸਚ ਤੋ ਯੇ ਹੈ। ਸ਼ੁਕਰ ਹੈ! ਆਪ ਕੇ ਦੀਵਾਰ ਹੋ ਗਏ ਹਜ਼ੂਰ ਬਹੁਤ ਦਿਨੋਂ ਸੇ ਮਿਲੇ ਨਹੀਂ ਥੇ। ਯੇ ਭੀ ਹੂਆ ਹੋਗਾ ਕਿ ਮੈਂ ਇਸ ਲੀਏ ਹੀ ਬੀਮਾਰ ਹੂਆ। ਹਜ਼ੂਰ ਯੇ ਲੜਕੀ ਸਿਚਨੋ ਜਪਾਨੀ ਜਾਨੀ) ਭੀ ਮੇਰੇ ਪੀਰ ਕੀ ਆਸ਼ਿਕ ਹੈ।

ਖਾਂ ਸਾਹਿਬ ਦੀ ਬੇਗਮ: ਪਹਿਲੀ ਦਫਾ ਭੀ ਸਤਿਗੁਰੂ ਜੀ ਕੇ ਲੀਏ ਪੂਛਤੀ ਥੀ। ਮੈਨੇ ਕਹਾ ਵੋ ਆਨੇ ਵਾਲੇ ਹੈਂ

ਉਸਤਾਦ ਵਿਲਾਇਤ ਖਾਂ ਸਾਹਿਬ– ਪਹਿਲੀ ਬਾਰ ਕਲੱਕਤੇ ਆਈ ਥੀ। ਆਪ ਭੀ ਤਸ਼ਰੀਫ ਲਾਏ ਥੇ ਇਰਸ਼ਾਦ ਕੇ ਸਾਥ, ਤਬ ਸੇ ਉਸਕੇ ਅੰਦਰ ਖਿਚਾਅ ਐਸਾ ਬਨਾ ਦੇਖਕੇ ਕਿ ਵੋ ਮਹੀਨੋ ਆਏ ਦਿਨ ਆਪ ਕਾ ਜਿਕਰ ਕਰਤੀ ਹੈ। ਔਰ ਜਬ ਇਸਨੇ ਯੇ ਸੁਨਾ ਕਿ ਆਪ ਤਸ਼ਰੀਫ ਲਾ ਰਹੇ ਹੈਂ। Top Exited ਮੈਂ ਸਮਝ ਸਕਤਾ ਹੂੰ ਇਸ ਤਰ੍ਹਾਂ ਸੇ ਵੋ ਮੁਝੇ ਪੂਛਤੀ ਹੈ। ਮੁਝੇ ਖੁਸ਼ੀ ਹੈ ਮੇਰੇ ਬਚੋਂ ਮੇਂ, ਸ਼ਗਿਰਦੋਂ ਮੇਂ, ਮੇਰੇ ਸਤਿਗੁਰੂ ਜੀ ਕੇ ਲੀਏ ਮਨ ਮੇਂ ਹੈ। ਹਮ ਤੋਂ ਫੀਲ ਕਰਤੇ, ਜ਼ਿੰਦਗੀ ਗੁਜਾਰ ਲੀ ਔਰ ਸਮਝਾਤੇ ਹੂਏ ਗੁਜਾਰ ਲੇਂਗੇ। ਲੇਕਿਨ ਅਸਰ ਪੜ ਗਯਾ ਬਚੋਂ ਪੇ ਵੋ ਮੇਰੇ ਲੀਏ ਬੜੀ ਖੁਸ਼ੀ ਹੀ ਬਾਤ ਹੈ।

ਸ੍ਰੀ ਸਤਿਗੁਰੂ ਜੀ: ਖਾਂ ਸਾਹਿਬ ਆਪਕੋ ਬਧਾਈ ਦੇਣੀ ਥੀ ਇਰਸ਼ਾਦ ਕੀ ਸ਼ਾਦੀ ਹੋ ਗਈ ਆਪ ਕੇ ਭਤੀਜੇ ਕੀ

ਉਸਤਾਦ ਵਿਲਾਇਤ ਖਾਂ ਸਾਹਿਬ– ਜੀ ਹਜ਼ੂਰ ਮੁਝੇ ਮਾਲੂਮ ਹੈ।

ਸ੍ਰੀ ਸਤਿਗੁਰੂ ਜੀ: ਇਰਸ਼ਾਦ, ਇਰਸ਼ਾਦ ਜੀ ਘਰਵਾਲੀ ਔਰ ਉਸਕੀ ਮਾਤਾ ਆਏ ਥੇ ਮੇਰੇ ਪਾਸ। ਕਹਿਤਾ ਥਾ ਸੈਂਟ ਹੋ ਰਹੇ ਹੈ।

ਉਸਤਾਦ ਵਿਲਾਇਤ ਖਾਂ ਸਾਹਿਬ– ਦੇਖੋ ਸੁਰਿੰਦਰ ਭਾਈ, ਅਬ ਕਾ ਸੰਗੀਤ ਜੋ ਬਣ ਰਹਾ ਹੈ ਆਪ ਸੇ ਮੈਂ ਬਾਤ ਕਰਵਾਊਂ ਲੇਕਿਨ ਹਜ਼ੂਰ ਅਬ ਕਾ ਸੰਗੀਤ ਕੋਈ ਦੂਸਰਾ ਸੰਗੀਤ ਬਨ ਰਹਾ ਹੈ।

Sri Satguru Jagjit Singh Ji Elibrary NamdhariElibrary@gmail.com

ਕੁਝ ਛੋਡੂ ਕਾ ਪੂਰਬ ਬਨ ਜਾਤਾ ਹੈ ਨਾ, ਵੋ ਸੰਗੀਤ ਅਬ ਤਿਆਰ ਹੋ ਰਹਾ ਹੈ। ਤਾਨੋ ਕੇ ਹਲਕੇ ਕਿਆ ਹੈਂ, ਉਨਕਾ ਅਕਾਰ ਕਿਆ ਹੈ। ਹਾਥੋਂ ਕੇ ਬੋਲ ਕਿਆ ਹੈਂ। ਉਨਕੀ ਸਮੇਟ ਕਿਆ ਹੈ, ਉਨਕੀ ਤਕਨੀਕ ਕਿਆ ਹੈ ਅਲੰਕਾਰ ਕੈਸੇ ਲਗਾਈ ਜਾਤੀ ਹੈ, ਬੋਲੋਂ ਕਾ ਉਚਾਰਨ ਕਿਆ ਹੈ। ਯੇ ਤਾਲਨੇ ਕਾ ਬੋਲ ਹੈ ਕਿ ਗਲੇ ਕਾ ਬੋਲ ਹੈ, ਨਾਕ ਕਾ ਬੋਲ ਹੈ।

ਸ੍ਰੀ ਸਤਿਗੁਰੂ ਜੀ: ਐਸਾ ਭੀ ਹੈ ਕਿ ਜੋ ਆਤੇ ਹੈਂ ਉਨਕਾ ਸਵਰ ਉਸਕਾ ਸ਼ਬਦ ਜੋ ਹੈ, ਉਸ ਕਾ ਆਪਸ ਮੇਂ ਮੇਲ ਹੋਣਾ ਚਾਹੀਏ। ਯਮਨ ਕੀ ਬਾਤ ਕਹਿਤੇ ਹੈਂ ਤੋ ਉਸਕੇ ਤਰੀਕੇ ਸੇ ਸੁਰ ਲਗਾਤੇ ਹੈਂ ਤੋ ਉਸਕਾ ਕੋਈ ਔਰ ਅਸਰ ਹੋਤਾ ਹੈ।

ਇਕ ਚੀਜ਼ ਆਪ ਕੋ ਸੁਨਾਨੀ ਹੈ ਉਸਕਾ ਭਾਵ ਪੰਜਾਬੀ ਮੇਂ ਦੋਨੋ ਤਰਫ ਜਾਤਾ ਹੈ ਜੈਸੇ ਸ਼ਾਦੀ ਹੋਤੀ ਹੈ ਤੋ ਲੜਕੀ ਆਪਣੇ ਸਸੁਰਾਲ ਮੇਂ ਜਾਤੀ ਹੈ। ਐਸੇ ਹੀ ਜਬ, ਆਦਮੀ ਦੀ ਮੌਤ ਹੋਤੀ ਹੈ ਜਬ ਮਰਤਾ ਹੈ ਜੀਵ ਆਤਮਾ ਕੋ ਸਰੀਰ ਛੋੜਨਾ ਪੜਤਾ ਹੈ। ਉਸ ਕੀ ਭੀ ਯੇ ਹੀ ਹਾਲਤ ਹੋਤੀ ਹੈ ਵੋਹ ਜਾਨਾ ਨਹੀਂ ਚਾਹਤਾ ਤੋ ਉਸਕੇ ਬੋਲ ਹੈ:

ਜਿੰਦ ਜਾਨ ਤੁਸਾਂ ਪੁਰ ਘੋਲੀ ਨੀ

ਬਾਬੁਲ ਵਿਆਹੀਓ ਨੀ ਭਰਜਾਈਓ, ਕੋਈ ਰਖ ਲਉ ਅਜ ਮੇਰੀ ਡੋਲੀ ਨੀ।

1 ਕੇਹੀ ਵਾ ਦੇ ਵਗੇ ਵਰੋਲੇ, ਸਾਂਭ ਨ ਸਕੀਆਂ ਗੁਡੀਆਂ ਪਟੋਲੇ। ਖੇਲਨ ਦਾ ਅਜੇ ਚਾਵ ਨੀ ਲੱਥਿਆ, ਪਿਆ ਵਿਛੋੜਾ ਝੋਲੀ ਨੀ॥

2 ਜਾਂਞੀਆਂ ਕੀਤੇ ਤੁਰਤ ਤਿਆਰੇ, ਪਾ ਟੱਲੀਆਂ ਗਲ ਊਠ ਸਵਾਰੇ। ਸੁਣ ਕੇ ਮਾਹੀ ਦੇ ਕੂਚ ਨਗਾਰੇ, ਮੈਂ ਹੋਈਆਂ ਡਾਵਾਂ ਡੋਲੀ ਨੀ॥

3 ਪੈਰ ਡੋਲੀ ਵਿਚ ਮੂਲ ਨ ਧਰਸਾਂ, ਸਈਓ ਤੁਸਾਂ ਤੇ ਵਿਛੁੜੀ ਮਰਸਾਂ। ਦਮ ਦਮ ਯਾਦ ਤੁਸਾਂ ਨੂ ਕਰਸਾਂ, ਕਿਧਰ ਗਈ ਮੇਰੀ ਟੋਲੀ ਨੀ॥

4 ਡੋਲੀ ਪਕੜ ਬਹਾਈ ਭਾਈਆਂ, ਮਿਲਣ ਨਾ ਦਿੱਤੀਆਂ ਚਾਚੀਆਂ ਤਾਈਆਂ। ਅੰਬੜ ਨਾਲ ਨਾ ਰੋ ਕੇ ਮਿਲੀਆਂ, ਮੈਂ ਬਾਬਲ ਨਾਲ ਨਾ ਬੋਲੀ ਨੀ॥

5 ਡੋਲੀ ਚਾਈਆਂ ਚਾਰ ਕਹਾਰਾ, ਮੈ ਰੋਵਾਂ ਚੀਕਾਂ ਧਾਹੀਂ ਮਾਰਾ। ਮੱਥਿਓਂ ਮਹਿੰਦੀ ਸੰਧੂਰ ਉਤਾਰਾਂ, ਗਲ ਚੋਂ ਲਾਹਾਂ ਮੌਲੀ ਨੀ॥

6 ਅਮੀਰ ਸ਼ਾਰ ਬਾਮ੍ਹਣਾਂ ਲਾਗੀਆਂ ਨਾਈਆਂ, ਸਭ ਕੀਤੀਆਂ ਸਿਰ ਮੇਰੇ ਆਈਆਂ। ਮੈ ਝੱਲੀਆਂ ਸਮਝ ਕੇ ਰੱਬ ਰਜਾਈਆਂ, ਮੈਂ ਕੀ ਜਾਣਾ ਭੋਲੀ ਨੀ॥

ਸਾਈ ਪੜਕੇ ਤੇ ਫੇਰ ਗਾ ਕੇ ਵੀ ਸੁਣਾਈ। ਖਾਂ ਸਾਹਿਬ ਆਪ ਕਬੀ ਮਿਲੇ ਨਹੀਂ, ਕਭੀ ਗਾਏ ਨਹੀਂ, ਵੋ ਤੋੜੀ ਮੇਂ ਹੈ, ਇਸ ਕੀ ਬੰਦਸ਼ ਜੋ ਹੈ।

ਉਸਤਾਦ ਵਿਲਾਇਤ ਖਾਂ ਸਾਹਿਬ– ਅਛੀ ਬਾਤ ਹੈ, ਕਿਆ ਅੱਛੀ ਚੀਜ ਹੈ।

ਸ੍ਰੀ ਸਤਿਗੁਰੂ ਜੀ: ਏਕ ਪ੍ਰੋਫੈਸਰ ਹੈ ਯਸਸ਼ਪਾਲ ਵੋ ਆਗਰਾ ਘਰਾਣੇ ਕੇ ਸ਼ਗਿਰਦ ਹੈਂ। ਵੋ ਚੰਡੀਗੜ੍ਹ ਮੇਂ ਰਹਿਤੇ ਹੈ। ਭੈਣੀ ਸਾਹਿਬ ਆਏ ਤੋ ਮੈਂ ਸੁਣਾਇਆ ਤੇ ਕਹਿਣ ਲਗੇ ਸਾਰੀ ਜਿੰਦਗੀ ਕਾ ਨਚੋੜ ਹੈ ਇਸ ਮੇਂ।

ਉਸਤਾਦ ਵਿਲਾਇਤ ਖਾਂ ਸਾਹਿਬ– ਸੱਚ ਤੋ ਯੇ ਈ ਹੈ, ਰਾਗੋਂ ਕੇ ਮੁਤਾਬਕ, ਰਸੋਂ ਕੇ ਮੁਤਾਬਕ, ਹਾਲਾਤ ਕੇ ਮੁਤਾਬਿਕ, ਬੋਲ ਗਾਏ ਜਾਤੇ ਥੇ, ਉਸੀ ਸੇ ਪਤਾ ਲਗਤਾ ਥਾ ਕਿ ਨਾਇਕ ਨੇ ਕੈਸੀ ਅਛੀ ਚੀਜ ਬਾਂਧੀ ਹੈ। ਆਜ ਹਮ ਕਿਆ ਜਾਨੇ ਨਾਇਕ ਕੌਣ ਹੈ? ਮਾਲਿਕ ਕੌਣ ਹੈ, ਹਮ ਤੋਂ ਯੇ ਜਾਨਤੇ ਹੈਂ ਕਿ ਹਮ ਕੌਣ ਹੈਂ! ਹਮੇਂ ਦੇਖੋ।

ਸ੍ਰੀ ਸਤਿਗੁਰੂ ਜੀ: ਸਹੀ ਬਾਤ ਹੈ।

ਉਸਤਾਦ ਵਿਲਾਇਤ ਖਾਂ ਸਾਹਿਬ– ਹਾਂ ਹਜ਼ੂਰ ਕਿਆ ਕਹਾ ਜਾਏ। ਹਮਾਰੇ ਦੇਖਤੇ ਦੇਖਤੇ ਹੀ ਕਿਤਨਾ ਵਕਤ ਬਾਦਲ ਗਿਆ। ਆਜ ਤਾਜੁਕ ਹੋਤਾ ਹੈ ਜੋ ਭਗਤੀ, ਇਕ ਅਮੈਰੀਕਨ ਲੜਕੇ ਲੜਕੀਓਂ ਮੇਂ ਦੇਖ ਰਹਾ ਹੂੰ। ਵੋ ਹਮਾਰੇ ਔਰ ਵਹਾਂ ਸੇ ਚਲੀ ਗਈ ਹੈ। ਮੈਂ ਅਪਨੇ ਅਮੈਰੀਕਨ ਸ਼ਗਿਰਦੋਂ ਕੋ ਕਹਤਾ ਹੂੰ ਕਿ ਤੁਮਨੇ ਮੁਝ ਕੋ ਤੋ ਦੇਖਾ ਹੈ ਮੇਰੇ ਪੀਰ, ਗੁਰੂਓਂ ਕੋ ਭੀ ਦੇਖੋ। ਕੈਸੇ ਲੋਗ ਹੈਂ ਕਿਆ ਹੈਂ ਯੇ। ਮੇਰੇ ਕੋ ਕਹਿਤੇ ਹੈ ਤੁਮਾਰੇ ਇਤਨੇ ਸ਼ਗਿਰਦ ਹੈ ਆਪ ਸਕੂਲ ਕਾਲਜ ਖੋਲੋ। ਮੈਂ ਨੇ ਕਹਾ ਸਕੂਲ ਕਾਲਜ ਖੋਲੇਂਗੇ ਤੋਂ ਮੇਰੇ ਬਾਬਾ ਕੇ ਵਕਤੋ ਸੇ, ਗੁਰੂਓਂ ਕੇ, ਪੀਰੋਂ ਕੇ, ਬਜ਼ੁਰਗੋਂ ਕੇ, ਵਕਤੋਂ ਸੇ ਯੇ ਚੀਜ ਚਲੀ ਆ ਰਹੀ ਹੈ ਗੁਰੂ ਸ਼ਿੱਸ ਪਰੰਪਰਾ ਵੋ ਟੂਟ ਜਾਏਗੀ। ਮੈਂ ਯਹਾਂ ਖੁਲਕੇ ਬੋਲਤਾ ਹੂੰ, ਮੈਂ ਤੁਮਾਰੇ ਸੰਗੀਤ ਕੋ ਰਿਜੈਕਟ ਨਹੀਂ ਕਰਤਾ। ਤੁਮਾਰੇ ਯਹਾਂ ਭੀ ਇਤਨੇ ਬੜੇ-ਬੜੇ ਕੰਪੋਜਰ ਪੈਦਾ ਹੂਏ ਹੈਂ। ਹਮ ਤੋਂ ਯੇ ਕਹਿਤੇ ਹੈਂ ਇਨ ਦੋਨੋਂ (ਭਾਰਤੀ ਸ਼ਾਸਤਰੀ ਸੰਗੀਤ ਔਰ ਅਮੈਰੀਕਨ ਸੰਗੀਤ) ਪਿਲਾਕੇ ਖਰਾਬ ਮਤ ਕਰੋ ਯੇ ਸੰਗੀਤ ਅਥਾਹ ਸਮੁੰਦਰ ਹੈ। ਸਮੁੰਦਰ ਕਾ ਭੀ ਤੋ ਨਾਮ ਅਲਗ-ਅਲਗ ਹੋਤਾ ਹੈ। ਹਜੂਰ ਮੈਂ ਚਾਹਤਾ ਹੂੰ ਜਬ ਆਪਕੇ ਭੀ ਦੀਦਾਰ ਯੇ ਲੋਗ ਕਰ ਲੈਂਗੇ, ਮੈ ਇਨਕੋ VDO ਦਿਖਾਊਂਗਾ ਇਨ ਸ਼ਗਿਰਦੋਂ ਕੋ, ਕਿ ਤੁਮ ਦੇਖੋ ਹਮ ਲੋਗੋ ਕੇ ਰਿਸ਼ਤੇ ਕਿਆ ਹੈ। ਹਮ ਲੋਗੋ ਕੇ ਤਰੀਕੇ ਕਿਆ ਹੈ। ਯੇ ਸੀਖੇ ਸਮਝੇ।

ਸ੍ਰੀ ਸਤਿਗੁਰੂ ਜੀ: ਖਾਂ ਸਾਹਿਬ ਜੋ ਆਪ ਨੇ ਬਤਾਇਆ ਹੈ ਨਾਂ ਵੋ ਗੁਰੂ ਔਰ ਸ਼ਿਸ਼ ਕਾ ਰਿਸ਼ਤਾ ਬਹੁਤ ਊਚੀ ਬਾਤ ਹੈ। ਹਮਾਰੇ ਭੈਣੀ ਸਾਹਿਬ ਕੇ ਨਿਜ਼ਦੀਕ ਰਾਮ ਪੁਰ ਗਾਊਂ ਹੈ ਸਭ ਸੇ ਪਹਿਲੇ ਉਨਸੇ, ਸਤਿਗੁਰੂ ਪ੍ਰਾਤਪ ਸਿੰਘ ਜੀ ਨੇ ਹਮੇ ਸ਼ੁਰੂ ਕਰਵਾਇਆ, ਰਹੀਮ ਬਖਸ਼ ਉਨਕਾ ਨਾਮ ਥਾਂ। ਉਨਹੋ ਨੇ ਹਮੇ ਸਿਖਾਣਾ ਸ਼ੁਰੂ ਕਿਆ ਕੁਛ ਸਮਯ ਨਿਕਲਾ ਦੋ, ਚਾਰ, ਦਸ ਬੰਦੀਸ਼ੇ ਸਿਖਾਈ, ਫਿਰ ਸ੍ਰੀ ਸਤਿਗੁਰੂ ਜੀ ਨੇ ਸੁਣਾ ਸਿਖਾਤੇ ਹੂਏ। ਸਤਿਗੁਰੂ ਜੀ ਸੁਣਕਰ ਕਹਿਣੇ ਲਗੇ ਅਬ ਆਪ ਰਹਿਣੇ ਦੋ ਆਪ ਕਾ ਸਿਖਾਨੇ ਕੋ ਜੀਅ ਨਹੀਂ ਚਾਹਤਾ। ਤੋ ਇਤਫਾਕ ਸੇ ਐਸਾ ਹੁਆ ਕਿ ਉਨਕੇ ਪਿਤਾ ਜੀ ਕੋ ਡਾਈਰੀਆ ਡਾਈਸੈਂਟਰੀ ਹੋ ਗਿਆ ਕਿਸੇ ਡਾਕਟਰ ਸੇ ਅਰਾਮ ਨਹੀਂ ਆ ਰਹਾ ਥਾਂ। ਤੋ ਸਤਿਗੁਰੂ ਜੀ ਉਨਕੋ ਆਪਨੇ ਪਾਸ ਭੈਣੀ ਸਾਹਿਬ ਮੇਂ ਲੇ ਆਏ। ਉਨਕਾ ਇਲਾਜ ਕਿਆ ਤੋ ਵੋ ਠੀਕ ਹੋ ਗਏ। ਤੋ ਮੈਂ ਕਹਿ ਰਹਾ ਥਾ ਕਿ ਇਨਕਾ ਉਨਕਾ ਕਿਆ ਫਰਕ ਹੈ। ਜੋ ਨਹੀਂ ਹੋਤਾ ਬਤਾ ਰਹਾ ਹੂੰ। ਫਿਰ ਉਨੋ ਨੇ ਹਮੇ ਸਿਖਾਣਾ ਸ਼ੁਰੂ ਕੀਆ। ਮੈਂ ਅਗਰ ਭੂਲਤਾ ਨਹੀਂ ਹੂੰ ਤੋ ਦੋ-ਢਾਈ ਸੋ ਧਰੁਪਦ ਸਿਖਾਇਆ ਉਨੋਂ ਨੇ। ਔਰ ਫਿਰ ਉਨਕੇ ਪੋਤੇ ਜੋ ਥੇ, ਉਨਕੋ ਸੁਣਾ ਸਤਿਗੁਰੂ ਜੀ ਨੇ, ਤੋ ਕਹਾ ਆਪ ਕੇ ਪੋਤੇ ਅੱਛੀ ਤਰ੍ਹਾਂ

along with, in turns on the right, to offer medical help to any person in need of it. On the right, I witnessed pink tents of World Cancer Care, who are contributing to disease control in Punjab by awareness and medical help. The hospital and the medical camps being organized by *Sangat* and general public are also a tribute to the teachings of *Satguru Nanak*. In the visit to *Sultanpur Lodhi*, many people of old age, blessed for a long time of their lives by *Satguru Jagjit Singh Ji*, had participated. They have set an example for others, especially the young generation. As I came to know a little later, some people of old age had been practicing walking long distances since the time they came to know of the plan of *Sultanpur Lodhi* visit, in order to prepare themselves for the travel. They had turned in large numbers, putting their best efforts. Their enthusiasm, conviction and love is worth all appreciation. Meanwhile, the *Sangat* entered the town. People had gathered outside their shops, on their rooftops and on the road-side pavements on either side to cherish the unique visit. Many greeted the *Sangat* with folded hands, while some captured the events for a permanent record. The conduct of the general public was very encouraging. In my understanding, they appreciated the visit due to its discipline and order that ensured comfort for others, and to the fact that such visits are rare these days. The by-standers and watchers appeared to be imbibed in the blessings of *Satguru Nanak*, which the sea of purity, high character and selflessness in the form of white-clad *Sangat*, was disseminating everywhere.

This extraordinary discipline, unknown in today's times, reminded me of the visit of *Amritsar* led by *Satguru Ram Singh Ji* in 1867 on the occasion of Deewali, that we come to know from historical sources. In the fair that was held there, a humongous number of people arrived to have a glimpse of *Satguru Ram Singh Ji*. The imperial British Government, earlier very reluctant to allow *Satguru Ji* any access to common people, agreed only with a view that in case of any mis-event, entire blame would be put to *Satguru Ram Singh Ji* and it would be used as an excuse to place further restrictions on him. At the end of the fair, however, the Britishers were all in praise for the conduct of *Sangat*. The official reporting the event described, 'I have never seen a more orderly and obedient crowd or less crime than during this fair'.

The *Sultanpur Lodhi* visit has been a wonderful and ever-lasting experience for me. I was very inspired to see real-time solutions being devised, that too, while on-the-go. I had no contribution whatsoever to make during the visit, but the sight of *Sangat*, its feelings for *Satguru Nanak*; its concern for others; and its willingness to accept the 'orders' of any person who is not known personally to them, but is a part of *Sangat*;lack of dominating tendencies; respect for the rights of others, are the features that render it so much importance. These self-conscious qualities, if up-scaled and adopted by a large number of people, have the potential of problem-solving by itself. To me, the conduct of *Sangat* provided a glimpse of how the *Sangat*s would have behaved during the times of earlier *Satgurus*, in the initial period of eighteenth century and in the late nineteenth century when *Satguru Ram Singh Ji* finally re-instated the fundamentals of Sikhism in a then thoroughly lost Punjab.

Traversing the distance, remembering *Satguru Nanak*, the *Sangat* reached *Gurudwara Ber Sahib*. The tree, planted by *Satguru Ji*, centuries ago, which is still inspiring people today, was a scene of delight to watch. After paying their obeisance, the *Sangat* returned back. *Satguru Uday Singh Ji* blessed the *Sangat* till late in the afternoon. This visit will remain in memories forever. I was fortunate the witness the high ideals of the *Sangat* once earlier also, during cleaning of key areas in Ludhiana. The humble services offered at that time and the discipline shown during the above visit, are one of the best examples of selfless conduct that can be given in the present times.

ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਦੋ ਰੋਜ਼ਾ-ਸ਼ਤਾਬਦੀ ਸਮਾਗਮ

9-10 ਨਵੰਬਰ ਸ੍ਰੀ ਭੈਣੀ ਸਾਹਿਬ:-ਜਗਤ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦਾ ਸ਼ਤਾਬਦੀ ਵਰ੍ਹਾ ਵਿਸ਼ਵ ਭਰ ਵਿੱਚ ਬੜੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ। ਇਸੇ ਸੰਦਰਭ ਵਿੱਚ ਇੱਕ ਨਵੰਬਰ ਨੂੰ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਨਾਮਧਾਰੀ ਸੰਤ ਖਾਲਸਾ ਵੱਲੋਂ ਸੁਲਤਾਨਪੁਰ ਲੋਧੀ ਦੇ ਦਰਸ਼ਨਾ ਲਈ ਪੈਦਲ ਗੁਰਧਾਮ ਯਾਤਰਾ ਕੀਤੀ ਗਈ। ਉਸ ਤੋਂ ਬਾਅਦ 5 ਅਤੇ 12 ਨਵੰਬਰ ਦੇ ਸਮਾਗਮਾਂ ਵਿੱਚ ਵੀ ਨਾਮਧਾਰੀ ਸੰਗਤ ਹੁੰਮ-ਹੁਮਾ ਕੇ ਪੁੱਜੀ। 9-10 ਨਵੰਬਰ ਸ੍ਰੀ ਭੈਣੀ ਸਾਹਿਬ ਵਿਖੇ ਵੱਡੇ ਪੱਧਰ ਤੇ ਦੋ-ਦਿਨਾਂ ਸ਼ਤਾਬਦੀ ਮੇਲਾ ਆਯੋਜਿਤ ਕੀਤਾ ਗਿਆ। ਜਿਸ ਵਿੱਚ ਪਹਿਲੇ ਦਿਨ ਪ੍ਰਮੁੱਖ ਵਿਦਵਾਨਾਂ ਨੇ ਅਤੇ ਦੂਸਰੇ ਦਿਨ ਸਾਧੂ ਸੰਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਵਿਚਾਰ ਪੇਸ਼ ਕੀਤੇ। ਹਜ਼ੂਰੀ ਰਾਗੀ ਸਿੰਘਾਂ ਨੇ ਗੁਰੂ ਸਾਹਿਬ ਦੀ ਉਸਤਤ ਵਿਚ ਭਾਈ ਗੁਰਦਾਸ ਜੀ ਦੀ ਬਾਣੀ ਦਾ ਅਤੇ ਗੁਰੂ ਨਾਨਕ ਬਾਣੀ ਦਾ ਕੀਰਤਨ ਕੀਤਾ।

9 ਨਵੰਬਰ ਨੂੰ ਪ੍ਰਤਾਪ ਮੰਦਰ ਵਿੱਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਦੁਪਿਹਰੇ 12 ਤੋਂ 1 ਨਾਮ ਸਿਮਰਨ ਉਪਰੰਤ ਪੌਣੇ ਇੱਕ ਵਜੇ ਤੱਕ ਇਲਾਹੀ ਬਾਣੀ ਦਾ ਕੀਰਤਨ ਹੋਇਆ। ਸਰਦਾਰ ਸੁਵਰਨ ਸਿੰਘ ਵਿਰਕ ਨੇ ਮੰਚ ਸੰਭਾਲਿਆ। ਆਪ ਨੇ ਸੰਖੇਪ ਵਿੱਚ ਗੁਰੂ ਸਾਹਿਬ ਦੇ ਜੀਵਨ, ਸਾਂਝੀ-ਵਾਲਤਾ ਦੇ ਸੰਦੇਸ਼ ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਬਾਰੇ ਵਿਚਾਰ ਸਾਂਝੇ ਕੀਤੇ। ਉਪਰੰਤ ਆਏ ਪਤਵੰਤੇ ਬੁੱਧੀ-ਜੀਵੀਆਂ ਨੂੰ ਪੇਸ਼ ਕੀਤਾ। ਸਭ ਤੋਂ ਪਹਿਲੋਂ ਸੈਂਟਰਲ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁੱਖੀ ਡਾ.ਕੁਲਦੀਪ ਸਿੰਘ ਨੂੰ ਪੇਸ਼ ਕੀਤਾ-

ਡਾ. ਕੁਲਦੀਪ ਸਿੰਘ- ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਜਦੋਂ ਸੁਲਤਾਪੁਰ ਲੋਧੀ ਜਾਂਦੇ ਹਨ ਤਾਂ ਉਹ ਦੇਖਦੇ ਹਨ ਕਿ ਜਿਹੜੇ ਸਰਕਾਰੀ ਅਧਿਕਾਰੀ ਆਮ ਲੋਕਾਂ ਨਾਲ ਕਿਵੇਂ ਵਰਤਦੇ ਹਨ? ਕਿਵੇਂ ਦਾ ਵਿਵਹਾਰ ਕਰਦੇ ਹਨ। ਉਹਨਾਂ ਨੂੰ ਉਥੇ ਇਹ ਸਭ ਬੜਾ ਨੇੜਿਓਂ ਹੋ ਕੇ ਦੇਖਣ ਦਾ ਮੌਕਾ ਮਿਲਦਾ ਹੈ। ਜੋ ਉਹਨਾਂ ਦਾ ਤਜਰਬਾ ਹੈ ਉਹ ਸੁਲਤਾਨ ਲੋਧੀ ਤੋਂ ਹੀ ਹਾਸਿਲ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਪਹਿਲੇ ਰਹਿਬਰ ਹਨ ਜੋ ਮਨੁੱਖਤਾ ਨੂੰ ਏਕਤਾ ਦਾ ਪੈਗਾਮ ਦੇਣ ਲਈ ਸੰਸਾਰ ਤੇ ਆਏ ਸਨ। ਗੁਰੂ ਜੀ ਪੂਰਬ ਵੱਲ ਗਏ, ਪਹਾੜਾ ਵਿਚ ਗਏ ਅਤੇ ਮੁਸਲਿਮ ਦੇਸ਼ਾਂ ਵਿਚ ਗਏ। ਉਹ ਜਿੱਥੇ ਜਿੱਥੇ ਵੀ ਜਿਸ ਤਰ੍ਹਾਂ ਉਹ ਆਮ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਸਾਰੇ ਹੀ ਤਰੀਕੇ ਵਿਗਿਆਨਿਕ ਹਨ। ਇਸੇ ਕਰਕੇ ਜਿਹੜੀ ਗੁਰਬਾਣੀ ਹੈ ਉਹ ਇਕ ਸਾਇੰਸ ਹੈ। ਵੱਖ ਵੱਖ ਧਰਮਾਂ ਨਾਲ ਵਾਰਤਾਲਾਪ ਕੀਤੀ ਜੋ ਕਿ ਉਸ ਸਮੇਂ ਬਹੁਤ ਮੁਸ਼ਕਿਲ ਸੀ, ਜਿਸ ਦੀ ਬਹੁਤ ਲੋੜ ਵੀ ਸੀ। ਕਰਤਾਰਪੁਰ ਜਿੱਥੇ ਗੁਰੂ ਜੀ ਜਮੀਨ ਖਰੀਦ ਦੇ ਹਨ ਤੇ ਕਿਰਤ ਕਰਨਾ ਸਿਖਾਉਂਦੇ ਹਨ। ਅੱਜ ਜੋ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ ਗੁਰੂ ਸਾਹਿਬ ਜੀ ਬਹੁਤ ਸਮਾਂ ਪਹਿਲਾ ਹੀ ਕਹਿ ਗਏ ਸਨ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ।' ਜੇ ਆਪਾਂ ਅੱਛੀ ਜਿੰਦਗੀ ਜੀਊਣਾ ਚਾਹੁੰਦੇ ਹਾਂ ਤਾਂ ਸਾਨੂੰ ਵਾਤਾਵਰਨ ਦੇ ਪ੍ਰਤੀ ਸੁਚੇਤ ਹੋਣਾ ਪਵੇਗਾ। ਗੁਰੂ ਨਾਨਕ ਸਾਹਿਬ ਨਿਆਂ ਲਈ ਲੜੇ, ਉਹ ਭ੍ਰਿਸ਼ਟਾਚਾਰ ਦੇ ਖਿਲਾਫ ਲੜੇ। ਉਹਨਾਂ ਨਿਡਰ ਹੋ ਕੇ ਬਾਬਰ ਵਰਗਿਆ ਨੂੰ ਲਲਕਾਰਿਆ।

ਪੰਜਾਬੀ ਦੇ ਨਿਵੇਕਲੇ ਕਵੀ, ਸ੍ਰੀ ਸ਼ਿਵ ਰਾਜ- ਨੇ ਗੁਰੂ ਨਾਨਕ ਦੇਵ ਜੀ ਦੀ ਸਿਫਤ ਵਿਚ ਇਕ ਕਵਿਤਾ ਤਰੰਨਮ ਵਿੱਚ ਗਾ ਕੇ ਪੇਸ਼ ਕੀਤੀ ਅਤੇ ਸਤਿਗੁਰੂ ਜੀ ਨੂੰ ਆਪਣੀਆਂ ਪੁਸਤਕਾਂ ਭੇਟ ਕੀਤੀਆਂ।

ਗੁਰੂ ਨਾਨਕ ਦੇਵ ਜੀ ਬਾਰੇ ਉਰਦੂ ਜ਼ੁਬਾਨ ਵਿੱਚ ਕੀਤੀ ਸਮੁੱਚੀ ਸ਼ਾਇਰੀ ਤੇ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਤੋਂ ਪੀ.ਐਚ.ਡੀ. ਦੀ ਡਿਗਰੀ ਹਾਸਲ ਕਰਨ ਵਾਲੇ **ਸ੍ਰੀ ਹਸਨ ਅਬਾਸ-** ਦੇ ਵਖਿਆਣ ਦਾ ਸੰਖੇਪ ਸਾਰ: 'ਜਬ ਭੀ ਕਿਸੀ ਕੌਮ ਮੇ ਜਹਾਲਤ, ਗੁਮਰਾਹੀ ਔਰ ਤਾਰੀਕੀ ਗਲਬਾ ਪਾ ਲੇਤੀ ਹੈ ਤੋ ਖੁਦਾ ਉਸ ਕੌਮ ਕੀ ਤਰਫ ਆਪਣੇ ਐਸੇ ਕਿਸੀ ਨੁਮਾਂਇਦੇ, ਰਹਿਬਰ ਜਾਂ ਗੁਰੂ ਕੋ ਭੇਜ ਦੇਤਾ ਹੈ। ਜੋ ਉਨੇ ਇਸ ਜਹਾਲਤ ਔਰ ਗੁਮਰਾਹੀ ਕੇ ਗੜੇ ਸੇ ਨਿਕਾਲ ਕਰ ਰੌਸ਼ਨੀ ਕੀ ਤਰਫ ਲਾਤਾ ਹੈ। ਗੁਰੂ ਨਾਨਕ ਸਾਹਿਬ ਜਿਸ ਜ਼ਮਾਨੇ ਮੇਂ ਪੈਦਾ ਹੂਏ, ਵੋ ਅਹਿਦ ਫਿਕਰੀ ਇਤਸ਼ਾਰ ਬੇਚੈਨੀਓ ਕਾ ਦੌਰ ਥਾ। ਅਪਨੀ ਦੁਨੀਆ ਮੇਂ ਇਨਸਾਨੀ ਵਹਿਦਤ ਕੋ ਸਲਾਮਿਤ ਰਖਣੇ ਕੇ ਲੀਏ ਖੁਦਾ ਨੇ ਬਾਬਾ ਨਾਨਕ ਕੋ ਮਾਮੂਰ ਕੀਆ। ਗੁਰੂ ਜੀ ਨੇ ਸੋਏ ਹੂਏ ਸਮਾਜ ਕੋ ਆਪਣੇ ਹੁਸਨੇ-ਏ-ਕਿਰਦਾਰ, ਤਦਾਬੀਰ ਔਰ ਨੂਰ-ਏ-ਮਾਰਫਤ ਸੇ ਬੇਦਾਰ ਕੀਆ। ਗੁਰੂ ਨਾਨਕ ਸਾਹਿਬ

Sri Satguru Jagjit Singh Ji Elibrary NamdhariElibrary@gmail.com

ਜਹਾਂ ਏਕ ਤਰਫ ਅਵਾਮੀ ਸ਼ਖਸ਼ੀਅਤ ਕੇ ਮਾਲਿਕ ਥੇ ਔਰ ਏਕ ਅਜ਼ੀਮ ਰੂਹਾਨੀ ਪੇਸ਼ਵਾ ਥੇ ਵਹਾ ਵੋ ਅਪਨੇ ਵਖਤ ਕੇ ਬਹੁਤ ਬੜੇ ਸ਼ਾਇਰ ਭੀ ਥੇ।

ਡਾ. ਸੁਰਜੀਤ ਸਿੰਘ ਭੱਟੀ–

ਸਾਹਿਬ ਨੇ ਕਿਹਾ ਕਿ ਮੈਂ ਤੁਹਾਡੇ ਤੋਂ ਇਸ ਗੱਲ ਦੀ ਮੁਆਫੀ ਚਾਹੁੰਦਾ ਹਾਂ ਕਿ ਸਤਿਗੁਰੂ ਨਾਨਕ ਦੇਵ ਜੀ ਬਾਰੇ ਤੇ ਬਹੁਤ ਕੁਝ ਕਿਹਾ ਗਿਆ ਤੇ ਬਹੁਤ ਕੁਝ ਕਹਿਣਾ ਹੈ। ਮੈਂ ਸਤਿਗੁਰੂ ਦੇ ਉਸ ਪਿਆਰੇ ਬਾਰੇ ਗੱਲ ਕਰਨ ਲੱਗਾ ਜਿਹਦਾ ਜ਼ਿਕਰ ਸਤਿਗੁਰੂ ਦੀ ਏਡੀ ਸ਼ਾਨ ਵਿਚ ਥੋੜਾ ਜਿਹਾ ਧੁੰਧਲਾ ਪੈਂਦਾ ਜਾਂਦਾ ਹੈ। ਮੈਂ ਭਾਈ ਮਰਦਾਨੇ ਬਾਰੇ ਗੱਲ ਕਰਨਾ ਚਾਹੁੰਦਾ ਹਾਂ, ਔਰ ਭਾਈ ਮਰਦਾਨੇ ਦੀ ਗੱਲ ਗੁਰੂ ਨਾਨਕ ਸਾਹਿਬ ਤੋਂ ਬਿਨਾਂ ਨਹੀਂ ਹੋ ਸਕਦੀ। ਗੁਰੂ ਸਾਹਿਬ ਦੇ ਪਿਤਾ ਨੂੰ, ਗੁਰੂ ਸਾਹਿਬ ਦੀ ਮਾਤਾ ਨੂੰ, ਗੁਰੂ ਸਾਹਿਬ ਦੀ ਭੈਣ ਨੂੰ, ਰਾਏ ਬੁਲਾਰ ਨੂੰ ਜਿਹੜਿਆਂ ਨੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਰੱਬੀ ਰੂਪ ਨੂੰ ਪਛਾਣਿਆ, ਉਹਨਾਂ ਨੂੰ ਇਹ ਮਾਣ ਪ੍ਰਾਪਤ ਨਹੀਂ ਹੋਇਆ ਕਿ ਗੁਰੂ ਸਾਹਿਬ ਵੱਲੋਂ ਉਚਾਰਿਆ ਹੋਇਆ ਬਾਣੀ ਦਾ ਪਹਿਲਾ ਬੋਲ ਉਹ ਸੁਣ ਸੱਕਦੇ। ਇਹ ਮਾਣ ਸਤਿਗੁਰਾਂ ਨੇ ਆਪਣੇ ਜੀਵਨ ਸਾਥੀ, ਜਿਨ੍ਹਾਂ ਨੂੰ ਭਾਈ ਦਾ ਰੁਤਬਾ ਦਿੱਤਾ, ਭਾਈ ਮਰਦਾਨੇ ਨੂੰ ਨਸੀਬ ਹੋਇਆ। ਹਿੰਦੁਸਤਾਨ ਦੇ ਖੁਸ਼ਕ ਗਿਆਨਾ ਦੇ ਸਿਧਾਂਤ ਵਿੱਚ ਗੁਰੂ ਨਾਨਕ ਸਾਹਿਬ ਨੇ ਸਭ ਤੋਂ ਪਹਿਲਾ ਜਿਹੜੀ ਮਿਠਾਸ ਘੋਲੀ ਉਹ ਸੰਗੀਤ ਦੀ ਮਿਠਾਸ ਸੀ, ਉਹ ਕੀਰਤਨ ਦੀ ਮਿਠਾਸ ਸੀ। ਓਸ਼ੋ ਕਹਿੰਦਾ ਹੈ ਗੁਰੂ ਨਾਨਕ ਨੇ ਆਪਣਾ ਘਰ ਨਹੀਂ ਤਿਆਗਿਆ। ਉਹਨੇ ਆਪਣੇ ਘਰ ਨੂੰ ਵੱਡਾ ਕਰ ਲਿਆ, ਸਾਰੀ ਦੁਨੀਆਂ ਨੂੰ ਆਪਣਾ ਘਰ ਬਣਾ ਲਿਆ। ਬਹੁਤ ਵਾਰ ਜ਼ਿਕਰ ਆਉਂਦਾ ਹੈ ਜਨਮ ਸਾਖੀਆਂ ਵਿਚ ਕਿ ਭਾਈ ਮਰਦਾਨਾ ਕਹਿੰਦਾ ਹੈ, ਮੈਨੂੰ ਭੁੱਖ ਬਹੁਤ ਲੱਗੀ ਹੈ ਇਹਦਾ ਇਹ ਮਤਲਬ ਨਹੀਂ ਕਿ ਉਹ ਭੁੱਖੜ ਸੀ। ਇਹ ਗੁਰੂ ਨਾਨਕ ਸਾਹਿਬ ਦੀ ਜੁਕਤ ਸੀ, ਉਸ ਭੁੱਖ ਦੇ ਬਹਾਨੇ ਭਾਈ ਜੀ ਸ਼ਹਿਰ ਭੇਜਦੇ ਸੀ, ਠੱਗਾਂ ਕੋਲੇ ਭੇਜਦੇ ਸੀ। ਭੇਜਣ ਤੋਂ ਬਾਅਦ ਜਿਹੜਾ ਸਾਰਾ ਸੋਧਣ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਗੁਰੂ ਦੀ ਬਾਣੀ ਨੂੰ, ਗੁਰੂ ਦੇ ਸੰਦੇਸ਼ ਨੂੰ, ਘਰ ਘਰ ਤੱਕ ਲੈ ਕੇ ਜਾਣ ਦਾ। ਉਸ ਰੱਬੀ ਰਬਾਬ ਦਾ, ਉਸ ਭਾਈ ਮਰਦਾਨੇ ਦਾ, ਇਤਿਹਾਸ ਵਿਚ ਵੱਡਾ ਯੋਗਦਾਨ ਹੈ। ਜਿੰਨੇ ਬੰਦੇ ਸਵਾਲ ਕਰਨ ਆਉਂਦੇ ਹਨ, ਜਿੰਨੇ ਬੰਦੇ ਨਿੰਦਿਆ ਕਰਨ ਆਉਂਦੇ ਹਨ ਸਭ ਨਾਲ ਪਿਆਰ ਨਾਲ ਸੰਵਾਦ ਰਚਾਉਂਦੇ, ਗੁੱਸੇ ਤਾਂ ਹੁੰਦੇ ਹੀ ਨਹੀਂ ਕਿਸੇ ਨਾਲ। ਉਹਨਾਂ ਦੀ ਬਾਣੀ ਵਿਚ ਆਉਂਦਾ 'ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ'। ਜਿਹੜਾ ਗੁਰੂ, ਜਿਹੜਾ ਪੈਗੰਬਰ ਇੰਜ ਫਿੱਕੇ ਬੋਲ ਦੀ ਆਗਿਆ ਨਹੀਂ ਦਿੰਦਾ। ਅੱਜ ਬੜਾ ਅਫ਼ਸੋਸ ਹੈ ਕਿ ਉਹਦੇ ਪੈਰੋਕਾਰ ਜਿਸ ਮੰਦੀ ਭਾਸ਼ਾ 'ਚ ਇਕ ਦੂਜੇ ਦੀਆਂ ਪੱਗਾਂ ਲਾਹੁਣ ਲੱਗੇ ਹੋਏ ਹਨ, ਇਉਂ ਲੱਗਦਾ ਹੈ ਕਿ ਅਸੀਂ ਗੁਰੂ ਨਾਨਕ ਦੇ ਕੁਝ ਨਹੀਂ ਲੱਗਦੇ। ਜਿਹੜਾ ਬੰਦਾ ਆਪਣੀ ਸਾਰੀ ਉਮਰ ਬਾਲ ਬੱਚੇ ਛੱਡ ਕੇ, ਧੀ ਪੁੱਤ ਛੱਡ ਕੇ ਬਾਬੇ ਨਾਨਕ ਨਾਲ ਆਪਣੀ ਉਮਰ ਲੇਖੇ ਲਾ ਦਿੰਦਾ ਉਹ ਰੱਬ ਦੇ ਰੂਪ ਤੋਂ ਘੱਟ ਨਹੀਂ ਸੀ। ਇਹੀ ਕਾਰਨ ਹੈ ਕਿ ਉਹਦਾ ਇਕ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਕੇ, ਜਿਹੜੀ ਗੁਰੂ ਗੋਬਿੰਦ ਸਾਹਿਬ ਨੇ ਰੀਤ ਚਲਾਈ ਸੀ 'ਆਪੇ ਗੁਰ ਚੇਲਾ' ਦੀ। ਉਸਨੂੰ ਗੁਰੂ ਨੇ ਆਪਣਾ ਰੂਪ ਹੀ ਦੇ ਦਿੱਤਾ। ਭਾਈ ਮਰਦਾਨਾ ਜੀ ਬਾਬੇ ਨਾਨਕ ਨੂੰ ਕਹਿੰਦਾ ਹੈ ਕਿ ਤੁਸੀਂ ਤਾਂ ਰੱਬ ਦੇ ਨੇੜੇ ਹੋ, ਤੁਸੀਂ ਤਾਂ ਰੱਬ ਦਾ ਸਿਮਰਨ ਕਰਦੇ ਹੋ, ਤੁਸੀਂ ਤਾਂ ਰੱਬ ਨੂੰ ਦੇਖਿਆ ਹੈ, ਮੈਂ ਉਹ ਹਾਂ ਜਿੰਨ੍ਹੇ ਤੁਹਾਨੂੰ ਵੇਖਿਆ, ਤੁਹਾਨੂੰ ਪਾਇਆ। ਮਰਦਾਨਾ ਨਮਾਜ ਪੜਦਾ ਰਿਹਾ, ਆਪਣੇ ਧਰਮ 'ਚ ਪੂਰਾ ਰਿਹਾ। ਬਾਬਾ ਉਹਨੂੰ ਮੱਕੇ ਮਦੀਨੇ ਲੈ ਕੇ ਗਿਆ। ਉਹ ਬਾਬਾ ਨਾਨਕ ਜੋ ਸਾਰੀ ਦੁਨੀਆਂ ਲਈ ਪੁੱਲ ਬਣਿਆ, ਜਿਹਨੇ ਪਹਿਲੀ ਅਵਾਜ਼ ਗਰੀਬ ਮਰਦਾਨੇ ਨੂੰ ਮਾਰੀ, ਜਿਹਨੇ ਪਹਿਲਾ ਸਤਿਸੰਗ ਭਾਈ ਲਾਲੋ ਦੇ ਘਰ ਕੀਤਾ, ਜਿਹਨੇ ਪਹਿਲੀ ਵੰਗਾਰ ਬਾਬਰ ਨੂੰ ਪਾਈ ਤੇ ਜਿਸ ਨੇ ਕਿਸੇ ਨਾਲ ਕੋਈ ਲਿਹਾਜ ਨਹੀਂ ਕੀਤਾ ਤੇ ਸੱਚ ਤੇ ਪਹਿਰਾ ਦਿੱਤਾ। ਓਸ ਸਤਿਗੁਰੂ ਨੂੰ ਸਿਰ ਝੁਕਾਉਣ, ਉਸ ਸਤਿਗੁਰੂ ਦੀ ਮੇਹਰ ਤੇ ਅਸੀਸ ਲਈ ਨਾਮਧਾਰੀ ਸੰਗਤ ਨੇ ਸਤਿਗੁਰਾਂ ਦੀ ਰਹਿਨੁਮਾਈ ਵਿਚ ਜਿਹੜਾ ਇਹ ਬਹੁਤ ਵੱਡਾ ਇਕ ਸਮਾਗਮ ਕੀਤਾ ਹੈ, ਇਹਦੀ ਬਹੁਤ ਬਹੁਤ ਵਧਾਈ।

ਅਗਰ ਤੇਰੀ ਬਾਤ ਸਭ ਕੋ ਭਾਈ ਨਾ ਹੋਤੀ,
ਤੇਰੀ ਲਾਸ਼ ਪੇ ਹਾਥੋ ਪਾਈ ਨਾ ਹੋਤੀ।

ਜਿਨ੍ਹਾਂ ਦਾ ਜਨਮ ਸਾਖੀਆਂ ਤੇ ਵਿਸ਼ੇਸ਼ ਕਾਰਜ ਹੈ, ਅੱਜ ਕੱਲ ਸੈਂਟਰਲ ਯੂਨੀਵਰਸਿਟੀ ਬਠਿੰਡਾ ਵਿੱਚ ਗੁਰੂ ਗੋਬਿੰਦ ਸਿੰਘ ਚੇਅਰ ਦੇ ਮੁਖੀ **ਡਾ. ਹਰਪਾਲ ਸਿੰਘ ਪੰਨੂ ਜੀ** ਨੇ ਵਖਿਆਨ ਸ਼ੁਰੂ ਕਰਦੇ ਕਿਹਾ–

ਜਾਏਂਗਾ ਦੂਰ ਜਦੋਂ ਆਪਣੀਆਂ ਜੜ੍ਹਾਂ ਤੋਂ,
ਤਾਂ ਮਾਰੇਂਗਾ ਆਵਾਜ਼ ਆਪਣੀਆਂ ਜੜ੍ਹਾਂ ਨੂੰ,
ਤੇਰੀ ਅਵਾਜ਼ ਨੂੰ ਜੇ ਹੁੰਗਾਰਾ ਮਿਲੇਗਾ ਕਿਤੋਂ ਆਖਿਰ,
ਤਾਂ ਮਿਲੇਂਗਾ ਤੇਰੀਆਂ ਜੜ੍ਹਾਂ ਤੋਂ

ਆਪਣੀਆਂ ਜੜ੍ਹਾਂ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਚਰਨਾ 'ਚ ਲੱਗੀਆਂ ਨੇ ਇਸ ਕਰਕੇ ਮਜ਼ਬੂਤ

Sri Satguru Jagjit Singh Ji Elibrary NamdhariElibrary@gmail.com

ਰਹੀਆਂ, ਤੇ ਜੁਗੋ ਜੁਗ ਮਜ਼ਬੂਤ ਰਹਿਣਗੀਆਂ। ਗੁਰੂ ਸਾਹਿਬ ਦੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਤੇ 1969 ਵਿੱਚ ਜਿਸ ਸ਼ਖਸ ਦਾ ਲੇਖ 14 ਪੰਨਿਆਂ ਦਾ ਇਕ ਲੱਖ ਦੀ ਗਿਣਤੀ ਵਿਚ ਛਪਿਆ ਤੇ ਵੰਡਿਆ ਗਿਆ, ਉਸ ਦਾ ਨਾਮ ਸੀ ਬਲਵੰਤ ਗਾਰਗੀ। ਪੰਜਾਹ ਹਜ਼ਾਰ ਅੰਗਰੇਜ਼ੀ, ਪੰਜਾਹ ਹਜ਼ਾਰ ਪੰਜਾਬੀ। ਨਾ ਸਿੱਖੀ ਬਾਰੇ ਜਾਣਦਾ ਸੀ ਨਾ ਕਦੀ ਦਾਅਵਾ ਕੀਤਾ ਕਿ ਮੈਨੂੰ ਜਾਣਕਾਰੀ ਹੈ। ਸ਼ਿਵ ਕੁਮਾਰ ਬਟਾਲਵੀ ਆਪਣੇ ਦੋਸਤਾਂ ਨੂੰ ਦੱਸਦਾ ਕਿ ਮੇਰੇ ਮੇਜ ਤੇ ਜੇ ਖਾਲੀ ਕਾਗਜ ਪਿਆ ਹੋਵੇ ਤਾਂ ਮੈਨੂੰ ਡਰ ਲੱਗਣ ਗੱਲ ਜਾਂਦਾ, ਕਿ ਮੇਰੇ 'ਚ ਸਿਰਜਣਾ ਦੀ ਸ਼ਕਤੀ ਨਹੀਂ ਰਹੀ, ਹੁਣ ਮੈਂ ਗੀਤ ਨਹੀਂ ਲਿਖ ਸਕਦਾ। ਹੁਣ ਹਰ ਵਖ਼ਤ ਤਾਂ ਗੀਤ ਨਹੀਂ ਲਿਖੇ ਜਾ ਸਕਦੇ ਫਿਰ ਕਲਮ ਚੁੱਕ ਕੇ ਕਾਗ਼ਜ ਦੇ ਇਕ ਕੋਨੇ ਤੇ '੧ਓ' 'ਲਿਖ ਦੇਣਾ ਫਿਰ ਮੈਨੂੰ ਡਰ ਲੱਗਣੋਂ ਹੱਟ ਜਾਂਦਾ। ਕੀ ਬਾਬਾ ਜੀ ਸੁਲਤਾਪੁਰ ਦੇ ਮੋਦੀ ਖਾਨੇ ਵਿਚ 13 ਤੋਂ ਬਾਅਦ ਗਿਣਤੀ ਭੁੱਲ ਗਏ ਸੀ ਬਸ 13-13 ਹੀ ਕਰਦੇ ਰਹੇ ਸੀ। ਉਹ ਜਿਹੜਾ ਲੱਖ ਪਤਾਲ ਤੇ ਲੱਖ ਅਕਾਸ਼ ਦਾ ਮਾਲਕ ਸੀ ਉਹ ਗਿਣਤੀਆਂ ਚੋਂ ਨਿਕਲਣਾ ਚਾਹੁੰਦਾ ਸੀ। ਅੱਜ ਕੱਲ ਔਰਤਾਂ ਦੀ ਬਰਾਬਰੀ ਦੇ ਸੈਮੀਨਾਰ ਹੁੰਦੇ ਹਨ। ਗੁਰੂ ਨਾਨਕ ਦੇਵ ਜੀ, ਆਪਣੀ ਭੈਣ ਬੇਬੇ ਨਾਨਕੀ ਦਾ ਬਹੁਤ ਅਦਬ ਕਰਦੇ, ਆਖਦੇ ਤੁਸੀਂ ਵੱਡੇ ਹੋ, ਸਤਿਕਾਰ ਯੋਗ ਹੋ। ਪਰ ਔਰਤ ਬਰਾਬਰੀ ਕਿਉਂ ਮੰਗੇ, ਆਪਣੇ ਉੱਚੇ ਸੁੱਚੇ ਕਿਰਦਾਰ ਸਦਕਾ, ਮਰਦ ਤੋਂ ਵਧੇਰੇ ਉੱਚੀ, ਮਰਦ ਤੋਂ ਵਧੇਰੇ ਪਵਿੱਤਰ ਹੋਵੇ। ਮਰਦ ਤੋਂ ਉੱਚਾ ਦਰਜਾ ਕਿਉਂ ਨਾ ਕਾਇਮ ਕਰੇ।

ਕਿਸੇ ਸ਼ਰਧਾਲੂ ਨੇ ਅੱਖ ਬਚਾ ਕੇ ਭਾਈ ਮਰਦਾਨਾ ਜੀ ਦੀ ਜੇਬ ਵਿਚ ਅਸ਼ਰਫੀ ਪਾ ਦਿੱਤੀ। ਚਲੇ ਜਾ ਰਹੇ ਨੇ ਸ਼ਾਮ ਪਈ, ਜੰਗਲ ਦੇ ਕਿਨਾਰੇ ਸ਼ਾਮ ਕੱਟਣੀ ਸੀ। ਹਨੇਰਾ ਹੋਣ ਲੱਗਾ, ਮਰਦਾਨੇ ਕਿਹਾ ਬਾਬਾ ਡਰ ਲੱਗਦਾ ਹੈ, ਬਾਬੇ ਕਿਹਾ ਜਿਸ ਵਸਤੂ ਸਦਕਾ ਡਰ ਲੱਗਦਾ ਹੋਵੇ ਸੋ ਸੁੱਟ ਦਈ ਦੀ ਏ। ਕੁੱਛ ਨਹੀਂ ਪੁੱਛਿਆ, ਕਿਉਂ ਡਰ ਲੱਗਦਾ? ਕਿਸ ਤੋਂ ਡਰ ਲੱਗਦਾ ਹੈ? ਜਦੋਂ ਤੱਕ ਭਾਈ ਮਰਦਾਨਾ ਜੀ ਤਿਆਰ ਨਹੀਂ ਹੋਏ ਮਹਾਰਾਜ ਉਦਾਸੀਆਂ ਤੇ ਜਾਣ ਲਈ ਤਿਆਰ ਨਹੀਂ ਹੋਏ। ਜਦੋਂ ਭਾਈ ਮਰਦਾਨਾ ਜੀ ਸੰਸਾਰ ਤੋਂ ਵਿਦਾ ਹੋ ਗਏ, ਉਦਾਸੀਆਂ ਸਮਾਪਤ। ਜਨਮ ਸਾਖੀਆਂ ਦਾ ਤ੍ਰਿਸਕਾਰ, ਨਿਰਾਦਰ, ਵਿਦਵਾਨਾਂ ਨੇ ਇਹ ਕਹਿ ਕੇ ਕੀਤਾ ਕਿ ਇਹਨਾਂ ਵਿਚ ਮਿੱਥਾਂ ਨੇ, ਚਮਤਕਾਰ ਨੇ। ਜਿਸ ਪਾਠਕ ਨੂੰ ਕਰਾਮਾਤ ਚੰਗੀ ਨਹੀਂ ਲੱਗਦੀ, ਉਹਨੂੰ ਕਵਿਤਾ ਵੀ ਚੰਗੀ ਨਹੀਂ ਲੱਗਣੀ ਚਾਹੀਦੀ। ਕਵਿਤਾ ਕਰਾਮਾਤਾਂ ਦਾ, ਚਮਤਕਾਰਾਂ ਦਾ ਪਹਿਲਾ ਡੰਡਾ ਹੈ। ਇੱਕ ਫੁੱਲ ਸੀ, ਜਿਹੜਾ ਧਰਤੀ ਤੇ ਰਹਿਣਾ ਚਾਹੁੰਦਾ ਸੀ ਪਰ ਡਰਦਾ ਸੀ ਮਨੁੱਖ ਉਜਾੜ ਨਾ ਦੇਵੇ। ਉਹਨੇ ਰੱਬ ਦੇ ਅੱਗੇ ਅਰਦਾਸ ਕੀਤੀ। ਰੱਬ ਨੇ ਉਹਦੀ ਅਰਦਾਸ ਮਨਜ਼ੂਰ ਕੀਤੀ ਉਸ ਫੁੱਲ ਨੂੰ ਦੋ ਨਿੱਕੇ-ਨਿੱਕੇ ਖੰਭ ਦੇ ਦਿੱਤੇ। ਜਿਹਨੂੰ ਤੁਸੀਂ ਅੱਜ ਤਿੱਤਲੀ ਆਖਦੇ ਹੋ ਉਹ ਟਾਹਣੀ ਤੇ ਲੱਗਿਆ ਹੋਇਆ ਫੁੱਲ ਸੀ। ਜਿਹਦੀ ਅਰਦਾਸ ਮਨਜ਼ੂਰ ਹੋ ਜਾਂਦੀ ਹੈ, ਉਹਦੇ ਖੰਭ ਲੱਗ ਜਾਂਦੇ ਹਨ। ਇਸ ਤਰ੍ਹਾਂ ਬੜੀ ਰੌਚਕ ਭਾਵਪੂਰਤ, ਪ੍ਰੇਮ ਅਥੇ ਸ਼ਰਧਾ ਨਾਲ ਸਾਰਸ਼ਾਰ ਪੰਨੂ ਸਾਹਿਬ ਦੀ ਕਥਾ ਵਾਰਤਾ ਨੇ ਅੱਧੇ ਘੰਟੇ ਲਈ ਸੰਗਤਾਂ ਨੂੰ ਮੰਤ੍ਰ ਮੁਗਧ ਕਰੀ ਰੱਖਿਆ।

ਉਪਰੰਤ ਮੰਚ ਸੰਚਾਲਕ ਵਿਰਕ ਜੀ ਨੇ ਬੜੇ ਸਤਿਕਾਰ ਨਾਲ ਪੇਸ਼ ਕੀਤਾ। ਸੈਂਟਰਲ ਯੂਨੀਵਰਸਿਟੀ ਹਿਮਾਚਲ ਦੇ ਚਾਂਸਲਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰ ਦੇ ਰਹਿ ਚੁੱਕੇ ਮੁਖੀ ਡਾ.ਹਰਿਮੋਹਿੰਦਰ ਸਿੰਘ ਜੀ ਬੇਦੀ ਨੂੰ ਜੋ ਕਿ ਨਾਮਧਾਰੀ ਸਮਾਗਮਾਂ ਵਿੱਚ ਕਿਸੇ ਜਾਣ ਪਹਿਚਾਣ ਦੇ ਮੁਥਾਜ਼ ਨਹੀਂ ਹਨ।

ਡਾ.ਹਰਿਮੋਹਿੰਦਰ ਸਿੰਘ ਬੇਦੀ- ਬੇਦੀ ਸਾਹਿਬ ਨੇ ਕਿਹਾ ਕਿ ਏਸ਼ੀਆਂ ਦੇ ਦੇਸ਼ਾਂ ਦੇ ਨਾਲ ਭਾਰਤ ਦਾ ਪਹਿਲਾ ਸੰਵਾਦ, ਪਹਿਲੀ ਗੱਲਬਾਤ, ਬਾਬੇ ਨਾਨਕ ਨੇ ਚਲਾਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦਾ ਬੜਾ ਮਹੱਤਵ ਹੈ। 25 ਵਰ੍ਹੇ ਦੇ ਲੱਗਭਗ ਭਾਰਤ ਦੀ ਅਤੇ ਏਸ਼ੀਆਂ ਦੇ ਦੇਸ਼ਾਂ ਦੀ ਪੈਦਲ ਯਾਤਰਾ ਕੀਤੀ। ਬਾਬਾ ਨਾਨਕ ਜੀ ਜਦੋਂ ਅਰਬ ਦੇਸ਼ਾਂ ਦਾ ਦੌਰਾ ਕਰਕੇ ਵਾਪਿਸ ਆ ਰਹੇ ਸਨ ਉਹਨਾਂ ਨੇ ਵੇਖਿਆ ਕਿ ਬਾਬਰ ਦੀਆਂ ਫੌਜਾਂ ਹਿੰਦੁਸਤਾਨ ਤੇ ਹਮਲਾ ਕਰਨ ਲਈ ਅਭਿਆਸ ਕਰ ਰਹੀਆਂ ਹਨ। ਬਾਬਰ ਦੇ ਹਮਲੇ ਤੋਂ ਪੂਰਵ ਗੁਰੂ ਨਾਨਕ ਦੇਵ ਅਰਬ ਦੇਸ਼ਾਂ ਦੀ ਯਾਤਰਾ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਬਾਬਰ-ਵਾਨੀ ਵਿਚ ਅਜਿਹੀ ਚੇਤਾਵਨੀ ਦਿੱਤੀ ਕਿ ਉਸ ਤੋਂ ਬਾਅਦ ਹਿੰਦੁਸਤਾਨ ਦੇ ਵਿਚ ਕੋਈ ਵੀ ਹਮਲਾਵਰ ਨਾ ਚੁੱਪ ਚਪੀਤੇ ਆਇਆ, ਨਾ ਹੀ ਚੁੱਪ ਚਪੀਤੇ ਗਿਆ। ਭਾਰਤੀਆਂ ਨੇ ਡੱਟ ਕੇ ਮੁਕਾਬਲਾ ਕੀਤਾ। ਭਾਰਤ ਸ਼ਬਦ ਬਹੁਤ ਵਾਰੀ ਆਇਆ ਹੈ ਪਰ ਇਥੋਂ ਦੇ ਖਿੱਤੇ ਦੇ ਲੋਕਾਂ ਨੂੰ ਉਹਨਾਂ ਦੀ ਜ਼ੁਬਾਨ ਵਿਚ ਹਿੰਦੁਸਤਾਨੀ ਕਹਿ ਕੇ ਬਾਬੇ ਨਾਨਕ ਨੇ ਪਹਿਲੀ ਵਾਰੀ ਪੁਕਾਰਿਆ। ਬਾਬੇ ਨਾਨਕ ਦਾ ਕਿਰਤ ਕਰਨੀ ਤੇ ਵੰਡ ਛਕਣਾ ਇਹ ਬਰਾਬਰੀ ਦਾ ਸੰਦੇਸ਼ ਸੀ। ਵਿਸ਼ਵ ਦੀ ਆਰਤੀ ਬਾਬਾ ਨਾਨਕ ਜੀ ਲਿਖ ਚੁੱਕੇ ਹਨ। ਕੋਈ ਵੀ ਕਵੀ ਉਹਨਾਂ ਵਰਗੀ ਆਰਤੀ ਨਹੀਂ

ਟੈਗੋਰ ਨੇ ਕਿਹਾ ਕਿ ਮੈਂ ਬਾਬੇ ਨਾਨਕ ਨੂੰ ਪ੍ਰਣਾਮ ਕਰਦਾ ਕਿ ਉਹਨਾਂ ਦਾ ਅਸ਼ੀਰਵਾਦ ਪੂਰੀ ਦੁਨੀਆਂ ਨੂੰ ਆਰਤੀ ਰਾਹੀਂ ਮਿਲ ਰਿਹਾ ਹੈ। UNO ਨੇ 500 ਵਿਦੇਸ਼ੀ ਭਾਸ਼ਾਵਾਂ ਵਿੱਚ ਬਾਬੇ ਨਾਨਕ ਦੀ ਚੋਣਵੀਂ ਬਾਣੀ ਦਾ ਪ੍ਰਚਾਰ ਪ੍ਰਸਾਰ ਕੀਤਾ ਹੈ।

ਬੇਦੀ ਸਾਹਿਬ ਤੋਂ ਬਾਅਦ ਵਿਰਕ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਸਦ-ਉਪਦੇਸ਼ ਦੇਣ ਲਈ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਦੇ ਪਾਵਨ ਉਪਦੇਸ਼ 'ਚੋਂ ਕੁਝ ਬਚਨ ਸ਼ਬਦ-ਬ-ਸ਼ਬਦ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹਨ।

ਗੁਰ ਉਪਦੇਸ਼:

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਬਾਹਰੋਂ ਆਏ ਪੱਤਵੰਤੇ ਸੱਜਣ, ਵਿਦਵਾਨ, ਖਾਸ ਕਰਕੇ ਡਾ. ਕੁਲਦੀਪ ਸਿੰਘ ਜੀ, ਸ੍ਰੀ ਹਸਨ ਅਬਾਸ ਜੀ, ਸਾਡੇ ਮਾਨ ਯੋਗ ਗਿਆਨੀ ਹਰਦੀਪ ਸਿੰਘ ਜੀ, ਪ੍ਰੋ. ਪੰਨੂ ਸਾਹਿਬ, ਜਿਹੜੇ ਸਾਡੇ ਕੋਲ ਦੂਸਰੀ, ਤੀਸਰੀ ਵਾਰ ਆਏ ਹਨ। ਆਪਾਂ ਉਹਨਾਂ ਦੀਆਂ ਸਾਖੀਆਂ ਸੁਣ ਕੇ ਸਦਾ ਹੀ ਅਨੰਦ ਲੈਂਦੇ ਹਾਂ। ਇਸ ਕਰਕੇ ਉਹਨਾਂ ਨੂੰ ਵਾਰ-ਵਾਰ ਅਰਜ਼ ਕਰੀ ਦੀ ਹੈ ਇਥੇ ਆਉਣ ਵਾਸਤੇ। ਡਾ. ਬੇਦੀ ਸਾਹਿਬ, ਪ੍ਰੋ. ਭੱਟੀ ਸਾਹਿਬ।

ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੀ ਤੁਸੀਂ ਵਿਦਵਾਨਾ ਤੋਂ ਉਸਤਤ ਸੁਣੀ ਹੈ। ਆਪਾਂ ਨੂੰ ਬੈਠਿਆਂ ਨੂੰ, ਇਹ ਉਸਤਤ ਸੁਣਦਿਆਂ ਢਾਈ ਤਿੰਨ ਘੰਟੇ ਹੋ ਗਏ ਹਨ। ਇਹ ਲੱਗਾ ਹੀ ਨਹੀਂ ਕਿ ਇਹਨਾਂ ਟਾਈਮ ਲੰਘ ਗਿਆ ਹੈ। ਮੈਂ ਸਾਧ ਸੰਗਤ ਦਾ ਵੀ ਬਹੁਤ ਧੰਨਵਾਦੀ ਹਾਂ ਕਿ ਕਿਸ ਤਰ੍ਹਾਂ ਅਰਾਮ ਨਾਲ, ਚੁੱਪ ਕਰਕੇ ਸਾਰਿਆਂ ਨੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਦੀ ਉਸਤਤ ਸੁਣੀ ਹੈ। ਸੱਚੀਂ ਮੁੱਚੀਂ ਉਹ ਅਨੰਦ ਮਾਣਿਆ ਹੈ ਜਿਹੜੀਆਂ ਘੜੀਆਂ ਉਸਤਤ ਸੁਣਦਿਆਂ ਲੰਘੀਆਂ ਨੇ, ਉਹ ਘੜੀਆਂ ਹੀ ਸੁਲੱਖਣੀਆਂ ਨੇ।

ਮੈਂ ਇਥੋਂ ਗੱਲ ਸ਼ੁਰੂ ਕਰਨੀ ਚਾਹਾਂਗਾ, ਅੱਜ ਇਹ ਚੈਲੇਂਜ਼ ਬਹੁਤਿਆਂ ਧਰਮਾਂ ਦੇ ਸਾਮ੍ਹਣੇ ਹੈ, ਜਿਵੇਂ ਈਸਾਈਆਂ ਨਾਲ ਵੀ ਗੱਲ ਕੀਤੀ ਹੈ, ਬਾਹਰ ਅੰਦਰ ਜਾਂਦੇ ਹਾਂ, ਕਹਿੰਦੇ ਨੇ ਨੌਜੁਆਨ ਚਰਚਾਂ ਵਿਚ ਆਉਣਾ ਨਹੀਂ ਚਾਹੁੰਦੇ। ਜਦੋਂ ਮੈਂ ਇਹ ਸਾਰਾ ਕੁਝ ਵੇਖਦਾ ਹਾਂ, ਕਿਸ ਕਰਕੇ ਨਹੀਂ ਆਉਣਾ ਚਾਹੁੰਦੇ, ਜੇ ਤੁਸੀਂ ਬਹੁਤ ਪਿਛੇ ਜਾਉ ਸਭ ਤੋਂ ਜਿਆਦਾ ਲੜਾਈਆਂ ਧਰਮਾਂ ਦੇ ਨਾਂ ਤੇ ਹੋਈਆਂ ਨੇ ਅੱਜ ਵੀ ਚੱਲੀ ਜਾ ਰਹੀਆਂ ਨੇ। ਬਹੁਤ ਸਾਰੇ ਅਰਬ ਦੇਸ਼ਾਂ ਵਿਚ ਵੀ ਚੱਲੀ ਜਾ ਰਹੀਆਂ ਨੇ। ਗੁਰੂ ਨਾਨਕ ਦਾ ਰਾਹ ਚੰਗਾ ਇਸ ਕਰਕੇ ਲੱਗਦਾ ਹੈ, ਅਸੀਂ ਆਪਣੇ ਆਪ ਨੂੰ ਬੜੀ ਵੱਡੀ ਕਿਸਮਤ ਵਾਲੇ ਸਮਝਦੇ ਹਾਂ ਕਿ ਜੇ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਹੁਕਮ ਨੂੰ ਮੰਨ ਲਈਏ ਤੇ ਇਹ ਧਰਮਾਂ ਦੇ ਤੇ ਰੌਲੇ ਹੀ ਮੁੱਕ ਜਾਂਦੇ ਨੇ। ਉਹ ਧਰਮ ਜਿਹਦੇ ਲਈ ਲੋਕਾਂ ਨੇ ਲੜਾਈ ਕੀਤੀ ਹੈ। ਉਹ ਧਰਮ ਪਿਆਰਾ ਪਿਆਰਾ ਲੱਗਣ ਲੱਗ ਜਾਂਦਾ ਹੈ, ਉਸ ਧਰਮ ਨੂੰ ਮੰਨਣ ਨੂੰ ਜੀਅ ਕਰਦਾ ਹੈ ਉਹ ਧਰਮ ਦੀ, ਉਸ ਪ੍ਰਮਾਤਮਾ ਦੀ ਗੱਲ ਕਰਕੇ ਅਨੰਦ ਆਉਣ ਲੱਗ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਕਿਸ ਪ੍ਰਮਾਤਮਾ ਦੀ ਗੱਲ ਕੀਤੀ ਹੈ? ਮੂਲ ਮੰਤਰ ਤੁਸੀਂ ਸਾਰੇ ਹੀ ਸੁਣਦੇ ਹੋ ਜਿਥੇ '੧ਓ ਸਤਿਨਾਮੁ ਕਰਤਾ ਪੁਰਖੁ' ਵਿੱਚ ਇਕ ਅਕਾਲ ਪੁਰਖ ਅਤੇ ਸੱਚ ਦੀ ਗਲ ਕੀਤੀ ਹੈ, ਪਰ ਜੇ ਆਪਾਂ ਅੱਗੇ ਚੱਲੀਏ, ਸੱਚੇ ਪਾਤਸ਼ਾਹ ਰਹਿਰਾਸ ਦੀ ਪਹਿਲੀ ਪਉੜੀ ਵਿੱਚ ਹੁਕਮ ਕਰਦੇ ਨੇ 'ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥ ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥' ਸੱਚੇ ਪਾਤਸ਼ਾਹ ਬਚਨ ਕਰਦੇ ਨੇ ਕਿ ਉਸ ਤੋਂ ਬਿਨਾਂ ਕੋਈ ਹੈ ਹੀ ਨਹੀਂ। ਜਲ ਵਿਚ, ਥਲ ਵਿਚ, ਜੀਆਂ ਜੰਤਾਂ ਵਿਚ, ਉਸ ਤੋਂ ਬਿਨਾਂ ਕੋਈ ਨਹੀਂ। ਉਹ ਸਾਰੀ ਕੁਦਰਤ ਵਿਚ ਸਮਾਇਆ ਹੋਇਆ ਹੈ। ਜੇ ਕੋਈ ਉਹਨੂੰ ਪਾ ਸਕਦਾ ਤਾਂ ਉਹ ਕਿਤੇ ਵੀ ਪਾ ਸਕਦਾ। ਗੁਰੂ ਨਾਨਕ ਪਾਤਸ਼ਾਹ ਕਿਰਪਾ ਕਰਦੇ ਨੇ ਉਸ ਨੂੰ ਪਾਉਣ ਲਈ ਨਾ ਤੈਨੂੰ ਮਸਜਿਦ ਦੀ ਲੋੜ ਹੈ, ਨਾ ਗੁਰਦੁਆਰੇ ਦੀ ਲੋੜ ਹੈ, ਹਾਂ ਇਹ ਠੀਕ ਹੈ ਸਾਧੂ ਸੰਤਾਂ ਨੂੰ ਮਿਲ ਕੇ, ਗੁਰੂ ਦੀ ਲੋੜ ਹੁੰਦੀ ਹੈ। ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ, "ਮੋਕਉ ਕਰਿ ਸੰਤਨ ਕੀ ਧੂਰੇ॥" ਸੱਚੇ ਪਾਤਸ਼ਾਹ ਨੇ ਇਹ ਕਿਰਪਾ ਕੀਤੀ ਕਿ ਜੇ ਲੱਭਣਾ ਹੈ ਤਾਂ ਉਹ ਤੁਹਾਡੇ ਤੋਂ ਵੱਖਰਾ ਨਹੀਂ, ਤੁਸੀਂ ਆਪਣੇ ਵਿੱਚ ਵੀ ਉਸ ਨੂੰ ਲੱਭ ਸਕਦੇ ਹੋ। ਫਿਰ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਨੇ

**'ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ॥
ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ॥'**

ਜਦੋਂ ਸਤਿਗੁਰੂ ਨੂੰ ਮਿਲ ਕੇ ਇਹ ਗਿਆਨ ਹੋ ਗਿਆ ਕਿ ਮੇਰਾ ਪ੍ਰਮਾਤਮਾ ਮੇਰੇ ਤੋਂ ਵੱਖਰਾ ਨਹੀਂ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਸਿਰ ਝੁਕਾਉਂਦੇ ਹੋਏ ਇਕ ਵਾਰੀ ਸਾਰੇ ਹੀ ਇਹ ਮਹਿਸੂਸ ਕਰੀਏ ਕਿਅਸੀਂ ਸੱਚੀਂ ਹੀ ਬੜੇ ਵੱਡੇ ਭਾਗਾਂ ਵਾਲੇ ਹਾਂ। ਜਿਸ ਪਾਤਸ਼ਾਹ

Sri Satguru Jagjit Singh Ji Elibrary NamdhariElibrary@gmail.com

ਨੇ ਸਾਨੂੰ ਉਹ ਧਰਮ ਦਿੱਤਾ ਹੈ ਜਿਸ ਧਰਮ ਵਿਚ ਕੋਈ ਲੜਾਈ ਨਹੀਂ, ਜਿਸ ਧਰਮ ਵਿਚ ਨਿਰਮਾਣਤਾ ਹੈ, ਜਿਸ ਧਰਮ ਵਿਚ ਗਰੀਬ ਦੀ ਰੱਖਿਆ ਹੈ, ਜਿਸ ਧਰਮ ਵਿਚ ਲੰਗਰ ਚੱਲਦੇ ਨੇ, ਜਿਸ ਧਰਮ ਵਿਚ 'ਸੱਚਾ ਸੌਦਾ' ਕਰਕੇ ਉਹਨਾਂ ਨੇ ਲੰਗਰ ਦੀ ਪ੍ਰਥਾ ਚਲਾਈ। ਜਿੱਥੇ ਉਹਨਾਂ ਸਾਨੂੰ ਗਰੀਬ ਦੀ ਸੇਵਾ ਕਰਨੀ ਸਿਖਾਈ। ਜਿੱਥੇ ਸਾਨੂੰ ਕਿਰਤ ਕਰਨੀ ਸਿਖਾਈ ਇਕ ਵਾਰੀ ਬੜੇ ਹੀ ਪਿਆਰ ਨਾਲ ਆਖੀਏ, ਧੰਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ।

ਭਾਵੇਂ ਬਹੁਤ ਦੁਨੀਆਂ ਰੱਬ ਦੀ ਹੋਂਦ ਨੂੰ ਨਹੀਂ ਮੰਨਦੀ। ਪਰ ਗੁਰੂ ਨਾਨਕ ਦਾ ਪ੍ਰਮਾਤਮਾ ਅੱਜ ਵੀ ਹਰ ਥਾਂ ਹੈ। ਉਹ ਕਰਾਮਾਤਾਂ ਅੱਜ ਵੀ ਹਰ ਥਾਂ ਹੋ ਰਹੀਆਂ ਹਨ। ਕਰਾਮਾਤ ਇਹ ਨਹੀਂ ਕਿ ਬੜੀ ਉਪਰੋਂ ਬਿਜਲੀ ਪਈ ਹੈ।ਉਹ ਕਰਾਮਾਤ ਇਹ ਹੈ ਕਿ ਜੋ ਰਾਜਾ ਹੈ ਉਹ ਤੁਹਾਡੇ ਸਾਹਮਣੇ ਗਰੀਬ ਹੋ ਗਿਆ ਹੈ। ਗਰੀਬ ਤੋਂ ਰਾਜੇ ਬਣ ਜਾਂਦੇ ਹਨ। ਇਹ ਉਸ ਪ੍ਰਮਾਤਮਾ ਦੀ ਕਰਾਮਾਤ ਹੈ, ਜਿਸ ਵਾਸਤੇ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ ਹੈ "ਤੂੰ ਕਰਤਾ ਕਰਣਾ ਮੈ ਨਾਹੀ' ਸਾਨੂੰ ਸਿਖਾਉਣ ਵਾਸਤੇ ਕਹਿੰਦੇ ਹਨ 'ਨੀਚਾ ਅੰਦਰਿ ਨੀਚ ਜਾਤ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ...' ਸੱਚੇ ਪਾਤਸ਼ਾਹ ਭਾਈ ਲਾਲੋ ਦੇ ਨਾਲ ਦੇ ਬਣਦੇ ਨੇ, ਮਲਕ ਭਾਗੋ ਦੇ ਨਾਲ ਦੇ ਨਹੀਂ ਬਣਦੇ। ਤਾਂ ਹੀ ਅਸੀਂ ਉਹਨਾਂ ਨੂੰ ਗਰੀਬ ਨਿਵਾਜ਼ ਆਖ ਕੇ ਵੀ ਯਾਦ ਕਰਦੇ ਹਾਂ।

ਆਪਾਂ ਗੁਰੂ ਨਾਨਕ ਦੇ 550 ਵੇਂ ਪ੍ਰਕਾਸ਼ ਵਰ੍ਹੇ ਤੋਂ ਇਹ ਸਿੱਖੀਏ, ਉਸ ਅਕਾਲ ਪੁਰਖ ਦੇ ਚਰਨੀਂ ਲੱਗੀਏ ਜਿਸ ਅਕਾਲ ਪੁਰਖ ਨਾਲ ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਜੋੜਿਆ। ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਸਾਨੂੰ ਨਾਮ ਨਾਲ ਜੋੜਿਆ ਹੈ, ਉਸ ਨਾਮ ਨਾਲ ਜੁੜ ਕੇ, ਇਕ ਦੇ ਲੜ ਲੱਗ ਕੇ ਆਪਸ ਵਿੱਚ ਪਿਆਰ ਨਾਲ ਰਹੀਏ। ਉਹ ਪਿਆਰ ਸਾਰਿਆਂ ਵਿਚ ਵੰਡੀਏ। ਮੈਂ ਇਕ ਵਾਰੀ ਸਾਰੀ ਸਾਧ ਸੰਗਤ ਦਾ, ਬਾਹਰੋਂ ਆਏ ਸਾਰੇ ਵਿਦਵਾਨਾਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

ਸਤਿ ਸ੍ਰੀ ਅਕਾਲ॥

10 ਨਵੰਬਰ– ਸ੍ਰੀ ਭੈਣੀ ਸਾਹਿਬ

ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਤਾਬਦੀ ਸਮਾਗਮ ਦੇ ਦੂਸਰੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਹਜ਼ੂਰੀ ਰਾਗੀ ਜਥੇ ਨੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿੱਚ ਭਾਈ ਗੁਰਦਾਸ ਦੀਆਂ ਵਾਰਾਂ ਦਾ ਗਾਇਨ ਕੀਤਾ। ਦੁਪਹਿਰ 11 ਤੋਂ 12 ਨਾਮ ਸਿਮਰਨ ਉਪਰੰਤ 1 ਵਜੇ ਤੱਕ ਕੀਰਤਨ ਹੋਇਆ। ਅੱਜ ਦੇ ਸਮਾਗਮ ਵਿੱਚ ਗੁਰੂ ਜੱਸ ਕਰਨ ਲਈ ਸਾਧੂ-ਸੰਤ ਪਧਾਰੇ ਜਿਨ੍ਹਾਂ ਵਿੱਚ ਨਿਰਮਲੇ, ਉਦਾਸੀ, ਨਿਹੰਗ ਸਿੰਘ ਅਤੇ ਪ੍ਰਸਿੱਧ ਡੇਰਿਆਂ ਅਤੇ ਤਖਤਾਂ ਤੋਂ ਮਹਾਤਮਾਂ ਸੱਜਣਾਂ ਨੇ ਹਾਜ਼ਰੀ ਭਰੀ। ਜਿਨ੍ਹਾਂ ਵਿੱਚ ਗਿਆਨੀ ਹਰਦੀਪ ਸਿੰਘ ਮੁਖੀ ਹਜ਼ੂਰੀ ਟਕਸਾਲ ਹਜ਼ੂਰ ਸਾਹਿਬ, ਗਿਆਨੀ ਇੰਦਰਜੀਤ ਸਿੰਘ ਰਕਬਾ, ਸ੍ਰੀ ਮਹੰਤ ਬਾਬਾ ਰੇਸ਼ਮ ਸਿੰਘ ਸੇਖਵਾਂ, ਨਿਰਮਲ ਦਰਬਾਰ, ਮਹੰਤ ਜਗਤਾਰ ਸਿੰਘ ਜੀ ਨੈਣੇਵਾਲ, ਮਹੰਤ ਸੁਖਜੀਤ ਸਿੰਘ ਜੀ ਸੰਧੂ ਖੁਰਦ, ਮਹੰਤ ਬਲਜਿੰਦਰ ਸਿੰਘ ਅਜੀਤ ਵਾਲ, ਮਹੰਤ ਸ਼ਾਮ ਸੁੰਦਰ ਜੀ ਮਿਰਜਾਪੁਰ, ਮਹੰਤ ਗੁਰਮੁਖ ਸਿੰਘ ਜੀ ਲੋਪੋਂ, ਮਹੰਤ ਬਲਜਿੰਦਰ ਸਿੰਘ ਜੀ ਕਾਉਂਕੇ, ਮਹੰਤ ਜੋਗਿੰਦਰ ਸਿੰਘ ਸੇਖਵਾਂ, ਭਾਈ ਗੁਰਸ਼ਰਨ ਸਿੰਘ ਜੀ ਸੇਖਵਾਂ, ਭਾਈ ਮਨਪ੍ਰੀਤ ਸਿੰਘ ਸੇਖਵਾਂ, ਅਚਾਰੀਜ ਅਨਿਰੁਧ ਜੀ ਕਾਂਸ਼ੀਵਾਲੇ, ਮਹੰਤ ਹਰਪਾਲ ਦਾਸ ਜੀ ਡੇਰਾ ਅਮਾਮਗੜ੍ਹ, ਸ੍ਰੀ ਤਨਵੀਰ ਖਾਦਿਮ ਜੀ ਕਾਦੀਆਂ, ਅਬਦੁਰ ਰਸ਼ੀਦ ਮਲਿਕ ਮੀਆਂ ਮੀਰ ਸਾਂਝਾ ਵਿਰਸਾ, ਸ੍ਰੀ ਰਹਿਮਾਨ ਉਸਮਾਨੀ।

ਪੂਰਾ ਮੰਚ ਵੱਖੋ-ਵੱਖ ਧਰਮਾਂ ਅਤੇ ਸੰਪਰਦਾਵਾਂ ਦੇ ਨੁਮਾਂਇੰਦਿਆਂ ਨਾਲ ਭਰਪੂਰ ਸੀ । ਸੰਤ ਨਿਸ਼ਾਨ ਸਿੰਘ ਜੀ ਨੇ ਮੰਚ ਸੰਚਾਲਨ ਕਰਦਿਆਂ ਪਹਿਲੋਂ ਸੰਖੇਪ ਵਿੱਚ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਬਾਰੇ ਵਖਿਆਨ ਕੀਤਾ ਅਤੇ ਸਮਤ ਗੁਰੂਬਚਨ ਸਿੰਘ ਜੀ ਨੂੰ ਪੇਸ਼ ਕੀਤਾ।

ਸੰਤ ਗੁਰਬਚਨ ਸਿੰਘ– ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਪ੍ਰੰਪਰਾ ਭਾਰਤੀ ਅਧਿਆਤਮ ਦੀ ਇਕ ਵਿਸ਼ੇਸ਼ਤਾ ਰਹੀ ਹੈ। ਇਸੇ ਕਰਕੇ ਦੁਨੀਆ ਨੇ ਇਥੋਂ ਦੇ ਗੁਰੂਆਂ ਦੀ ਇਕ ਨਿਵੇਕਲੀ ਭੂਮਿਕਾ ਨੂੰ ਵੇਖਦਿਆਂ ਹੋਇਆਂ ਭਾਰਤ ਨੂੰ ਧਰਮ ਗੁਰੂ ਕਿਹਾ ਹੈ। ਗੁਰੂ ਦੀ ਪ੍ਰੰਪਰਾ ਪ੍ਰਚੀਨ ਹੈ। ਸੰਨ 1901 ਦੇ ਵਿੱਚ ਰਵਿੰਦਰ ਨਾਥ ਟੈਗੋਰ ਨੂੰ ਕਿਸੇ ਪੱਤਰਕਾਰ ਨੇ ਪੁੱਛਿਆ ਕੇ ਤੁਸੀਂ ਹਿੰਦੁਸਤਾਨ ਲਈ ਬਹੁਤ ਖ਼ੂਬਸੂਰਤ ਰਾਸ਼ਟਰ ਗਾਣ ਲਿਖਿਆ ਹੈ। ਕੋਈ ਐਸਾ ਰਾਸ਼ਟਰ ਗਾਣ ਲਿਖੋ ਜੋ ਸਾਰੇ ਵਿਸ਼ਵ ਦਾ ਸਾਂਝਾ ਹੋਵੇ ਤਾਂ ਟੈਗੋਰ ਜੀ ਨੇ ਕਿਹਾ ਕਿ ਬਹੁਤ ਪਹਿਲਾ ਗੁਰੂ ਨਾਨਕ ਦੇਵ ਪਾਤਸ਼ਾਹ ਨੇ ਇਕ ਵਿਸ਼ਵ ਗਾਣ ਗੁਰਬਾਣੀ ਦੇ ਰੂਪ ਵਿਚ ਉਚਾਰਨ ਕਰ ਦਿੱਤਾ ਹੈ। ਸਾਰੀ ਧਰਤ ਦੀ ਜੋ ਵਿਚਾਰ ਧਾਰਾ ਸੀ, ਜੋ ਤੰਗ ਸੋਚ ਸੀ ਉਸ ਨੂੰ ਇਕ ਬੁੱਕਲ ਦੇ ਵਿਚ ਲੈ ਕੇ ਉਸ ਪ੍ਰਮਾਤਮਾ

Sri Satguru Jagjit Singh Ji Elibrary NamdhariElibrary@gmail.com

ਦੇ ਅੱਗੇ ਅਰਦਾਸ ਦੇ ਰੂਪ ਵਿਚ ਸਾਰਿਆਂ ਨੂੰ ਖੜਿਆ ਕਰਨ ਦਾ ਇਕ ਉਪਰਾਲਾ ਕੀਤਾ ਅਤੇ ਇਸ ਉਪਰਾਲੇ ਨੂੰ ਹੀ ਅਸੀਂ ਗੁਰੂ ਨਾਨਕ ਆਖਦੇ ਹਾਂ। ਗੁਰੂ ਨੇ ਕਦੇ ਆਪਣੇ ਲਈ ਨਹੀਂ ਮੰਗਿਆ, ਕਦੇ ਆਪਣੇ ਬੱਚਿਆਂ ਲਈ ਨਹੀਂ ਮੰਗਿਆ, ਆਪਣੇ ਪਰਿਵਾਰ ਵਾਸਤੇ ਕਦੇ ਕੁਝ ਨਹੀਂ ਮੰਗਿਆ ਪਰ ਫੇਰ ਵੀ ਇਕ ਮਨੁੱਖ ਮਾਤਰ ਲਈ ਮੰਗਦੇ ਹਨ ਉਸ ਪ੍ਰਮਾਤਮਾ ਤੋਂ ਕਿ ਏ ਕਰਤਾਰ ਤੇਰੇ ਦਰਬਾਰ ਦੇ ਵਿਚ ਤੇਰੇ ਦਰ ਦੇ ਉੱਤੇ ਇਕ ਅਰਦਾਸੀਆ ਆਇਆ ਹੈ। ਅਰਜ਼ ਕਰਦਾ ਪਿਆ ਹੈ ਕਿ ਕਦੀ ਸੰਸਾਰ ਦੇ ਵਿਚ ਕਿਸੇ ਨੂੰ ਕੋਈ ਸੁੱਖ ਨਾ ਹੋਵੇ, ਸਾਰੇ ਸੁਖੀ ਹੋਣ, ਸਾਰੇ ਆਪਸ ਦੇ ਵਿਚ ਭਾਈਚਾਰੇ ਵਾਂਗ ਮਿਲ ਕੇ ਰਹਿਣ। ਧਰਮ ਦਾ ਤੇ ਇਹੀ ਅਰਥ ਹੈ।

ਮਹੰਤ ਸ਼ਾਮ ਸੁੰਦਰ ਜੀ– ਸ਼ਾਮ ਸੁੰਦਰ ਨੇ ਕਿਹਾ ਕਿ ਜੇ ਸਾਨੂੰ ਸਾਰਿਆ ਦੇ ਵਿਚ ਹੀ ਗੁਰੂ ਨਾਨਕ ਨਜ਼ਰ ਆਉਣ ਗੇ, ਗੁਰੂ ਗੋਬਿੰਦ ਸਿੰਘ ਜੀ ਨਜ਼ਰ ਆਉਣ ਗੇ, ਸ੍ਰੀ ਰਾਮਚੰਦਰ ਜੀ ਨਜ਼ਰ ਆਉਣ ਗੇ, ਸਾਰੇ ਵਿਚ ਹੀ ਉਸ ਅੱਲਾ ਦਾ ਨੂਰ ਨਜ਼ਰ ਆਵੇ ਗਾ ਫਿਰ ਵਿਰੋਧ ਕਿੱਥੇ ਰਹਿ ਜਾਵੇਗਾ?

ਮੌਲਾਮਾ ਰਹਿਮਾਨ ਉਸਮਾਨੀ ਜੀ– ਮੌਲਾਨਾ ਜੀ ਨੇ ਕਿਹਾ ਕਿ ਮੁਸਲਮਾਨ ਆਮ ਤੌਰ ਤੇ ਉਰਦੂ ਬੋਲਦੇ ਹਨ ਪਰ ਮੇਰੀ ਮਾਂ ਬੋਲੀ ਪੰਜਾਬੀ ਹੈ। ਬਜ਼ੁਰਗ ਕਹਿੰਦੇ ਹਨ ਜਦੋਂ ਤੱਕ ਆਪਣੀ ਮਾਂ ਨੂੰ ਸਤਿਕਾਰ ਨਾ ਦਿੱਤਾ ਜਾਵੇ ਕੋਈ ਵੀ ਬੰਦਾ ਸਤਿਕਾਰ ਦੇ ਕਾਬਿਲ ਨਹੀਂ ਹੋ ਸਕਦਾ। ਬਾਬਾ ਨਾਨਕ ਕੱਲਾ ਸਿੱਖਾ ਦਾ ਬਾਬਾ ਨਹੀਂ ਸੀ, ਜਿਹਨਾਂ ਤੁਹਾਡਾ ਹੈ ਉਹਨਾਂ ਹੀ ਸਾਡਾ ਵੀ ਹੈ। ਬਾਬਾ ਨਾਨਕ ਸਾਹਿਬ ਨਾਲ ਮਰਦਾਨਾ ਜੀ ਨੇ ਸਾਂਝ ਪਾਈ ਹੈ ਔਰ ਇਕ ਅੱਧੇ ਦਿਨ ਦੀ ਸਾਂਝ ਨਹੀਂ ਸਾਰੀ ਜਿੰਦਗੀ, ਜਿੰਦਗੀ ਦੇ ਆਖਰੀ ਸਾਹ ਤੱਕ। ਮਰਦਾਨਾ ਸਾਹਿਬ ਜੀ ਜਦੋਂ ਆਖਰੀ ਸਾਹ ਲਏ ਤਾਂ ਮਰਦਾਨੇ ਨੂੰ ਗੁਰੂ ਸਾਹਿਬ ਨੇ ਪੁੱਛਿਆ ਸਾਰੀ ਜਿੰਦਗੀ ਸਾਡੀ ਸੇਵਾ ਕੀਤੀ ਹੈ ਕੁਝ ਚਾਹੀਦਾ ਹੈ ਤਾਂ ਮੰਗ ਲੈ। ਮਰਦਾਨਾ ਜੀ ਨੇ ਬੜੀ ਖ਼ੂਬਸੂਰਤ ਗੱਲ ਕਹੀ ਕਿ ਅਸੀਸ ਦੇਵੋ ਕਿ ਮੇਰੀ ਤੇ ਤੁਹਾਡੀ ਨਿਭ ਜਾਵੇ। ਮੈਂ ਇਹ ਸਮਝਦਾ ਕੇ ਮਰਦਾਨਾ ਜੀ ਦੀ ਤਾਂ ਉਦੋਂ ਨਿਭ ਗਈ ਮਰਦਾਨਾ ਜੀ ਨੇ ਜਿਹੜੀ ਇਹ ਅਸੀਸ ਮੰਗੀ ਸੀ ਉਹ ਮੰਗੀ ਸੀ ਕਿ ਨਾਨਕ ਦੇ ਸਿੱਖਾਂ ਦੀ ਤੇ ਮੁਹੰਮਦ ਦੇ ਮੁਸਲਮਾਨਾ ਦੀ ਸਾਰੀ ਜਿੰਦਗੀ ਦੇ ਲਈ ਆਪਸ ਦੇ ਵਿਚ ਨਿਭ ਜਾਵੇ। ਫਿਰ ਜਦ ਨਿਭਾਈ ਹੈ, ਤੇ ਉਹ ਐਸੀ ਨਿਭਾਈ ਹੈ ਕਿ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹੀ ਮਾਛੀਵਾੜੇ ਜਦੋਂ ਵਖਤ ਦੇ ਜ਼ਾਲਿਮ ਹੁਕਮਰਾਣਾ ਆਪਣੀਆਂ ਫੌਜਾਂ ਨਾਲ ਹਮਲਾ ਕਰਨ ਲਈ ਤਿਆਰ ਸਨ ਤਾਂ ਨਭੀ ਖਾਂ, ਗਨੀ ਖਾਂ ਨੇ ਗੁਰੂ ਸਾਹਿਬ ਨੂੰ ਮੋਢੇ ਚੁੱਕ ਕੇ ਉੱਚ ਦਾ ਪੀਰ ਬਣਾ ਕੇ ਦੁਨੀਆਂ ਨੂੰ ਦੱਸ ਦਿੱਤਾ ਕਿ ਜਦ ਗੁਰੂ ਜ਼ਾਲਮਾ ਦੇ ਖਿਲਾਫ ਲੜੇਗਾ ਤੇ ਮੁਸਲਮਾਨ ਉਸ ਗੁਰੂ ਦੇ ਨਾਲ ਖੜੇ ਹੋਣਗੇ। ਮੈਂ ਉਹਨਾਂ ਲੋਕਾਂ ਨੂੰ ਕਹਿਣਾ ਚਾਹੁਣਾ ਜਿਹੜੇ ਇਹ ਸਮਝਦੇ ਨੇ ਕੇ ਸਿੱਖ ਪੰਥ ਦੀ ਲੜਾਈ ਇਸਲਾਮ ਨਾਲ ਸੀ, ਇਸਲਾਮ ਨਾਲ ਨਹੀਂ ਸੀ, ਉਹ ਵਖਤ ਦੇ ਜ਼ਾਬਰ ਹੁਕਮਰਾਨਾ ਦੇ ਖਿਲਾਫ ਸੀ। ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਕਿ ਇਹ ਮਨ ਜਿਹੜਾ ਹੈ, ਜਦ ਤੱਕ ਪਵਿੱਤਰ ਨਹੀਂ ਹੋ ਜਾਂਦਾ ਇਹਦੇ ਚੋਂ ਜਦ ਤੱਕ ਲੋਕਾਂ ਦੀ ਬੁਰਾਈ ਨਹੀਂ ਨਿਕਲ ਜਾਂਦੀ, ਕੋਈ ਵੀ ਬੰਦਾ ਖੁਦਾ ਦੇ ਹਜ਼ੂਰ ਕਾਮਯਾਬ ਨਹੀਂ ਹੋ ਸਕਦਾ। ਸਾਡਾ ਨਾਮਧਾਰੀ ਪੰਥ ਨਾਲ ਇਕ ਦੋ ਸਾਲ ਦਾ ਰਿਸ਼ਤਾ ਨਹੀਂ ਹੈ, 300 ਸਾਲ ਦਾ ਰਿਸ਼ਤਾ ਹੈ।

ਕਰੋ ਨਾ ਫਿਕਰ ਜ਼ਰੂਰਤ ਪੜੀ ਤੋ ਹਮ ਦੇਂਗੇ,
ਲਹੂ ਕਾ ਤੇਲ ਚੀਰਾਗ਼ੋ ਮੇਂ ਡਾਲਣੇ ਕੇ ਲਈਏ।

ਗਿਆਨੀ ਹਰਦੀਪ ਸਿੰਘ– ਗਿਆਨੀ ਜੀ ਨੇ ਕਿਹਾ ਕੇ ਹਊਮੇ ਦਾ ਤਿਆਗ ਕਰੋ। ਜੇਕਰ ਪ੍ਰਮਾਤਮਾ ਵਿਚ ਲੀਨ ਹੋਣਾ ਹੈ ਤਾਂ ਹਊਮੇ ਦਾ ਤਿਆਗ ਚਾਹੀਦਾ ਹੈ। ਗੁਰੂ ਕ੍ਰਿਪਾ ਕਰਦਾ ਹੈ ਤੇ ਗੁਣ ਬਖਸ਼ਦਾ ਹੈ। ਭਗਤੀ ਵੀ ਤਾਂ ਹੁੰਦੀ ਹੈ ਜੇ ਗੁਣ ਹੋਣ। ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾ-ਅੱਲਾ ਤੇ ਸਾਰੇ ਹੀ ਕਰਦੇ ਹਨ ਚੋਰ ਵੀ, ਠੱਗ ਵੀ, ਬੇਈਮਾਨ ਵੀ ਪਰ ਉਹਨਾਂ ਦਾ ਜਪਿਆ ਨਾਮ ਥਾਏ ਨਹੀਂ ਪੈਂਦਾ। ਜਿਹੜੇ ਗੁਰੂ ਪਾਸੋਂ ਨਾਮ ਲੈ ਕੇ ਜਪਦੇ ਹਨ ਉਹਨਾਂ ਦੀ ਕਲਿਆਣ ਤੇ ਹਾਜ਼ਰੀ ਲਗਦੀ ਹੈ ਜਿਹੜਾ ਸਕੂਲੇ ਦਾਖਲ ਹੋਵੇ। ਜਿਹਦਾ ਦਾਖਲਾ ਹੀ ਨਹੀਂ ਉਹ ਆਵੇ ਜਾ ਜਾਵੇ ਉਹਨੂੰ ਕੋਈ ਡਿਗਰੀ ਨਹੀਂ ਮਿਲਦੀ। ਨਾਮ ਦੇ ਨਾਲ ਸੁਰਤ ਨੂੰ ਜੋੜਨਾ ਹੈ। ਜਿਹਦੇ ਅੰਦਰ ਇਕ ਕਿਣਕਾ ਵੀ ਵਸ ਗਿਆ ਤਾਂ ਉਹਦਾ ਬੇੜਾ ਪਾਰ ਹੋ ਜਾਂਦਾ ਹੈ। ਜਿਹੜਾ ਕਹਿੰਦਾ ਹੈ ਮੇਰੇ ਕਪੜੇ ਮੈਲੇ ਨਾ ਹੋਣ, ਮੇਰੀ ਇੱਜ਼ਤ ਵਿਚ ਫਰਕ ਨਾ ਪਵੇ, ਉਹਨੂੰ ਪ੍ਰਮਾਤਮਾ ਨਹੀਂ ਮਿਲ ਸਕਦਾ। ਜਿਹੜਾ ਆਪਣਾ ਆਪ ਗਵਾਂ ਦਿੰਦਾ ਹੈ ਉਸ ਨੂੰ ਹੀ ਪ੍ਰਮਾਤਮਾ ਮਿਲਦਾ ਹੈ। ਭਾਣਾ ਮੰਨਣਾ ਸਭ ਤੋਂ ਔਖਾ ਹੈ, ਪਰ ਜਿਸ ਤੇ ਸਤਿਗੁਰੂ ਦੀ ਕਿਰਪਾ ਹੋ ਜਾਵੇ, ਜਿਸ ਦੇ ਸਿਰ ਤੇ ਸਤਿਗੁਰੂ ਦਾ ਹੱਥ ਹੈ, ਉਹ ਹੀ ਭਾਣਾ ਮੰਨ ਸਕਦੇ ਹਨ।

ਸੰਤ ਗਿਆਨੀ ਇੰਦਰਜੀਤ ਸਿੰਘ–

ਗਿਆਨੀ ਜੀ ਨੇ ਕਿਹਾ ਕਿ ਫੁਲਵਾੜੀ ਵਿਚ ਗੁਣ ਹੈ ਕੇ ਕਦੇ ਦੁਰਗੰਦੀ ਨਹੀਂ ਆਉਂਦੀ। ਫੁਲਵਾੜੀ ਦੇ ਅੰਦਰ ਇਕ ਰੰਗ ਦੇ ਫੁੱਲ ਵੀ ਨਹੀਂ ਹੁੰਦੇ। ਇਹ ਸਾਰੀ ਫੁਲਵਾੜੀ

Sri Satguru Jagjit Singh Ji Elibrary NamdhariElibrary@gmail.com

ਗੁਰੂ ਨਾਨਕ ਦੇਵ ਸਾਹਿਬ ਦੀ ਹੈ ਜਿਹਨਾਂ ਦੀ ਯਾਦ ਵਿਚ ਅਸੀਂ ਬੈਠੇ ਹਾਂ। ਭਾਵੇਂ ਅੱਜ 550 ਵਾਂ ਵਰ੍ਹਾ ਮਨਾਂ ਰਹੇ ਹਾਂ ਕੀ 549 ਵਾਂ ਘੱਟ ਮਹਾਤਮ ਰੱਖਦਾ ਸੀ ਕੀ 551 ਵਾਂ ਘੱਟ ਮਹਾਤਮ ਰੱਖੇਗਾ। ਆਪਣੀ ਅਕਲ ਤੇ ਬੇਗਾਨੀ ਮਾਇਆ ਸਭ ਨੂੰ ਵੱਡੀ ਲਗਦੀ ਹੈ। ਜਿਹੜਾ ਬੰਦਾ ਕਹਿੰਦਾ ਹੈ ਕਿ ਮੇਰੀ ਅਕਲ ਵੱਡੀ ਹੈ ਉਹ ਦੂਸਰੇ ਬੰਦੇ ਦੀ ਸਿਖਿਆ ਲੈ ਲਵੇਗਾ? ਸੰਸਾਰ ਦੇ ਅੰਦਰ ਸਾਰੀ ਦੁਨੀਆਂ ਅੱਖਾਂ ਭਾਲਦੀ ਹੈ ਕਹਿੰਦੇ ਹਨ ਕਿ ਅੱਧੇ ਦਾ ਕਾਹਦਾ ਜੀਵਨ ਹੈ। ਜਿਹੜੇ ਪ੍ਰਮੇਸ਼ਰ ਨੂੰ ਭੁੱਲੇ ਹੋਏ ਹਨ ਉਹੀ ਅੰਨੇ ਹਨ। ਜਿਹੜਾ ਬੰਦਾ ਗੁਰਬਾਣੀ ਦੇ ਆਧਾਰ ਤੇ ਜੀਵਨ ਬਤੀਤ ਕਰੇਗਾ, ਉਹਦਾ ਜੀਵਨ ਸਫਲ ਹੋ ਜਾਵੇਗਾ।

ਤਨਵੀਰ ਖਾਦਿਮ– ਖਾਦਿਮ ਸਾਹਿਬ ਨੇ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਉਤਸਵ ਮਨਾ ਰਹੇ ਹਾਂ। ਬਹੁਤ ਹੀ ਮੁਬਾਰਕ ਮੌਕਾ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲਿਆ ਉਸ ਸਮੇਂ ਦੇ ਜਿਹੜੇ ਰਾਜੇ ਸਨ ਜਿਹਨਾਂ ਦਾ ਕੰਮ ਨਿਆਂ ਕਰਨਾ ਸੀ ਉਹ ਜ਼ੁਲਮ ਕਰ ਰਹੇ ਸਨ, ਕਸਾਈ ਬਣ ਗਏ ਸਨ। ਧਰਮ ਦੁਨੀਆਂ ਚੋਂ ਉੱਡ ਚੁੱਕਾ ਸੀ। ਸੱਚ ਜਿਹੜਾ ਸੀ, ਈਦ ਦਾ ਚੰਨ ਹੋ ਚੁੱਕਾ ਸੀ। ਉਸ ਸਮੇਂ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਨੂਰ ਆ ਗਿਆ। ਪ੍ਰਮਾਤਮਾ ਇਕ ਹੈ, ਜਦੋਂ ਸਾਡਾ ਪ੍ਰਮਾਤਮਾ ਇਕ ਹੈ। ਅਸੀਂ ਉਹਦੇ ਬੱਚੇ ਆ ਫਿਰ ਵੱਖਵਾਤ ਕਿਉਂ ਹੈ।

ਮਹੰਤ ਹਰਪਾਲ ਦਾਸ ਜੀ– ਮਹੰਤ ਜੀ ਨੇ ਕਿਹਾ ਕਿ ਅਸੀਂ ਗੁਰਬਾਣੀ ਤੋਂ ਬਹੁਤ ਦੂਰ ਹਾਂ ਅਸੀਂ ਜਿਸ ਦਿਨ ਗੁਰਬਾਣੀ ਨੂੰ ਮੰਨ ਲਿਆ ਫਿਰ ਅਸੀਂ ਕਿਸੇ ਦੀ ਨਿਖੇਦੀ ਨਹੀਂ ਕਰ ਸਕਦੇ। ਗੱਲ ਉਸ ਸਮੇਂ ਬਣਨੀ ਆ ਜਦੋਂ ਅਸੀਂ ਅਮਲ ਵਿਚ ਲਿਆਉਣਾ ਹੈ। ਆਪਾ ਪ੍ਰਣ ਕਰੀਏ ਕਿ ਆਪਣੇ ਗੁਰੂ ਤੇ ਆਸਥਾ ਬਣਾਈਏ। ਗੁਰੂ ਦੇ ਦਿੱਤੇ ਹੋਏ ਉਪਦੇਸ਼ ਨੂੰ ਅਸੀਂ ਜੀਵਨ ਦੇ ਵਿਚ ਗ੍ਰਹਿ ਕਰੀਏ ਤਾਂ ਸਾਡਾ ਇਸ ਸੰਸਾਰ ਦੇ ਉੱਤੇ ਆਉਣਾ ਸਫਲ ਹੋ ਜਾਵੇਗਾ।

ਸੰਤ ਬਾਬਾ ਹਰਚਰਨ ਸਿੰਘ ਜੀ– ਬਾਬਾ ਜੀ ਨੇ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਵਰ੍ਹੇ ਦੀਆਂ ਲੱਖ-ਲੱਖ ਵਧਾਈਆਂ। ਉਹਨਾਂ ਨਾਮਧਾਰੀਆਂ ਨਾਲ ਆਪਣੇ ਮੇਲ ਜੋਲ ਬਾਰੇ ਸੰਖੇਪ ਵਿਚ ਦੱਸਿਆ।

ਗਿਆਨੀ ਗੁਰਵਿੰਦਰ ਸਿੰਘ ਜੀ– ਗਿਆਨੀ ਜੀ ਨੇ ਕਿਹਾ ਕਿ ਅੱਜ ਸਾਡੇ ਸਿੱਖ ਜਗਤ ਦੇ ਵਿਚ ਵਿਦਿਆ ਦੀ ਬਹੁਤ ਘਾਟ ਹੈ ਜਿਸ ਕਰਕੇ ਆਪਾ ਗੁਰਬਾਣੀ ਨੂੰ ਸਮਝ ਨਹੀਂ ਪਾਉਂਦੇ। ਦੁਨੀਆਂ ਤੇ ਫਕੀਰ ਬਹੁਤ ਆਏ ਹਨ ਪਰ ਉਹ ਨਾਨਕ ਸ਼ਾਹ ਵਰਗਾ ਫਕੀਰ ਨਾ ਕੋਈ ਆਇਆ ਨਾ ਕੋਈ ਆਵੇਗਾ। ਕਿਉਂਕਿ ਮੰਗਣ ਵਾਲੇ ਦੁਨੀਆਂ ਤੇ ਬਹੁਤ ਨੇ ਪਰ ਦੇਣ ਵਾਲਾ ਫਕੀਰ ਗੁਰੂ ਨਾਨਕ ਸਾਹਿਬ ਦੁਨੀਆਂ ਤੇ ਇਕ ਹੀ ਆਇਆ ਹੈ। ਜਿਸ ਦੇ ਉਪਰ ਅਕਾਲ ਪੁਰਖ ਦੀ ਬਖਸ਼ਿਸ਼ ਹੁੰਦੀ ਉਹ ਨਾਮ ਨਾਲ ਜੁੜ ਜਾਂਦਾ ਹੈ। ਜਿਹਦੇ ਉਪਰ ਬਖਸ਼ਿਸ਼ ਨਹੀਂ ਹੁੰਦੀ ਉਹ ਨਹੀਂ ਜੁੜਦਾ। ਇਸ ਲਈ ਸਵੇਰੇ ਉੱਠ ਕੇ ਅਰਦਾਸ ਕਰਿਆ ਕਰੀਏ ਸੱਚੇਪਾਤਸ਼ਾਹ ਸਾਨੂੰ ਤੂੰ ਆਪਣੇ ਚਰਨਾਂ ਨਾਲ ਜੁੜਿਆ ਹੈ ਅਸੀਂ ਤੇਰੇ ਸ਼ੁਕਰ ਗੁਜਾਰ ਹਾਂ। ਜਿਹੜੇ ਨਹੀਂ ਜੁੜੇ ਉਹਨਾਂ ਤੇ ਵੀ ਕਿਰਪਾ ਕਰ ਤੇ ਆਪਣੇ ਨਾਲ ਜੋੜ ਕੇ ਰੱਖੀ। ਜਿਹਨਾਂ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਲਿਆ ਹੈ ਉਹ ਕਦੇ ਫਿਰ ਜੂਨਾ ਵਿਚ ਨਹੀਂ ਪੈਣ ਗੇ। ਗੁਰੂ ਨਾਨਕ ਸਾਹਿਬ ਜੀ ਵਰਗਾ ਦੁਨੀਆਂ ਤੇ ਕੋਈ ਗੁਰੂ ਵੀ ਨਹੀਂ ਤੇ ਵਿਦਵਾਨ ਵੀ ਕੋਈ ਨਹੀਂ।

ਸ੍ਰੀ ਸਤਿਗੁਰੂ ਜੀ ਨੂੰ ਆਏ ਸਾਧੂ ਸੰਤਾਂ ਬੜੇ ਪਿਆਰ ਅਤੇ ਸਤਿਕਾਰ ਨਾਲ ਸਿਰੋਪਾਓ ਨਾਲ ਸਨਮਾਨਿਤ ਕੀਤਾ। ਉਪਰੰਤ ਪ੍ਰਵਚਨ ਕਰਨ ਦੀ ਕਿਰਪਾ ਕੀਤੀ।

ਗੁਰ ਉਪਦੇਸ਼:

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਬਾਹਰੋਂ ਆਏ ਹੋਏ ਪੱਤਵੰਤੇ ਸੱਜਣ ਗਿਆਨੀ ਸੱਜਣ, ਸੰਤ-ਜਨ। ਮੈਂ ਉਹਨਾਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ। ਗਿਆਨੀ ਗੁਰਿੰਦਰ ਸਿੰਘ ਜੀ ਆਏ ਨੇ, ਉਹਨਾਂ ਨੇ ਮਾਸਟਰ ਦਰਸ਼ਨ ਸਿੰਘ ਜੀ ਨਾਲ ਸਾਂਝ ਨਾਲ ਗੱਲ ਕੀਤੀ ਹੈ। ਮਹੰਤ ਸ਼ਾਮ ਸੁੰਦਰ ਜੀ, ਮਹੰਤ ਰੇਸ਼ਮ ਸਿੰਘ ਜੀ ਆਏ ਨੇ, ਸਾਡੇ ਮੁਸਲਮਾਨ ਵੀਰ ਮੌਲਾਨਾ ਰਹਿਮਾਨ ਉਸਮਾਨ ਜੀ ਉਹਨਾਂ ਆਪਣੀ ਸਾਂਝ ਸਤਿਗੁਰੂ ਰਾਮ ਸਿੰਘ ਜੀ ਤੋਂ ਦੱਸੀ ਹੈ। ਉਹਨਾਂ ਪੰਜਾਬੀ ਨੂੰ ਮਾਂ ਬੋਲੀ ਆਖ ਕੇ ਪਿਆਰ ਦਿੱਤਾ ਹੈ। ਮਰਦਾਨਾ ਜੀ ਦੀ ਸਾਂਝ ਦੱਸੀ ਹੈ, ਗਨੀ ਖਾਂ, ਨਬੀ ਖਾਂ ਦੀ ਸਾਂਝ ਦੱਸੀ ਹੈ। ਬੜਾ ਚੰਗਾ ਲੱਗਾ। ਗਿਆਨੀ ਹਰਦੀਪ ਸਿੰਘ ਜੀ, ਸੰਤ ਹਰਦੀਪ ਸਿੰਘ ਜੀ ਕਹਿਣ ਨੂੰ ਦਿਲ ਕਰਦਾ ਹੈ। ਉਹਨਾਂ ਨੂੰ ਸੁਣ ਕੇ ਬਹੁਤ ਹੀ ਚੰਗਾ ਲੱਗਾ। ਟਾਈਮ ਦੀ ਕਮੀ ਹੁੰਦੀ ਹੈ, ਜੀ ਕਰਦਾ ਸੀ ਉਹ ਇਸੇ ਤਰ੍ਹਾਂ ਬੋਲੀ ਜਾਣ। ਉਹਨਾਂ ਨੇ ਕਿਰਪਾ ਕੀਤੀ ਹੈ, ਇੱਥੇ ਆਏ ਨੇ ਸਾਡੇ ਕੋਲ। ਗਿਆਨੀ ਇੰਦਰਜੀਤ ਜੀ, ਸਾਡੇ ਅਹਿਮਦੀਏ ਵੀਰ ਤਨਵੀਰ ਖ਼ਾਦਿਮ ਜੀ, ਮਹੰਤ ਹਰਪਾਲ ਦਾਸ ਜੀ, ਸੰਤ ਹਰਚਰਨ

ਸਿੰਘ ਜੀ ਆਏ ਨੇ ਨਾਨਕ ਸਰ ਤੋਂ। ਹੋਰ ਮੈਂ ਕਈਆਂ ਦਾ ਨਾਮ ਭੁੱਲਦਾ ਹੋਵਾਂਗਾ। ਮੈਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ। ਸਾਰਿਆਂ ਤੋਂ ਪਹਿਲਾਂ ਮੈਂ ਇਹ ਗੱਲ ਕਰਨੀ ਚਾਹਾਂਗਾ ਕਿ ਸਰਕਾਰ ਦੇ ਸਮਾਗਮ ਅਕਾਲੀ ਸਮੁਦਾਏ ਦੇ ਸਮਾਗਮ, ਭਾਰਤ ਸਰਕਾਰ ਵੀ ਮਨਾ ਰਹੀ ਹੈ, ਸਾਡਾ ਸਮਾਗਮ ਬੜਾ ਛੋਟਾ ਹੈ। ਪਰ ਮੈਨੂੰ ਇਹ ਖੁਸ਼ੀ ਹੋਈ ਹੈ, ਸੰਤ ਨਿਸ਼ਾਨ ਸਿੰਘ ਜੀ ਨੂੰ ਪਤਾ ਹੈ ਕਿ ਇਹ ਸਮਾਗਮ ਅਸੀਂ ਮਨਾਇਆ ਬੜੇ ਚਾਅ ਨਾਲ ਹੈ। ਸਾਡੇ ਅੰਦਰ ਇਹ ਭਾਵਨਾ ਸੀ ਕਿ ਗੁਰੂ ਨਾਨਕ ਤੇ ਸਾਰਿਆਂ ਦਾ ਹੈ। ਅਸੀਂ ਗੁਰੂ ਨਾਨਕ ਨੂੰ ਛੋਟਾ ਕਿਉਂ ਕਰੀ ਜਾਂਦੇ ਹਾਂ। ਕੋਈ ਕਹਿੰਦਾ ਹਿੰਦੂ ਸਿੱਖ ਨਹੀਂ, ਕੋਈ ਕਹਿੰਦਾ ਹੈ ਮੁਸਲਮਾਨ ਸਿੱਖ ਨਹੀਂ, ਕੋਈ ਕਹਿ ਦਿੰਦਾ ਨਾਮਧਾਰੀ ਸਾਡੇ ਨਹੀਂ, ਉਦਾਸੀ ਸਾਡੇ ਨਹੀਂ, ਜਦੋਂ ਅਸੀਂ ਗੁਰੂ ਨਾਨਕ ਨੂੰ ਏਨਾਂ ਛੋਟਾ ਕਰ ਦੇਂਦੇ ਹਾਂ। ਉਹ ਦੁੱਖ ਹੁੰਦਾ ਹੈ।

ਅੱਜ ਜਦੋਂ ਮੈਂ ਇੱਥੇ ਨਿਤਨੇਮ ਵਿੱਚ ਆਇਆ ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਜੀ ਦਾ (ਰਿਕਾਰਡ) ਉਪਦੇਸ਼ ਲੱਗਾ ਹੋਇਆ ਸੀ। ਸੱਚੇ ਪਾਤਸ਼ਾਹ ਕੁਝ ਇਸ ਤਰ੍ਹਾਂ ਫੁਰਮਾ ਰਹੇ ਸਨ ਕਿ ਜਦੋਂ ਤੁਸੀਂ ਖਿਡਾਰੀ ਹੁੰਦੇ ਹੋ, ਤੁਹਾਡੇ ਵਿਚ ਕੋਈ ਹਿੰਦੂ, ਮੁਸਲਮਾਨ, ਸਿੱਖ ਨਹੀਂ ਹੁੰਦਾ, ਤੁਸੀਂ ਖਿਡਾਰੀ ਹੁੰਦੇ ਹੋ। ਇਸ ਤਰ੍ਹਾਂ ਹੀ ਜਦੋਂ ਅਸੀਂ ਪ੍ਰਮਾਤਮਾ ਨੂੰ ਮਿਲਣ ਵਾਲੇ ਭਗਤ ਹੁੰਦੇ ਹਾਂ। ਉਦੋਂ ਤੁਸੀਂ ਭਗਤ ਹੁੰਦੇ ਹੋ ਓਦੋਂ ਵੀ ਤੁਹਾਡੇ ਵਿਚ ਹਿੰਦੂ, ਮੁਸਲਮਾਨ, ਸਿੱਖ ਦਾ ਫਰਕ ਨਿੱਬੜ ਜਾਣਾ ਚਾਹੀਦਾ ਹੈ। ਜਦੋਂ ਗੁਰਬਾਣੀ ਪੜ੍ਹਦੇ ਹਾਂ, ਬਹੁਤ ਵੱਡੇ-ਵੱਡੇ ਗਿਆਨੀ ਬੈਠੇ ਨੇ, ਸਾਧੂ-ਸੰਤ ਬੈਠੇ ਨੇ, ਗੁਰਬਾਣੀ ਨੂੰ ਬਹੁਤ ਜਿਆਦਾ ਜਾਣਦੇ ਨੇ।

ਮੈਂ ਅਕਸਰ ਇਹ ਕਹਿੰਦਾ ਹਾਂ ਕਿ ਗੁਰਬਾਣੀ ਕਿਸੇ ਇਕ ਧਰਮ ਵਾਸਤੇ ਤੇ ਨਹੀਂ ਲਿਖੀ, ਇਹ ਗੁਰੂ ਨਾਨਕ ਦੀ, ਬਾਕੀ ਸਾਡੇ ਗੁਰੂਆਂ ਦੀ, ਜਿਹੜੇ ਗੁਰੂ ਨਾਨਕ ਤੋਂ ਪਹਿਲੇ ਹੋਏ ਭਗਤਾਂ ਦੀ ਬਾਣੀ ਹੈ। ਉਹ ਤੇ ਸਾਰਿਆਂ ਵਾਸਤੇ ਹੀ ਹੈ ਇਹਦੇ ਵਿਚ ਸਾਨੂੰ ਧਰਮ ਦੀਆਂ ਲੀਕਾਂ ਪਿਛੇ ਦਿਸਦੀਆਂ ਹਨ। ਜੇ ਮੁਸਲਮਾਨ ਭਗਤ ਬਾਬਾ ਫਰੀਦ ਜੀ ਹੋਏ, ਭਗਤ ਕਬੀਰ ਜੀ ਹੋਏ, ਮਹਾ ਰਾਸ਼ਟਰ ਤੋਂ ਨਾਮਦੇਵ ਜੀ ਆ ਗਏ, ਰਵਿਦਾਸ ਜੀ ਆ ਗਏ। ਇਹਨਾਂ ਸਾਰਿਆਂ ਦੇ ਵਿਚਾਰ ਤਾਂ ਇਕ ਹੀ ਨੇ। ਜੇ ਅਸੀਂ ਦੇਖੀਏ ਤਾਂ ਬਹੁਤ ਸਾਰੇ ਸ਼ਬਦ ਸਾਡੇ ਗੁਰੂ ਸਾਹਿਬ ਨੇ ਉਹ ਵਰਤੇ ਜਿਹੜੇ ਉਹਨਾਂ ਤੋਂ ਪਹਿਲੇ ਹੋਏ ਭਗਤਾਂ ਨੇ ਵਰਤੇ।

ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਨੇ ਹੁਕਮ ਕੀਤਾ ਕਿ ਗੁਰੂ ਨਾਨਕ ਤਾਂ ਇਕੱਲੇ ਸਿੱਖਾਂ ਦਾ ਨਹੀਂ ਉਹ ਤੇ ਸਾਰੀ ਦੁਨੀਆਂ ਦਾ ਹੈ, ਫਿਰ ਸੱਚੇਪਾਤਸ਼ਾਹ ਹੁਕਮ ਕਰਦੇ ਨੇ ਗੁਰੂ ਨਾਨਕ ਇਕੱਲੇ ਮਨੁੱਖ ਮਾਤਰ ਦਾ ਨਹੀਂ, ਉਹ ਸਾਰੇ ਜੀਆ ਦਾ ਹੈ, ਸਾਰੇ ਜੀਆਂ ਬਨਾਏ ਉਹਦੇ ਨੇ, ਉਹਦੇ ਬਿਨਾਂ ਤੇ ਕੋਈ ਹੈ ਹੀ ਨਹੀਂ। ਜਿਹੜੇ ਸਾਧੂ ਸੰਤ ਇਥੇ ਆਏ ਨੇ, ਉਹਨਾਂ ਕੋਲ ਵੀ ਇਹ ਅਰਜ਼ ਹੈ ਕਿ ਉਹ ਸਾਰੇ ਸਾਡੇ ਵਾਸਤੇ ਅਰਦਾਸ ਕਰਨ ਕਿ ਸਾਨੂੰ ਇਹ ਪ੍ਰਾਪਤੀ ਹੋਵੇ, ਕਿ ਉਸ ਸਤਿਗੁਰੂ ਨਾਨਕ, ਸਤਿਗੁਰੂ ਜਗਜੀਤ ਸਿੰਘ ਸੱਚੇਪਾਤਸ਼ਾਹ ਦੇ ਦਰਸ਼ਨ ਸਾਰਿਆਂ ਵਿਚ ਹੋਣ। ਸਾਨੂੰ ਕੋਈ ਬੇਗਾਨਾ ਲੱਗੇ ਹੀ ਨਾ, ਸਾਰੇ ਇਹ ਭੇਦ ਭਾਵ ਮਿੱਟ ਜਾਣ।

ਗੁਰੂ ਨਾਨਕ ਦੇਵ ਪਾਤਸ਼ਾਹ ਦੀ ਗੁਰਬਾਣੀ, ਗੁਰੂ ਨਾਨਕ ਦੇਵ ਪਾਤਸ਼ਾਹ ਦਾ ਧਰਮ ਜੇ ਮੈਂ ਕਹਿ ਲਵਾਂ ਰਾਕਸ਼ਾਂ ਤੋਂ ਮਨੁੱਖ ਬਣਾਉਂਦਾ ਹੈ। ਮਨੁੱਖ ਤੋਂ ਦੇਵਤੇ ਬਣਾਉਂਦਾ ਹੈ। ਦੇਵਤਿਆਂ ਤੋਂ ਤੁਹਾਨੂੰ ਪ੍ਰਮਾਤਮਾ ਦੇ ਸਰੂਪ ਬਣਾ ਦਿੰਦਾ ਹੈ। ਤੁਹਾਨੂੰ ਉਹਦੇ ਨਾਲ ਇੱਕ-ਮਿੱਕ ਕਰ ਦਿੰਦਾ ਹੈ। ਇਹ ਸੁੱਖ ਦੇਣ ਵਾਲਾ ਹੈ, ਇਹ ਨਿਰ੍ਹਾ ਧਰਮ ਨਹੀਂ, ਇਹ ਫਲਸਫਾ ਹੈ, ਇਹ ਜੀਵਨ ਜਾਚ ਹੈ। ਮੈਂ ਸੰਤ ਨਿਸ਼ਾਨ ਸਿੰਘ ਜੀ, ਤੁਹਾਡਾ ਵੀ ਧੰਨਵਾਦੀ ਹਾਂ ਕਿ ਤੁਸੀਂ ਇਹਨਾਂ ਸਾਧੂਆਂ ਨੂੰ ਇੱਥੇ ਲੈ ਕੇ ਆਏ ਹੋ, ਜਿਹਨਾਂ ਨੇ ਆ ਕੇ ਇਹ ਬਚਨ ਕੀਤੇ।

ਇਸ ਕਰਕੇ ਮੈਂ ਤੁਹਾਨੂੰ ਸਾਰਿਆਂ ਨੂੰ ਜੀ ਆਇਆ ਵੀ ਆਖਦਾ ਹਾਂ। ਇਹ ਅਰਜ਼ ਬੇਨਤੀ ਕਰਦਾ ਹਾਂ ਕਿ ਇਸ ਤਰ੍ਹਾਂ ਹੀ ਦਰਸ਼ਨ ਦਿੰਦੇ ਰਹੋ। ਸਾਡੇ ਸਾਰੇ ਆਪਣੇ ਨੇ, ਕੋਈ ਬੇਗਾਨਾ ਨਹੀਂ। ਅਸੀਂ ਇਸ ਤਰ੍ਹਾਂ ਹੀ ਸਤਿਗੁਰੂ ਨਾਨਕ ਦੇਵ ਜੀ ਦੀ ਉਸਤਤ ਕਰਦੇ ਰਹੀਏ। ਅਸੀਂ ਉਹਨਾਂ ਦੇ ਨਾਮ ਨਾਲ ਜੁੜ ਜਾਈਏ। ਅਸੀਂ ਬਾਣੀ ਨਾਲ ਜੁੜ ਜਾਈਏ। ਜਦੋਂ ਅਸੀਂ ਉਸ ਨਾਮ ਤੇ ਬਾਣੀ ਨਾਲ ਜੁੜ ਜਾਂਦੇ ਹਾਂ ਫਿਰ ਸਾਨੂੰ ਇਥੇ ਵੀ ਦੁੱਖ ਨਹੀਂ ਹੁੰਦਾ, ਇਥੇ ਵੀ ਸੁਖੀ ਰਹਿੰਦੇ ਹਾਂ। ਸਾਡਾ ਅੱਗਾ ਵੀ ਸੁਹੇਲਾ ਹੋ ਜਾਂਦਾ ਹੈ। ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ। ਮੈਂ ਤੁਹਾਡੇ ਸਾਰਿਆਂ ਦਾ ਬਹੁਤ ਬਹੁਤ ਧੰਨਵਾਦੀ ਹਾਂ।

ਸਤਿ ਸ੍ਰੀ ਅਕਾਲ॥

ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ 550 ਪਾਠਾਂ ਦੇ ਭੋਗ ਪਾਏ ਗਏ। ਮੀਆਂ ਮੀਰ ਫਾਂਉਡੇਸ਼ਨ ਵੱਲੋਂ ਸ੍ਰੀ ਅਬਦੁਰ ਮਲਿਕ ਜੀ ਨੇ ਸਤਿਗੁਰੂ ਜੀ ਨੂੰ ਤਸਵੀਰ ਭੇਟ ਕੀਤੀ। ਇਸ ਤਸਵੀਰ'ਚ ਨਾਮਧਾਰੀ ਸ਼ਹੀਦੀ ਸਥਾਨ ਮਲੇਰਕੋਟਲਾ ਦੀ ਫੋਟੋ ਹੈ ਅਤੇ ਸਾਂਈ ਮੀਆਂ ਮੀਰ ਜੀ ਦੇ ਨਾਮ ਤੇ ਗੇਟ ਸਥਾਪਿਤ ਹੋਵੇਗਾ ਉਸ ਸਥਾਨ ਦੀ ਵੀ ਫੋਟੋ ਹੈ, ਨਾਲ ਹੀ ਸਤਿਗੁਰੂ ਨਾਨਕ ਦੇਵ ਜੀ ਦੀ 550 ਵੇਂ ਪ੍ਰਕਾਸ਼ ਪੁਰਬ ਤੇ ਵਰਿਆਮ ਅਤੇ ਸਤਿਜੁਗ ਵੱਲੋਂ ਵਿਸ਼ੇਸ਼ ਅੰਕ ਰਿਲੀਜ਼ ਹੋਏ। ਪੰਜਾਬੀ ਸਥ ਵੱਲੋਂ ਛਾਪੀ ਗਈ ਪੁਸਤਕ 'ਜਗਤ ਗੁਰੂ ਬਾਬਾ' ਡਾ.ਲਖਵੀਰ ਸਿੰਘ ਰਾਮਪੁਰਾ ਫੂਲ ਵੱਲੋਂ ਸਤਿਗੁਰੂ ਜੀ ਨੂੰ ਭੇਟ ਕੀਤੀ। ਇਹ ਪੁਸਤਕ ਇੱਕ ਲੱਖ ਦੀ ਗਿਣਤੀ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਛਪੀ ਅਤੇ ਮੁਫਤ ਵੰਡੀ ਗਈ ਹੈ।

ਉਪਰੰਤ ਸੂਬਾ ਬਲਵਿੰਦਰ ਸਿੰਘ ਨੇ ਅਰਦਾਸ ਕੀਤੀ।-------------

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਸ਼ਟਰਪਤੀ ਭਵਨ ਵਿੱਚ ਨਾਮਧਾਰੀ ਰਾਗੀ ਜਥੇ ਵੱਲੋਂ ਕੀਰਤਨ

5 ਨਵੰਬਰ 2019 ਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਦੇ ਉੱਦਮ ਅਤੇ ਅਣਥੱਕ ਯਤਨਾਂ ਸਕਦਾ, ਰਾਸ਼ਟਰਪਤੀ ਭਵਨ ਦੇ ਕਲਚਰਲ ਸੈਂਟਰ, ਨਵੀਂ ਦਿੱਲੀ ਵਿਖੇ ਸ੍ਰੀ ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਦੇ 550ਵੇਂ ਪ੍ਰਕਾਸ਼ ਉੱਤਸਵ ਦੀ ਪਾਵਨ ਯਾਦ ਨੂੰ ਗੁਰਬਾਣੀ ਗਾਇਨ ਦੇ ਰੂਪ ਵਿੱਚ ਮਨਾਇਆ ਗਿਆ। ਪ੍ਰਕਾਸ਼ ਉਤਸਵ ਦਾ ਆਰੰਭ ਡਾ. ਮਨਮੋਹਨ ਸਿੰਘ ਜੀ ਪੂਰਵ ਪ੍ਰਧਾਨ ਮੰਤਰੀ ਨੇ ਸਾਹਿਤ ਸਦਨ ਦੇ ਚੇਅਰਮੈਨ ਹੋਣ ਦੇ ਨਾਤੇ ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮ ਨਾਥ ਕੋਵਿੰਦ ਜੀ, ਉਹਨਾਂ ਦੀ ਧਰਮ ਪਤਨੀ ਅਤੇ ਆਏ ਹੋਏ ਸਾਰੇ ਸੱਜਣਾਂ ਨੂੰ ਜੀ ਆਇਆਂ ਆਖ ਕੇ ਕੀਤਾ। ਉਹਨਾਂ ਇਹ ਵੀ ਦੱਸਿਆ ਕਿ ਪੰਡਿਤ ਜਸਰਾਜ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਅੱਜ ਦਾ ਗੁਰਬਾਣੀ ਗਾਇਨ ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਬਲਵੰਤ ਸਿੰਘ ਅਤੇ ਉਹਨਾਂ ਦੇ ਸਾਥੀ ਕਰਨਗੇ।

ਸਭ ਤੋਂ ਪਹਿਲੋਂ ਬੀਬੀ ਤਰਨਜੀਤ ਕੌਰ ਅਤੇ ਮਨਜੀਤ ਕੌਰ ਨੇ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਪ੍ਰਤੀ ਸ਼ਰਧਾ ਪੂਰਵਕ ਇੱਕ ਕਵਿਤਾ ਦਾ ਗਾਇਨ ਕੀਤਾ। ਉਪਰੰਤ ਡਾ. ਮਹਿੰਦਰ ਸਿੰਘ ਨੇ ਦੱਸਿਆ ਕਿ ਹੁਣ ਸ੍ਰੀ ਭੈਣੀ ਸਾਹਿਬ ਤੋਂ ਆਏ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਿਖਾਏ ਹੋਏ ਹਜ਼ੂਰੀ ਰਾਗੀ ਸਰਵ ਸ੍ਰੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸਤਨਾਮ ਸਿੰਘ ਅਤੇ ਈਸ਼ਰ ਸਿੰਘ ਸ਼ੁੱਧ ਰਾਗਾਂ ਵਿੱਚ ਤੰਤੀ ਸਾਜਾਂ ਨਾਲ ਗੁਰਬਾਣੀ ਗਾਇਨ ਪ੍ਰਸਤੁਤ ਕਰਨਗੇ।

ਰਾਗੀ ਬਲਵੰਤ ਸਿੰਘ ਨੇ ਰਾਗਾਂ ਅਤੇ ਸ਼ਬਦਾਂ ਦੀ ਸੰਖੇਪ ਜਿਹੀ ਜਾਣਕਾਰੀ ਦੇਣ ਉਪਰੰਤ ਬੜੇ ਹੀ ਸਨਿਮਰ ਸ਼ਬਦਾਂ ਨਾਲ ਹੱਥ ਜੋੜ ਬੇਨਤੀ ਕੀਤੀ ਕਿ ਗੁਰਬਾਣੀ ਦੀ ਮਰਿਯਾਦਾ ਅਤੇ ਸਤਿਕਾਰ ਵਜੋਂ ਸਭ ਸਰੋਤੇ ਕਿਰਪਾ ਕਰਕੇ ਸਿਰ ਢੱਕ ਲੈਣ ਅਤੇ ਜੋੜੇ ਉਤਾਰ ਲੈਣ। ਰਾਸ਼ਟਰਪਤੀ ਜੀ ਟੋਪੀ ਪਹਿਨ ਕੇ ਹੀ ਪ੍ਰੋਗਰਾਮ ਵਿੱਚ ਆਏ ਸਨ, ਉਹਨਾਂ ਨੇ ਜੋੜੇ ਉਤਾਰੇ, ਡਾ. ਮਨਮੋਹਨ ਸਿੰਘ, ਉਹਨਾਂ ਦੀ ਧਰਮ ਪਤਨੀ ਬੀਬੀ ਗੁਰਸ਼ਰਨ ਕੌਰ ਅਤੇ ਸਭ ਸਰੋਤਿਆਂ ਦੇ ਸਿਰ ਢੱਕਣ ਅਤੇ ਜੋੜੇ ਉਤਾਰਨ ਦੀ ਖੁਸ਼ਗਵਾਰ ਸਰਸਰਾਹਟ ਦੀ ਮੱਧਮ-ਮੱਧਮ ਆਵਾਜ਼ ਆ ਰਹੀ ਸੀ। ਰਾਗੀ ਬਲਵੰਤ ਸਿੰਘ ਅਤੇ ਸਾਥੀਆਂ ਦੇ ਸਾਜ਼ਾਂ ਦੀਆਂ ਤਾਰਾਂ ਵਿੱਚੋ ਨਿਕਲਦੀਆਂ ਮਧੁਰ ਧੁਨਾਂ ਨਾਲ ਹਾਲ ਗੂੰਜਣਾ ਸ਼ੁਰੂ ਹੋ ਗਿਆ।

ਸ੍ਰੀ ਬਲਵੰਤ ਸਿੰਘ ਨੇ ਡੰਡਉਤ ਬੰਦਨਾਂ ਤੋਂ ਬਾਦ ਰਾਗ ਤਿਲੰਗ ਵਿੱਚ ਅੰਗ 721 ਤੇ ਅੰਕਿਤ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਸ਼ਬਦ "ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥" ਦਾ ਗਾਇਨ ਕੀਤਾ। ਉਪਰੰਤ ਭਾਈ ਗੁਰਦਾਸ ਜੀ ਦੀ ਵਾਰ "ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰ ਨਾਨਕ ਆਇਆ ਅਤੇ ਅੰਤ ਵਿੱਚ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਦਾ ਉਚਾਰਨ ਰਾਗੁ ਧਨਾਸਰੀ ਦਾ ਸ਼ਬਦ, ਜਿਸ ਨੂੰ ਸਿੱਖ ਜਗਤ ਵਿੱਚ ਆਰਤੀ ਕਰਕੇ ਜਾਣਿਆ ਜਾਂਦਾ ਹੈ, "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ" ਦਾ ਗਾਇਨ ਕੀਤਾ। ਗੁਰਬਾਣੀ ਗਾਇਨ ਰਾਗੀ ਬਲਵੰਤ ਸਿੰਘ ਅਤੇ ਸਾਥੀਆਂ ਦੁਆਰਾ ਏਨਾਂ ਮਧੁਰ ਅਤੇ ਆਨੰਦ ਦਾਇਕ ਸੀ ਕਿ ਹਾਲ ਵਿੱਚ ਪੰਜ ਸੌ ਤੋਂ ਵੱਧ ਬੈਠੇ ਸਰੋਤੇ ਕੀਲੇ ਹੋਏ ਜਾਪਦੇ ਸਨ ਅਤੇ ਮੰਤਰ ਮੁਗਧ ਹੋ ਇੱਕ ਰਸ ਗੁਰਬਾਣੀ ਗਾਇਨ ਦਾ ਆਨੰਦ ਮਾਣ ਰਹੇ ਸਨ। ਰਾਗੀਆਂ ਦੇ ਉੱਚੇ ਸੁਰ ਅਤੇ ਬੜੇ ਹੀ ਸਪਸ਼ਟ ਸ਼ਬਦ ਜੋ ਸਰੋਤਿਆਂ ਨੂੰ ਅੱਖਰ ਅੱਖਰ ਸਮਝ ਆ ਰਹੇ ਸਨ, ਵਿੱਚ ਗਾਇਨ ਅਲੌਕਿਕ ਹੀ ਸੀ। ਏਸੇ ਕਰਕੇ ਹੀ ਰਾਸ਼ਟ੍ਰਪਤੀ ਜੀ ਨੇ ਆਪਨੇ ਭਾਸ਼ਣ ਵਿੱਚ ਪਹਿਲੋਂ ਇਹ ਆਖਿਆ ਕਿ "ਕੀਰਤਨ ਬੜਾ ਰਸ-ਦਾਇਕ ਔਰ ਪ੍ਰਭਾਵਸ਼ਾਲੀ ਹੋਨੇ ਕੇ ਕਾਰਨ ਵਕਤ ਬੰਧ ਗਿਆ ਔਰ ਪਤਾ ਹੀ ਨਹੀਂ ਚਲਾ ਕਬ ਏਕ ਘੰਟੇ ਕਾ ਸਮਯ ਬਤੀਤ ਹੋ ਗਿਆ।"

ਇਸ ਮੌਕੇ ਦਿੱਲੀ ਤੋਂ ਵਸ਼ਿਸ਼ਟ ਸਰੋਤਿਆਂ ਵਿੱਚ ਬੀਬੀ ਹਰਸਿਮਰਤ ਕੌਰ ਬਾਦਲ, ਕੇਂਦਰੀ ਮੰਤਰੀ, ਪਦਮ ਭੂਸ਼ਨ ਸਰ ਮਾਰਕ ਟੱਲੀ, ਚੀਫ ਜਸਟਿਸ (ਰਿ:) ਜਗਦੀਸ਼ ਸਿੰਘ ਖੇਹਰ, ਪੀਰ ਨਿਜ਼ਾਮੀ ਜੀ, ਕੁੰਵਰ ਓਅੰਕਾਰ ਸਿੰਘ ਅਪੋਲੋ ਟਾਇਰ, . ਮਨਜਿੰਦਰ ਸਿੰਘ ਸਿਰਸਾ ਪ੍ਰਧਾਨ ਦਿ.ਸਿ.ਗੁ. ਕਮੇਟੀ, ਸਾਬਕਾ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ. ਆਦਿ ਹਾਜ਼ਰ ਸਨ।

ਹਰਵਿੰਦਰ ਸਿੰਘ ਹੰਸਪਾਲ, Ex.M.P.
ਪ੍ਰਧਾਨ ਨਾਮਧਾਰੀ ਦਰਬਾਰ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸੁਲਤਾਨਪੁਰ ਲੋਧੀ ਵਿਖੇ ਦਰਸ਼ਨ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ 550 5 ਨਵੰਬਰ 2019 ਵਾਂ ਪ੍ਰਕਾਸ਼ ਵਰ੍ਹਾਂ ਦੇਸ਼ ਵਿਦੇਸ਼ ਵਿਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਸਿੱਖ ਬੜੀ ਹੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾ ਰਹੇ ਹਨ। ਪੰਜਾਬ ਦੀ ਧਰਤੀ ਤੇ ਇਸ ਦੇ ਸਬੰਧ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਰਨ ਛੁਹ ਪ੍ਰਾਪਤ ਸੁਲਤਾਨਪੁਰ ਲੋਧੀ ਦੀ ਧਰਤੀ ਤੇ ਵਿਸ਼ੇਸ ਸਮਾਗਮ ਕੀਤੇ ਗਏ। ਇਸ ਦੌਰਾਨ ਜਿਸ ਦਿਨ ਪਵਿੱਤਰ ਗੁਰਬਾਣੀ ਦੇ ਪਾਠ ਦੀ ਅਰੰਭਤਾ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਮਧਾਰੀ ਸਿੱਖ ਸੰਗਤਾਂ ਸਾਹਿਤ ਉਚੇਚੇ ਤੌਰ ਤੇ 5 ਨਵੰਬਰ 2019 ਦਿਨ ਮੰਗਲਵਾਰ ਨੂੰ ਸੁਲਤਾਨਪੁਰ ਲੋਧੀ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਸੁਲਤਾਨਪੁਰ ਲੋਧੀ ਵਿਖੇ ਮੁੱਖ ਪੰਡਾਲ ਵਿੱਚ ਜਿਥੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਆਰੰਭ ਹੋਣਾ ਸੀ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸਵਾਗਤ ਕੀਤਾ ਅਤੇ ਸੁਲਤਾਨਪੁਰ ਲੋਧੀ ਦੇ M.L.A ਸ. ਨਵਤੇਜ ਸਿੰਘ ਚੀਮਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਜੀ ਆਇਆ ਆਖਿਆ। ਮੰਚ ਤੇ ਸ੍ਰੀ ਸਤਿਗੁਰੂ ਜੀ ਆਪਣੇ ਆਸਣ ਤੇ ਸੁਭਾਇਮਾਨ ਸਨ ਅਤੇ ਨਾਲ ਹੀ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ ਵਾਲੇ, ਗੁਰੂ ਨਾਨਕ ਦੇਵ ਜੀ ਦੀ ਅੰਸਬੰਸ ਵਿਚੋਂ ਸਤਿਕਾਰ ਯੋਗ ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਬਲਬੀਰ ਸਿੰਘ ਸੀਚੇਵਾਲ, ਬਾਬਾ ਬਲਬੀਰ ਸਿੰਘ ਨਿਹੰਗ ਬੁੱਢਾ ਦਲ ਮੁੱਖੀ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਘੱਲਾ ਸਿੰਘ ਤਰਨਤਾਰਨ ਅਤੇ ਹੋਰ ਨਿਰਮਲੇ ਅਤੇ ਉਦਾਸੀ ਸੰਪ੍ਰਦਾਏ ਦੇ ਸਾਧੂ ਸਟੇਜ ਤੇ ਹਾਜ਼ਰ ਸਨ। ਪੰਡਾਲ ਵਿੱਚ ਨਾਮਧਾਰੀ ਸਾਧ ਸੰਗਤ ਕਾਫੀ ਵੱਡੀ ਗਿਣਤੀ ਵਿੱਚ ਮੌਜੂਦ ਸੀ।

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਇੱਕ ਦਿਨ ਨਾਮਧਾਰੀ ਦਰਬਾਰ ਦੇ ਰਾਗੀ ਹਰਬੰਸ ਸਿੰਘ ਜੀ ਘੁੱਲਾ ਅਤੇ ਉਹਨਾਂ ਦੇ ਸਾਥੀਆਂ ਨੂੰ ਗੁਰਬਾਣੀ ਦਾ ਕੀਰਤਨ ਕਰਨ ਦਾ ਸਮਾਂ ਵੀ ਦਿੱਤਾ ਗਿਆ। 1 ਨਵੰਬਰ ਤੋਂ 12 ਨਵੰਬਰ ਤੱਕ ਲਗਾਤਾਰ ਚੱਲੇ ਪ੍ਰੋਗਰਾਮ ਵਿੱਚ ਨਾਮਧਾਰੀ ਸਾਧ ਸੰਗਤ ਦੀ ਹਾਜਰੀ ਜਿਕਰਯੋਗ ਰਹੀ। ਇਸੇ ਤਰ੍ਹਾਂ ਸਮਾਪਤੀ ਸਮਾਗਮ ਵਿੱਚ 12 ਨਵੰਬਰ ਨੂੰ ਨਾਮਧਾਰੀ ਸਾਧ ਸੰਗਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਮੁਤਾਬਿਕ ਹੁੰਮ-ਹੁਮਾ ਕੇ ਸੁਲਤਾਨਪੁਰ ਲੋਧੀ ਵਿੱਖੇ ਪਹੁੰਚੀ

ਸੂਬਾ ਬਲਵਿੰਦਰ ਸਿੰਘ ਝੱਲ

ਰਾਜਸਥਾਨ ਦੇ ਜਿਲ੍ਹਾ ਜੱਲਰ ਵਿੱਚ ਪਥਮੇੜਾ ਗਊਧਾਮ ਦਾ 25ਵਾਂ ਸਥਾਪਨਾ ਦਿਵਸ

4 ਨਵੰਬਰ- ਹਿੰਦੋਸਤਾਨ ਦੀਆਂ ਪੁਰਾਤਨ ਪ੍ਰੰਪਰਾਵਾਂ ਮੁਤਾਬਿਕ ਭਾਰਤੀ ਲੋਕ ਗਊ ਪਾਲਣ ਅਤੇ ਗਊ ਰੱਖਿਆ ਨੂੰ ਆਪਣਾ ਧਾਰਮਿਕ ਫਰਜ਼ ਸਮਝਕੇ ਇਸ ਕਾਰਜ ਨੂੰ ਤਨ ਮਨ ਧਨ ਨਾਲ ਨਿਭਾਉਂਦੇ ਹਨ। ਸਾਡੇ ਸਤਿਗੁਰੂ ਸਹਿਬਾਨਾਂ ਦੇ ਦਿੱਤੇ ਹੋਏ ਉਪਦੇਸ਼ ਵੀ ਹਮੇਸ਼ਾ ਸਾਨੂੰ ਇਹ ਹੀ ਪ੍ਰੇਰਨਾ ਦਿੰਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਅਨੁਸਾਰ ਗਊਆਂ ਦੀ ਕੇਵਲ ਪੂਜਾ ਹੀ ਨਹੀਂ, ਸੇਵਾ ਵੀ ਕਰਨੀ ਚਾਹੀਦੀ ਹੈ। ਗਊ ਦੀ ਸੇਵਾ ਕਰਨ ਨਾਲ ਗਊ ਰੱਖਿਆ ਆਪੇ ਹੋ ਜਾਂਦੀ ਹੈ। ਕੋਈ ਸਮਾਂ ਸੀ ਜਦੋਂ ਗਊ ਨੂੰ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦਾ ਅਧਾਰ ਮੰਨਿਆ ਜਾਂਦਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮਾਂ ਨੂੰ ਸਾਕਾਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹਿੰਦੋਸਤਾਨ ਵੱਖ ਵੱਖ ਇਲਾਕਿਆਂ ਵਿੱਚ ਗਊ ਪਾਲਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਬੜੇ ਅਦਬ ਅਤੇ ਸਤਿਕਾਰ ਨਾਲ ਲੈਂਦੇ ਹਨ। ਇਸੇ ਤਰ੍ਹਾਂ ਹੀ ਰਾਜਸਥਾਨ ਦੇ ਜਿਲ੍ਹਾ ਜੱਲਰ ਵਿਖੇ ਸਥਾਪਿਤ ਪਥਮੇੜਾ ਗਊਧਾਮ ਦੇ ਸੰਚਾਲਕ ਸਵਾਮੀ ਦੱਤ ਸਰਨਾ ਨੰਦ ਜੀ 2003 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ ਉਚੇਚੇ ਸ੍ਰੀ ਭੈਣੀ ਸਾਹਿਬ ਆਏ ਬੇਸ਼ੱਕ ਸਵਾਮੀ ਜੀ ਦੀ ਗਊ ਸ਼ਾਲਾ ਵਿੱਚ ਇਕ ਲੱਖ ਦੇ ਕਰੀਬ ਗਊਆਂ ਸਨ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕਰਕੇ ਸਵਾਮੀ ਜੀ ਨੇ ਸਾਹੀਵਾਲ ਨਸਲ ਦੀਆਂ ਚਾਰ ਗਊਆਂ ਦੀ ਮੰਗ ਕੀਤੀ ਜਿਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ ਕੀਤਾ ਅਤੇ ਸਵਾਮੀ ਜੀ ਨੂੰ ਚਾਰ ਗਊਆਂ ਅਤੇ ਇਕ ਸਾਨ ਦੇਣ ਦੀ ਕਿਰਪਾ ਕੀਤੀ। ਆਪਣੀ ਪੰਦਰਾਂ ਸਾਲ ਦੀ ਪੁਰਾਣੀ ਸਾਂਝ ਨੂੰ ਮੁੱਖ ਰੱਖਕੇ ਸਵਾਮੀ ਜੀ ਨੇ ਆਪਣੀ ਗਊ ਸ਼ਾਲਾ ਦੇ (ਸਿਲਵਰ ਜੁਬਲੀ) 25 ਸਾਲਾ ਸਥਾਪਨਾ ਪ੍ਰੋਗਰਾਮ ਵਿੱਚ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੂੰ ਬੜੇ ਹੀ ਸਤਿਕਾਰ ਸਹਿਤ ਸੱਦਾ ਭੇਜਿਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਆਪਣੇ ਅਤੀ ਰੁਝੇਵਿਆਂ ਕਾਰਨ ਪ੍ਰੋਗਰਾਮ ਨਾ ਬਣ ਸਕਿਆ। ਆਪ ਜੀ ਨੇ ਉਚੇਚਾ

ਹੁਕਮ ਕੀਤਾ ਕਿ ਸੰਤ ਗੁਰੂਬਚਨ ਸਿੰਘ ਚੰਡੀਗੜ ਅਤੇ ਇਹਨਾਂ ਸਤਰਾਂ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਸਮੇਤ ਸੁਰਤਪਾਲ ਸਿੰਘ ਫੋਟੋਗਰਾਫਰ ਉਸ ਪ੍ਰੋਗਰਾਮ ਵਿੱਚ ਜਰੂਰ ਜਾਣ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਸੀਂ ਤਿੰਨੇ 3 ਨਵੰਬਰ 2019 ਸ਼ਾਮ ਨੂੰ ਦਿੱਲੀ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਪਹੁੰਚੇ ਅਤੇ 4 ਨਵੰਬਰ ਸਵੇਰੇ 7:10 ਤੇ ਹਵਾਈ ਸਫਰ ਰਾਹੀਂ 9 ਵਜੇ ਰਾਜਸਥਾਨ ਦੇ ਸ਼ਹਿਰ ਉਦੇਪੁਰ ਦੇ ਹਵਾਈ ਅੱਡੇ ਰਾਈਵਾੜਾ ਹੁੰਦੇ ਹੋਏ 280 ਕਿ:ਮੀ ਦਾ ਸਫਰ ਤਹਿ ਕਰਦੇ ਹੋਏ 3 ਵਜੇ ਉਸ ਅਸਥਾਨ ਤੇ ਪਹੁੰਚੇ ਜਿੱਥੇ ਇਸ ਸਮਾਗਮ ਦਾ ਅਯੋਜਨ ਕੀਤਾ ਹੋਇਆ ਸੀ।ਕਾਫੀ ਵੱਡੇ ਪੰਡਾਲ ਚ ਪਹੁੰਚਣ ਤੇ ਪਤਾ ਲੱਗਾ ਕਿ ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਅਸ਼ੋਕ ਗਹਿਲੋਤ ਮੁੱਖ ਮੰਤਰੀ ਰਾਜਸਥਾਨ ਹਾਜ਼ਰ ਸਨ।ਸਵਾਮੀ ਜੀ ਦੇ ਸੇਵਕ ਸ੍ਰੀ ਬੀਠਲ ਜੀ ਨੇ ਸਾਨੂੰ ਬੜੇ ਪਿਆਰ ਨਾਲ ਜੀ ਆਇਆ ਆਖਿਆ ਅਤੇ ਸਾਡਾ ਡੇਰਾ ਕਰਵਾਇਆ।ਕੁੱਝ ਦੇਰ ਰੁਕਣ ਤੋਂ ਬਾਅਦ ਅਸੀ ਪੰਡਾਲ ਵਿੱਚ ਹਾਜਰ ਹੋਏ ਤਾਂ ਪਤਾ ਲੱਗਾ ਕਿ ਬਿੰਦਰਾਬਨ ਤੋਂ ਸਵਾਮੀ ਰਜਿੰਦਰ ਜੀ ਕਥਾ ਪ੍ਰਵਚਨ ਕਰਨ ਵਾਲੇ ਹਨ।ਪੰਡਾਲ ਦੀ ਹਾਜਰੀ ਭਰਪੂਰ ਸੀ ਇਸ ਕਰਕੇ ਕਥਾ ਤੋਂ ਪਹਿਲਾਂ ਹੀ ਮੰਚ ਤੋਂ ਸਟੇਜ ਸਕੱਤਰ ਵੱਲੋ ਅਨਾਊਸ ਕੀਤਾ ਗਿਆ ਕਿ ਪੰਜਾਬ ਦੀ ਧਰਤੀ ਤੇ ਸਥਾਪਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਗੁਰਗੱਦੀ ਜੋ ਕਿ ਗਊ ਰੱਖਿਆ ਅਤੇ ਗਊ ਦੀ ਸੇਵਾ ਕਰਨ ਲਈ ਬਹੁਤ ਹੀ ਆਦਰ ਅਤੇ ਸਤਿਕਾਰ ਯੋਗ ਹੈ। ਉਸ ਗੱਦੀ ਤੇ ਬਿਰਾਜਮਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਸੰਤ ਗੁਰੂਬਚਨ ਸਿੰਘ ਜੀ ਪ੍ਰਵਚਨ ਕਰਨਗੇ ਤਾਂ ਸੰਤ ਗੁਰੂਬਚਨ ਸਿੰਘ ਜੀ ਨੂੰ ਮੰਚ ਤੇ ਨਿਵਾਜਿਆ ਗਿਆ ਜਿੱਥੇ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦਿਤੇ ਭਾਸ਼ਣ ਕਰਕੇ ਸਭਨਾ ਨੇ ਖੂਭ ਤਾੜੀਆਂ ਮਾਰਕੇ ਸੁਆਗਤ ਕੀਤਾ।ਸੰਤ ਗੁਰੂਬਚਨ ਸਿੰਘ ਜੀ ਨੇ ਗਊ ਦੀ ਮਹਾਨਤਾ ਅਤੇ ਅੰਗਰੇਜ ਰਾਜ ਸਮੇਂ ਨਾਮਧਾਰੀ ਸਿੱਖਾਂ ਵੱਲੋਂ ਗਊ ਰੱਖਿਆ ਲਈ ਕੀਤੀਆਂ ਕੁਰਬਾਨੀਆਂ ਦਾ ਜਿਕਰ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਸਵਾਮੀ ਜੀ ਦੇ ਸਤਿਕਾਰ ਲਈ ਭੇਜਿਆ ਮਾਲਾ, ਆਸਣ, ਗੜਵਾ, ਪਊਏ ਅਤੇ ਮਾਇਆ ਸਵਾਮੀ ਜੀ ਨੂੰ ਭੇਟ ਕੀਤੀ ਗਈ। ਗਊ ਰਿਸ਼ੀ ਸਵਾਮੀ ਦੱਤ ਸਰਨਾ ਨੰਦ ਜੀ ਨੇ ਹੋਰ ਆਏ ਹੋਏ ਵਿਦਵਾਨਾਂ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਚੇਚੇ ਤੌਰ ਤੇ ਬੜੇ ਸਤਿਕਾਰ ਨਾਲ ਜਿਕਰ ਕੀਤਾ। ਕਿ ਕਿਸ ਤਰ੍ਹਾਂ ਮੈਂ ਸ੍ਰੀ ਭੈਣੀ ਸਾਹਿਬ ਜਾ ਕੇ ਦਰਸਨ ਕਰਕੇ ਆਇਆ ਹਾਂ। ਅਤੇ ਪੂਰੇ ਸਨਾਤਨੀ ਧਰਮ ਦੀ ਪਾਲਣਾ ਕਰ ਰਹੇ ਲੋਕਾਂ ਦੇ ਦਰਸਨ ਕਰਕੇ ਆਇਆ ਹਾਂ ਸਮਾਗਮ ਦੀ ਸਮਾਪਤੀ ਬਾਅਦ ਸਾਨੂੰ ਗਊਸ਼ਾਲਾ ਦਾ ਦਰਸਨ ਵੀ ਕਰਵਾਇਆ ਗਿਆ। ਕਿਸ ਤਰ੍ਹਾਂ ਗਊਆਂ ਦੀ ਸਾਭ ਸੰਭਾਲ ਅਤੇ ਬੀਮਾਰ ਗਊਆਂ ਦੀ ਸੇਵਾ ਕੀਤੀ ਜਾਂਦੀ ਹੈ। ਸਵਾਮੀ ਜੀ ਨੇ ਆਖਿਆ ਕਿ ਮੇਰੀ ਤਰਫੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰਨਾ ਕਿ ਸਤਿਗੁਰੂ ਜੀ ਇੱਥੇ ਦਰਸ਼ਨ ਦੇਣ ਲਈ ਜਰੂਰ ਆਉਣ ਅਤੇ ਇਕ ਹਫਤਾ ਸਾਡੇ ਕੋਲ ਰੁਕਣ। ਸਵਾਮੀ ਜੀ ਨੇ ਕੁੱਝ ਵਸਤੂਆਂ ਸਤਿਗੁਰੂ ਜੀ ਨੂੰ ਚਰਨ ਭੇਟ ਕਰਨ ਲਈ ਭੇਜੀਆਂ। ਇੱਥੋਂ ਅਸੀਂ ਵਿਦਾਇਗੀ ਲੈ ਕੇ ਫਿਰ ਲੰਮਾਂ ਸਫਰ ਤਹਿ ਕਰਕੇ ਸ੍ਰੀ ਭੈਣੀ ਸਾਹਿਬ ਆਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਏ।

-ਸੂਬਾ ਬਲਵਿੰਦਰ ਸਿੰਘ ਝੱਲ

ਪਿੰਡ ਬੀੜ ਗੁਰੂ ਕਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਰੋਸਾਈ ਧਰਤੀ ਹੈ, ਪਿੰਡ 'ਬੀੜ ਗੁਰੂ ਕਾ, ਜਿਲਾ ਫਤਿਹਗੜ੍ਹ ਸਾਹਿਬ। ਇਸ ਧਰਤੀ ਦਾ ਨਾਮਧਾਰੀ ਇਤਿਹਾਸ ਵਿਚ ਵਿਸ਼ੇਸ਼ ਅਤੇ ਜਿਕਰਯੋਗ ਸਥਾਨ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਨਾਮਧਾਰੀ ਸਾਧ ਸੰਗਤ ਹਰ ਛੇ ਮਹੀਨੇ ਬਾਅਦ ਜਦੋਂ ਫਸਲ ਦੇ ਪੱਕਣ ਦਾ ਸਮਾਂ ਆਉਂਦਾ ਹੈ ਤਾਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਰਜ ਕਰਕੇ ਪਵਾਇਆ ਜਾਂਦਾ ਹੈ। ਨਗਰ ਦੀ ਸਾਧ ਸੰਗਤ ਵੱਲੋਂ ਅਰਜ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 28 ਸਤੰਬਰ 2019 ਮੁਤਾਬਿਕ 12 ਅੱਸੂ 2076, ਦਿਨ ਸ਼ਨੀਵਾਰ ਨੂੰ ਨਾਮਧਾਰੀ ਧਰਮਸ਼ਾਲਾ ਪਿੰਡ ਬੀੜ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਨਗਰ ਦੀ ਸਾਧ ਸੰਗਤ ਹੁੰਮ ਹੁਮਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਧਰਮਸ਼ਾਲਾ ਪਹੁੰਚੀ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ ਅਤੇ ਹੁਕਮ ਕੀਤਾ ਕਿ ਤੁਹਾਡੇ ਆਪਣੇ ਨੌਜੁਵਾਨ ਬੱਚੇ ਗੁਰਬਾਣੀ ਨਾਲ ਜੁੜ ਕੇ ਅਖੰਡ ਪਾਠੀ ਬਨਣ ਅਤੇ ਉਹਨਾਂ ਦਾ ਜੀਵਨ ਗੁਰ ਸਿੱਖੀ ਵਾਲਾ

ਹੋਵੇ। ਮਹੰਤ. ਜਸਵੰਤ ਸਿੰਘ ਵੜੈਚ, ਸੁਖਦੇਵ ਸਿੰਘ ਵਿਰਕ, ਕੁਲਦੀਪ ਸਿੰਘ, ਹਰਦੀਪ ਸਿੰਘ, ਗੁਰਨਾਮ ਸਿੰਘ, ਨੰਬਰਦਾਰ ਭਜਨ ਸਿੰਘ, ਨਿਰਮਲ ਸਿੰਘ ਭੋਲਾ, ਨਾਜਰ ਸਿੰਘ ਨੇ ਭੇਟਾ ਧਰ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਜਸਪਾਲ ਸਿੰਘ ਪੁੱਤਰ ਸ. ਅਪਾਰ ਸਿੰਘ ਦੇ ਘਰ ਉਸਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਸ. ਭੁਪਿੰਦਰ ਸਿੰਘ ਪੁੱਤਰ ਸ. ਗੁਰਮੀਤ ਸਿੰਘ ਪਟਵਾਰੀ ਅਤੇ ਸ. ਰਜਿੰਦਰ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਵਾਪਸੀ ਸਮੇਂ ਅਮਲੋਹ ਸ਼ਹਿਰ ਵਿਖੇ ਸ. ਭਜਨ ਸਿੰਘ ਨੰਬਰਦਾਰ ਦੇ ਸਪੁੱਤਰ ਸ. ਗੁਰਮੀਤ ਸਿੰਘ ਦੀ ਵਰਕਸ਼ਾਪ ਵਿਖੇ ਵੀ ਚਰਨ ਪਾਏ।

ਸੂਬਾ ਬਲਵਿੰਦਰ ਸਿੰਘ ਝੱਲ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਵਰ੍ਹੇ ਨੂੰ ਸਮਰਪਿਤ ਕੇਂਦਰ ਸਰਕਾਰ ਵੱਲੋਂ 200 ਰੁਪਏ ਦਾ ਯਾਦਗਾਰੀ ਸਿੱਕਾ ਅਤੇ 10 ਰੁਪਏ ਦਾ ਸਰਕੁਲੇਸ਼ਨ ਸਿੱਕਾ ਰਿਲੀਜ਼ ਕੀਤਾ ਜਾਵੇਗਾ-

ਇਸ ਸਬੰਧੀ ਸ੍ਰੀ ਸੁਰਿੰਦਰ ਸਿੰਘ ਨਾਮਧਾਰੀ, ਪ੍ਰਧਾਨ ਵਿਸ਼ਵ ਨਾਮਧਾਰੀ ਸੰਗਤ, ਵਾਈਸ ਚੇਅਰਮੈਨ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ, ਵੱਲੋ ਦੱਸਿਆ ਗਿਆ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋ ਸਭ ਤੋ ਪਹਿਲਾਂ ਨਾ ਮਿਲਵਰਤਨ ਅਤੇ ਸਵਦੇਸ਼ੀ ਲਹਿਰ ਦੀ ਸ਼ੁਰੂਆਤ ਕੀਤੀ ਗਈ ਅਤੇ ਅੰਗੇਰਜ਼ਾਂ ਦੇ ਖਿਲਾਫ ਆਜ਼ਾਦੀ ਦੀ ਲੜਾਈ ਦਾ ਬਿਗਲ ਵਜਾਇਆ। ਅੰਗਰੇਜ਼ਾਂ ਵੱਲੋ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਸਾਹਮਣੇ ਖਲਾਰ ਕੇ ਮਲੇਰਕੋਟਲਾ ਵਿਖੇ ਸ਼ਹੀਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਰਾਏਕੋਟ ਵਿਖੇ 3, ਲੁਧਿਆਣਾ ਵਿਖੇ 2 ਅਤੇ ਅੰਮ੍ਰਿਤਸਰ ਵਿਖੇ 4 ਨਾਮਧਾਰੀ ਸਿੰਘਾਂ ਨੂੰ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਅੰਗਰੇਜ਼ਾਂ ਵੱਲੋ ਨਾਮਧਾਰੀਆਂ ਦੀਆਂ ਜਮੀਨਾਂ ਅਤੇ ਜਾਇਦਾਦਾਂ ਜਪਤ ਕਰ ਲਈਆਂ ਗਈਆਂ ਅਤੇ ਸਮੁੱਚੀ ਨਾਮਧਾਰੀ ਕੌਮ ਨੂੰ ਬਾਗੀ ਕਰਾਰ ਦੇ ਦਿੱਤਾ ਗਿਆ। ਕਈ ਨਾਮਧਾਰੀ ਸਿੰਘਾਂ ਨੂੰ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ ਅਤੇ ਕਈਆਂ ਨੂੰ ਸਮੁੰਦਰਾਂ ਵਿਚ ਡੋਬ ਕੇ ਮਾਰ ਦਿੱਤਾ ਗਿਆ। ਅੰਗਰੇਜ਼ਾਂ ਵੱਲੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਤੇ ਪ੍ਰਮੁੱਖ ਸੂਬਿਆਂ ਨੂੰ ਰੰਗੂਨ (ਬਰਮਾ) ਵਿਖੇ ਜਲਾਵਤਨ ਕਰ ਦਿੱਤਾ ਗਿਆ । ਸਮੁੱਚੀ ਨਾਮਧਾਰੀ ਕੌਮ 1857 ਤੋਂ ਲੈ ਕੇ 1947 ਤਕ (90 ਸਾਲ) ਜਦ ਤਕ ਦੇਸ਼ ਅਜਾਦ ਨਹੀਂ ਹੋ ਗਿਆ ਉਦੋ ਤਕ ਅੰਗਰੇਜ਼ਾਂ ਖਿਲਾਫ ਲੜਦੀ ਰਹੀ ਅਤੇ ਅਖੀਰ ਸਮੂਹ ਦੇਸ਼ ਭਗਤਾਂ ਦੇ ਯਤਨਾਂ ਨਾਲ15 ਅਗਸਤ 1947 ਨੂੰ ਦੇਸ਼ ਅਜਾਦ ਕਰਵਾ ਲਿਆ ਗਿਆ। ਨਾਮਧਾਰੀ ਸਾਹਿਬ ਵੱਲੋ ਦੱਸਿਆ ਗਿਆ ਕਿ ਭਾਰਤ ਸਰਕਾਰ ਵੱਲੋ ਸਾਲ 2016 ਵਿਚ ਫੈਸਲਾ ਲਿਆ ਗਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਪੁਰਬ ਕੌਮੀ ਪੱਧਰ ਤੇ ਮਨਾਇਆ ਜਾਵੇਗਾ । ਇਸ ਸਬੰਧੀ ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਇਕ ਹਾਈ ਪਾਵਰ ਕਮੇਟੀ Nic (National implementation Committee) ਗਠਿਤ ਕੀਤੀ ਗਈ ਸੀ । ਇਸ ਕਮੇਟੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ 200 ਰੁਪਏ ਦਾ ਯਾਦਗਾਰੀ ਸਿੱਕਾ ਅਤੇ 10 ਰੁਪਏ ਦਾ ਕਰੰਸੀ ਸਿੱਕਾ ਜਾਰੀ ਕੀਤਾ ਜਾਵੇਗਾ ।

ਹੁਣ ਸਾਨੂੰ ਕੇਂਦਰ ਸਰਕਾਰ ਵੱਲੋਂ ਜਾਰੀ ਪੱਤਰ ਨੰਬਰ sPMcL/Mint/10/Ram Singh JiJ4178 imqI 17.10.2019 ਰਾਹੀਂ ਦੱਸਿਆ ਗਿਆ ਹੈ ਕਿ ਇਹ ਸਿੱਕੇ ਬਣ ਕੇ ਤਿਆਰ ਹੋ ਚੁੱਕੇ ਹਨ ਅਤੇ ਇਹਨਾਂ ਨੂੰ ਮਾਨਯੋਗ ਪ੍ਰਧਾਨ ਮੰਤਰੀ ਜੀ ਤੋ ਰਲੀਜ਼ ਕਰਵਾਉਣ ਲਈ ਕੇਂਦਰ ਸਰਕਾਰ ਦੇ ਸਭਿਆਚਾਰਕ ਮੰਤਰਾਲੇ ਨੂੰ ਅਗਲੇਰੀ ਕਾਰਵਾਈ ਲਈ ਭੇਜ ਦਿੱਤੇ ਗਏ ਹਨ। ਪੱਤਰ ਦੀ ਕਾਪੀ ਅਤੇ ਸਿੱਕਿਆਂ ਦੇ ਡਿਜ਼ਾਈਨ ਆਪਜੀ ਦੀ ਜਾਣਕਾਰੀ ਲਈ ਨਾਲ ਨੱਥੀ ਹਨ । ਜਿਹੜਾ 200 ਰੁਪਏ ਦਾ ਯਾਦਗਾਰੀ ਸਿੱਕਾ ਹੈ ਉਸਦੀ ਅੰਦਾਜ਼ਨ ਕੀਮਤ 3150 ਰੁਪਏ ਰੱਖੀ ਗਈ ਹੈ । ਇਸ ਤੋ ਇਲਾਵਾ 10 ਰੁਪਏ ਦਾ ਕਰੰਸੀ ਸਿੱਕਾ 10 ਰੁਪਏ ਵਿਚ ਹੀ ਪ੍ਰਾਪਤ ਹੋਵੇਗਾ ।

ਟ੍ਰਸਟ ਵੱਲੋ ਇਸ ਸਬੰਧੀ ਸ੍ਰੀ ਨਰਿੰਦਰ ਮੋਦੀ, ਮਾਨਯੋਗ ਪ੍ਰਧਾਨ ਮੰਤਰੀ ਜੀ ਦਾ ਬਹੁਤ-ਬਹੁਤ ਧੰਨਵਾਦ ਕੀਤਾ ਗਿਆ ਅਤੇ ਇਹਨਾਂ ਸਿੱਕਿਆਂ ਨੂੰ ਮਾਨਯੋਗ ਪ੍ਰਧਾਨ ਮੰਤਰੀ ਜੀ ਤੋ ਇਕ ਸਪੈਸ਼ਲ ਫੰਕਸ਼ਨ ਵਿਚ ਰਲੀਜ਼ ਕਰਵਾਉਣ ਲਈ ਬੇਨਤੀ ਕੀਤੀ ਗਈ ।

- ਅਜੀਤ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

ਕੇਂਦਰ ਸਰਕਾਰ ਵੱਲੋਂ 200 ਰੁਪਏ ਦਾ ਯਾਦਗਾਰੀ ਸਿੱਕਾ ਅਤੇ 10 ਰੁਪਏ ਦਾ ਸਰਕੁਲੇਸ਼ਨ ਸਿੱਕਾ ਜੋ ਰਿਲੀਜ਼ ਕੀਤਾ ਜਾਵੇਗਾ।

Reverse

Actual Size

Obverse

Rupees 200
Dia : 44 mm, Weight : 35 grams
Material : Quaternary Alloy

Reverse

Actual Size

Obverse

Rupees 10
Dia : 27 mm, Weight : 7.71 grams
Material : Bi-Metallic

ਸੱਤਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ, 28-29 ਨਵੰਬਰ 2018 ਦੀਆਂ ਯਾਦਗਾਰੀ ਤਸਵੀਰਾਂ

Sri Satguru Jagjit Singh Ji Elibrary NamdhariElibrary@gmail

Date of Publication: 2-12-2019,
Date of Posting: 3-4 Dec. 2019

RNI NO. 55658/93 Delhi Postal Regd. No. DL(W) 01/2055/18-20

ਸੁਲਤਾਨਪੁਰ ਲੋਧੀ ਗੁਰਧਾਮ ਯਾਤਰਾ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.

Sri Satguru Jagjit Singh Ji Elibrary NamdhariElibrary@gmail.com